ਸ਼ਨੀਵਾਰ, 6 ਜਨਵਰੀ, 2024
22 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 217

# ਨਵਾਂ ਜ਼ਮਾਨਾ

DAILY NAWAN ZAMANA • SATURDAY, 6 JANUARY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

# ਬੰਗਾਲ 'ਚ ਈ ਡੀ ਦੀ ਟੀਮ 'ਤੇ ਹਮਲਾ

**ਕੋਲਕਾਤਾ** : ਪੱਛਮੀ ਬੰਗਾਲ ਦੇ ਸਾਊਥ 24 ਪਰਗਨਾ ਜ਼ਿਲ੍ਹੇ ਵਿਚ ਸ਼ੁੱਕਰਵਾਰ ਭੀੜ ਨੇ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਤੇ ਸੀ ਆਰ ਪੀ ਐੱਫ ਦੀ ਟੀਮ 'ਤੇ ਹਮਲਾ ਕਰ ਦਿੱਤਾ। ਕਰੀਬ 200 ਮਰਦਾਂ ਤੇ ਔਰਤਾਂ ਨੇ ਦੋ ਗੱਡੀਆਂ ਭੰਨ ਦਿੱਤੀਆਂ। ਈ ਡੀ ਦੇ ਕੁਝ ਅਫਸਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਲਿਜਾਣਾ ਪਿਆ। ਈ ਡੀ ਨੇ ਰਾਸ਼ਨ ਘੁਟਾਲਾ ਮਾਮਲੇ ਵਿਚ ਸੂਬੇ ਦੇ 15 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਟੀਮ ਸਾਊਥ 24 ਪਰਗਨਾ ਜ਼ਿਲ੍ਹੇ ਦੇ ਸੰਦੇਸ਼ਖਲੀ ਪਿੰਡ ਵਿਚ ਤ੍ਰਿਣਮੂਲ ਕਾਂਗਰਸ ਦੇ ਆਗੂ ਸ਼ੇਖ ਸ਼ਾਹਜਹਾਂ ਤੇ ਬੋਂਗਾਂਵ ਨਗਰਪਾਲਿਕਾ ਦੇ ਸਾਬਕਾ ਪ੍ਰਧਾਨ ਸ਼ੰਕਰ ਆਧਿਆ ਦੇ ਘਰ ਛਾਪਾ ਮਾਰਨ ਪੁੱਜੀ ਤਾਂ ਉਨ੍ਹਾਂ ਦੇ ਹਮਾਇਤੀਆਂ ਨੇ ਘੇਰ ਲਿਆ ਤੇ ਹਮਲਾ ਕਰ ਦਿੱਤਾ। ਸ਼ੇਖ ਸ਼ਾਹਜਹਾਂ ਜ਼ਿਲ੍ਹਾ ਪ੍ਰੀਸ਼ਦ ਵਿਚ ਮੱਛੀ ਤੇ ਪਸ਼ੂ ਵਸੀਲਾ ਅਧਿਕਾਰੀ ਹੋਣ ਦੇ ਨਾਲ-ਨਾਲ ਸੰਦੇਸ਼ਖਾਲੀ ਬਲਾਕ ਦੇ ਪਾਰਟੀ ਪ੍ਰਧਾਨ ਵੀ ਹਨ। ਉਹ ਵਣ ਮੰਤਰੀ ਜਿਓਤੀਪ੍ਰਿਅ ਮਲਿਕ ਦੇ ਕਰੀਬੀ ਹਨ, ਜਿਹੜੇ ਰਾਸ਼ਨ ਘੁਟਾਲੇ ਵਿਚ ਜੇਲ੍ਹ 'ਚ ਬੰਦ ਹਨ। ਟੀਮ 'ਤੇ ਉਦੋਂ ਹਮਲਾ ਹੋਇਆ, ਜਦੋਂ ਉਹ ਸ਼ਾਹਜਹਾਂ ਦੇ ਘਰ ਦਾ ਤਾਲਾ ਤੋੜ ਰਹੀ ਸੀ। ਟੀਮ ਨੇ ਸ਼ਾਹਜਹਾਂ ਨੂੰ ਕਈ ਵਾਰ ਫੋਨ ਕਰਕੇ ਆਉਣ ਲਈ ਕਿਹਾ ਸੀ, ਪਰ ਉਹ ਨਹੀਂ ਆਏ। ਜ਼ਿਲ੍ਹੇ ਦੇ ਐੱਸ ਪੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਨ੍ਹਾ ਵੀ ਗੱਲ ਨਹੀਂ ਕੀਤੀ। ਰਾਜਪਾਲ ਸੀ ਵੀ ਆਨੰਦ ਨੇ ਘਟਨਾ ਦੀ ਜਾਣਕਾਰੀ ਮਿਲਣ 'ਤੇ ਗ੍ਰਹਿ ਸਕੱਤਰ ਤੇ ਡੀ ਜੀ ਪੀ ਨੂੰ ਤਲਬ ਕਰ ਲਿਆ। ਉਨ੍ਹਾ ਕਿਹਾ ਕਿ ਜੇ ਕੋਈ ਸਰਕਾਰ ਆਪਣੇ ਬੁਨਿਆਦੀ ਫਰਜ਼ ਨੂੰ ਨਿਭਾਉਣ ਵਿਚ ਨਾਕਾਮ ਰਹਿੰਦੀ ਹੈ ਤਾਂ ਭਾਰਤ ਦਾ ਸੰਵਿਧਾਨ ਆਪਣਾ ਕੰਮ ਕਰੇਗਾ। ਸੂਬੇ ਵਿਚ ਆਪੋਜ਼ੀਸ਼ਨ ਦੇ ਆਗੂ ਸੁਵੇਂਦੂ ਅਧਿਕਾਰੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਹਮਲੇ ਦੀ ਐੱਨ ਆਈ ਏ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਭਾਜਪਾ ਦੇ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਹੈ ਕਿ ਲੱਗਦਾ ਹੈ ਕਿ ਹਮਲਾ ਸਥਾਨਕ ਤ੍ਰਿਣਮੂਲ ਆਗੂਆਂ ਦੀ ਸਰਪ੍ਰਸਤੀ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੇ ਕੀਤਾ ਹੈ। ਮਮਤਾ ਸਰਕਾਰ ਦਾ ਜਾਰੀ ਰਹਿਣਾ ਕੌਮੀ ਸੁਰੱਖਿਆ ਲਈ ਖਤਰਾ ਬਣ ਗਿਆ ਹੈ। ਕਾਂਗਰਸ ਦੇ ਲੋਕ ਸਭਾ ਵਿਚ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਈ ਡੀ ਅਧਿਕਾਰੀਆਂ 'ਤੇ ਸਰਕਾਰੀ ਗੁੰਡਿਆਂ ਦਾ ਹਮਲਾ ਦੱਸਦਾ ਹੈ ਕਿ ਸੂਬੇ ਵਿਚ ਅਮਨ-ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ ਰਹੀ। ਅੱਜ ਈ ਡੀ ਵਾਲੇ ਜ਼ਖਮੀ ਹੋਏ ਹਨ, ਭਲਕੇ ਉਨ੍ਹਾਂ ਦੀ ਹੱਤਿਆ ਕੀਤੀ ਜਾ ਸਕਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।



## ਚੋਣ ਕਮਿਸ਼ਨ ਵੱਲੋਂ ਵੋਟਿੰਗ ਮਸ਼ੀਨਾਂ ਬਾਰੇ ਕਿੰਤੂ ਰੱਦ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਕਾਂਗਰਸ ਆਗੂ ਜੈਰਾਮ ਰਮੇਸ਼ ਵੱਲੋਂ ਵੀ ਵੀ ਪੈਟ ਬਾਰੇ ਪ੍ਰਗਟਾਈਆਂ ਗਈਆਂ ਚਿੰਤਾਵਾਂ ਨੂੰ ਸ਼ੁੱਕਰਵਾਰ ਰੱਦ ਕਰਦਿਆਂ ਕਿਹਾ ਕਿ ਉਨ੍ਹਾ ਅਜਿਹਾ ਕੋਈ ਦਾਅਵਾ ਪੇਸ਼ ਨਹੀਂ ਕੀਤਾ, ਜਿਸ ਬਾਰੇ ਸਪੱਸ਼ਟੀਕਰਨ ਦੇਣ ਦੀ ਲੋੜ ਹੋਵੇ। ਇਸ ਦੇ ਨਾਲ ਹੀ ਕਮਿਸ਼ਨ ਨੇ ਕਿਹਾ ਕਿ ਈ ਵੀ ਐੱਮ ਨਾਲ ਵੋਟਿੰਗ ਸਮੇਂ ਪੇਪਰ ਸਲਿੱਪਾਂ ਕੱਢਣ ਵਾਲਾ ਸਭ ਤੋਂ ਪੁਰਾਣੀ ਪਾਰਟੀ (ਕਾਂਗਰਸ) ਦੀ ਅਗਵਾਈ ਵਾਲੀ ਸਰਕਾਰ ਨੇ ਹੀ 2013 ਵਿਚ ਲਾਗੂ ਕੀਤਾ ਸੀ। ਕਮਿਸ਼ਨ ਦੇ ਪ੍ਰਿੰਸੀਪਲ ਸਕੱਤਰ ਪ੍ਰਮੋਦ ਕੁਮਾਰ ਸ਼ਰਮਾ ਨੇ ਰਮੇਸ਼ ਨੂੰ ਘੱਲੇ ਜਵਾਬ ਵਿਚ ਇਹ ਵੀ ਕਿਹਾ ਹੈ ਕਿ ਕਮਿਸ਼ਨ ਨੂੰ ਈ ਵੀ ਐੱਮ ਦੀ ਵਰਤੋਂ ਵਿਚ ਪੂਰਨ ਭਰੋਸਾ ਹੈ। ਉਨ੍ਹਾ ਕਿਹਾ ਹੈ ਕਿ ਵੀ ਵੀ ਪੈਟ ਦੀ ਸ਼ੁਰੂਆਤ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ 14 ਅਗਸਤ 2013 ਵਿਚ ਕੀਤੀ ਸੀ। ਰਮੇਸ਼ ਨੇ 30 ਦਸੰਬਰ ਨੂੰ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ 'ਇੰਡੀਆ' ਗੱਠਜੋੜ ਦਾ ਵਫਦ ਵੀ ਵੀ ਪੈਟ ਸਲਿੱਪਾਂ ਬਾਰੇ ਆਪਣੇ ਵਿਚਾਰ ਦੇਣ ਲਈ ਮਿਲਣਾ ਚਾਹੁੰਦਾ ਹੈ। ਆਪੋਜ਼ੀਸ਼ਨ ਪਾਰਟੀਆਂ ਨੇ 19 ਦਸੰਬਰ ਦੀ ਆਪਣੀ ਮੀਟਿੰਗ ਵਿਚ ਈ ਵੀ ਐੱਮ ਮਸ਼ੀਨਾਂ ਦੇ ਕੰਮ ਕਰਨ ਬਾਰੇ ਸ਼ੱਕ ਪ੍ਰਗਟਾਉਂਦਿਆਂ ਕਿਹਾ ਸੀ ਕਿ ਵੀ ਵੀ ਪੈਟ ਸਲਿੱਪਾਂ ਵੋਟਰਾਂ ਨੂੰ ਦਿੱਤੀਆਂ ਜਾਣ, ਜਿਨ੍ਹਾਂ ਨੂੰ ਉਹ ਵੱਖਰੇ ਬਕਸੇ ਵਿਚ ਪਾ ਸਕਣ।



ਆਪੋਜ਼ੀਸ਼ਨ ਗੱਠਜੋੜ ਨੇ ਸਲਿੱਪਾਂ ਤੇ ਵੋਟਿੰਗ ਮਸ਼ੀਨਾਂ ਦੇ ਦੱਬੇ ਗਏ ਬਟਨਾਂ ਦੇ 100 ਫੀਸਦੀ ਮਿਲਾਨ ਦੀ ਮੰਗ ਵੀ ਕੀਤੀ ਸੀ।

### ਛੇ ਵਿੱਚੋਂ ਪੰਜ ਮੁਲਜ਼ਮ ਪੋਲੀਗ੍ਰਾਫ ਟੈਸਟ ਕਰਾਉਣ ਲਈ ਰਾਜ਼ੀ

**ਨਵੀਂ ਦਿੱਲੀ** : ਸੰਸਦ ਦੀ ਸੁਰੱਖਿਆ 'ਚ ਸੰਨ੍ਹ ਦੇ ਮਾਮਲੇ ਵਿੱਚ ਗ੍ਰਿਫਤਾਰ ਛੇ ਮੁਲਜ਼ਮਾਂ ਵਿੱਚੋਂ ਪੰਜ ਨੇ ਸ਼ੁੱਕਰਵਾਰ ਇੱਥੇ ਅਦਾਲਤ ਵਿੱਚ ਆਪਣਾ ਪੋਲੀਗ੍ਰਾਫ ਟੈਸਟ ਕਰਵਾਉਣ ਲਈ ਸਹਿਮਤੀ ਦੇ ਦਿੱਤੀ। ਇਸੇ ਦੌਰਾਨ ਐਡੀਸ਼ਨਲ ਸੈਸ਼ਨ ਜੱਜ ਹਰਦੀਪ ਕੌਰ ਨੇ ਸਾਰੇ ਮੁਲਜ਼ਮਾਂ ਮਨੋਰੰਜਨ ਡੀ, ਸਾਗਰ ਸ਼ਰਮਾ, ਅਮੋਲ ਧਨਰਾਜ ਸ਼ਿੰਦੇ, ਨੀਲਮ ਆਜ਼ਾਦ, ਲਲਿਤ ਝਾਅ ਅਤੇ ਮਹੇਸ਼ ਕੁਮਾਵਤ ਦੇ ਪੁਲਸ ਰਿਮਾਂਡ 'ਚ ਅੱਠ ਦਿਨ ਦਾ ਹੋਰ ਵਾਧਾ ਕਰ ਦਿੱਤਾ। ਆਜ਼ਾਦ ਨੂੰ ਛੱਡ ਕੇ ਬਾਕੀ ਮੁਲਜ਼ਮਾਂ ਨੇ ਟੈਸਟ ਲਈ ਆਪਣੀ ਸਹਿਮਤੀ ਦਿੱਤੀ।

### ਅਮਰੀਕਾ 'ਚ ਮੰਦਰ 'ਚ ਖਾਲਿਸਤਾਨੀ ਨਾਅਰੇ

**ਸਾਨ ਫਰਾਂਸਿਸਕੋ** : ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿਚ ਪ੍ਰਮੁੱਖ ਮੰਦਰ ਵਿਚ ਭੰਨਤੋੜ ਤੋਂ ਦੋ ਹਫਤੇ ਬਾਅਦ ਸੂਬੇ ਦੇ ਇਕ ਹੋਰ ਹਿੰਦੂ ਮੰਦਰ ਵਿਚ ਖਾਲਿਸਤਾਨ ਪੱਖੀ ਨਾਅਰੇ ਲਿਖ ਕੇ ਬੇਅਦਬੀ ਕੀਤੀ ਗਈ ਹੈ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਕਿਹਾ ਕਿ ਅਣਪਛਾਤਿਆਂ ਨੇ ਬਾਊ ਖੇਤਰ ਦੇ ਹੇਵਰਡ 'ਚ 'ਵਿਜਯਾ ਸ਼ੇਰਾਂਵਲੀ ਮੰਦਰ' ਦੀਆਂ ਕੰਧਾਂ 'ਤੇ ਖਾਲਿਸਤਾਨੀ ਪੱਖੀ ਨਾਅਰੇ ਲਿਖੇ।

### ਬਿੱਲੀ ਦਾ ਸਸਕਾਰ ਕਰਨ 'ਤੇ ਕੇਸ

**ਠਾਣੇ** : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਮੀਰਾ ਭਾਯੰਦਰ ਦੇ ਸ਼ਮਸ਼ਾਨਘਾਟ ਵਿੱਚ 22 ਦਸੰਬਰ ਨੂੰ ਬਿੱਲੀ ਦਾ ਸਸਕਾਰ ਕਰਨ ਦੇ ਦੋਸ਼ ਵਿੱਚ ਔਰਤ ਸਮੇਤ ਛੇ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਇਸ ਦੀ ਸੂਚਨਾ ਮੀਰਾ ਭਾਯੰਦਰ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਦਿੱਤੀ ਗਈ ਸੀ, ਜਿਸ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਗਿਆ।

### ਜਥੇਦਾਰ ਨੰਦਗੜ੍ਹ ਦਾ ਦੇਹਾਂਤ



**ਬਠਿੰਡਾ** : ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ (80) ਦਾ ਸ਼ੁੱਕਰਵਾਰ ਸਵੇਰੇ ਦੇਹਾਂਤ ਹੋ ਗਿਆ। ਉਹ ਮਾਰਚ 2003 ਤੋਂ ਜਨਵਰੀ 2015 ਤੱਕ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਰਹੇ। ਅੱਜਕੱਲ੍ਹ ਉਹ ਆਪਣੇ ਪੁੱਤਰ ਸ਼ਿਵਰਾਜ ਸਿੰਘ ਜੇਲ੍ਹ ਸੁਪਰਡੈਂਟ ਕੋਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 'ਚ ਰਹਿ ਰਹੇ ਸਨ। ਉਹ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ।

### ਦਹਿਸ਼ਤਗਰਦ ਹਲਾਕ

**ਸ੍ਰੀਨਗਰ** : ਸ਼ੋਪੀਆਂ ਜ਼ਿਲ੍ਹੇ 'ਚ ਸ਼ੁੱਕਰਵਾਰ ਮੁਕਾਬਲੇ ਵਿੱਚ ਲਸ਼ਕਰ-ਏ-ਤਈਬਾ ਦਾ ਦਹਿਸ਼ਤਗਰਦ ਬਿਲਾਲ ਅਹਿਮਦ ਭੱਟ ਮਾਰਿਆ ਗਿਆ। ਮੌਕੇ ਤੋਂ ਇਕ ਏ ਕੇ ਰਾਈਫਲ, ਤਿੰਨ ਮੈਗਜ਼ੀਨ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ। ਚੋਟੀਗਾਮ ਇਲਾਕੇ 'ਚ ਦਹਿਸ਼ਤਗਰਦਾਂ ਦੀ ਮੌਜੂਦਗੀ ਦੀ ਖੁਫੀਆ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਸਵੇਰੇ ਇਲਾਕੇ ਨੂੰ ਘੇਰ ਲਿਆ ਸੀ ਤੇ ਤਲਾਸ਼ੀ ਮੁਹਿੰਮ ਉਸ ਸਮੇਂ ਮੁਕਾਬਲੇ 'ਚ ਬਦਲ ਗਈ ਜਦੋਂ ਦਹਿਸ਼ਤਗਰਦਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

### ਸੀ ਬੀ ਆਈ ਜਾਂਚ ਦੇ ਹੁਕਮ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰਾਲੇ ਨੇ ਦਿੱਲੀ ਦੇ ਸਰਕਾਰੀ ਹਸਪਤਾਲਾਂ ਵਿੱਚ ਕਥਿਤ ਘਟੀਆ ਦਵਾਈਆਂ ਦੀ ਸਪਲਾਈ ਦੇ ਮਾਮਲੇ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿੱਤੇ ਹਨ। ਦਸੰਬਰ ਵਿੱਚ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਗ੍ਰਹਿ ਮੰਤਰਾਲੇ ਨੂੰ ਮਾਮਲੇ ਦੀ ਸੀ ਬੀ ਆਈ ਜਾਂਚ ਦੀ ਸਿਫਾਰਸ਼ ਕੀਤੀ ਸੀ।

### ਅਮਰੀਕਾ 'ਚ ਵਿਦਿਆਰਥੀ ਨੇ ਗੋਲੀਆਂ ਚਲਾਈਆਂ

**ਪੈਰੀ** : ਅਮਰੀਕਾ ਦੇ ਆਇਓਵਾ ਸੂਬੇ ਵਿਚ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਖੁੱਲ੍ਹਣ ਦੇ ਪਹਿਲੇ ਦਿਨ 17 ਸਾਲਾ ਵਿਦਿਆਰਥੀ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਵਿਚ ਛੇਵੀਂ ਜਮਾਤ ਦੇ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਪੰਜ ਜ਼ਖਮੀ ਹੋ ਗਏ। ਹਮਲਾਵਰ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਜ਼ਖਮੀਆਂ ਵਿੱਚ ਸਕੂਲ ਦਾ ਪ੍ਰਿੰਸੀਪਲ ਡੈਨ ਮਾਰਬਰਗਰ ਵੀ ਸ਼ਾਮਲ ਹੈ। ਹਮਲਾਵਰ ਦੀ ਪਛਾਣ 17 ਸਾਲਾ ਡਾਇਲਨ ਬਟਲਰ ਵਜੋਂ ਹੋਈ ਹੈ ਅਤੇ ਇਸ ਘਟਨਾ ਦੇ ਪਿੱਛੇ ਦਾ ਮਕਸਦ ਜਾਰੀ ਨਹੀਂ ਕੀਤਾ ਗਿਆ ਹੈ। ਉਸ ਦੇ ਦੋ ਦੋਸਤਾਂ ਅਤੇ ਮਾਂ ਨੇ ਕਿਹਾ ਕਿ ਬਟਲਰ ਸ਼ਾਂਤ ਸੁਭਾਅ ਦਾ ਸੀ, ਪਰ ਉਸ ਨੂੰ ਕਈ ਸਾਲਾਂ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ।

## 16 ਫਰਵਰੀ ਦੇ ਐਕਸ਼ਨ 'ਚ ਮਜ਼ਦੂਰ ਵੱਡੀ ਗਿਣਤੀ 'ਚ ਸ਼ਾਮਲ ਹੋਣ : ਅਮਰਜੀਤ ਕੌਰ

**ਲੁਧਿਆਣਾ (ਐੱਮ.ਐੱਸ. ਭਾਟੀਆ)**



ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੀ ਕੌਮੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਨੇ 26 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰ 'ਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਟਰੈਕਟਰ/ਵਾਹਨ ਪਰੇਡ ਲਈ ਦਿੱਤੇ ਗਏ ਸੱਦੇ ਦਾ ਸਮਰਥਨ ਕਰਦਿਆਂ ਵਰਕਰਾਂ ਨੂੰ ਆਪਣੇ ਵਾਹਨਾਂ ਨਾਲ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾ ਕਿਹਾ ਹੈ ਕਿ ਮਜ਼ਦੂਰ ਅਤੇ ਕਿਸਾਨ ਸਾਂਝੇ ਤੌਰ 'ਤੇ 10-20 ਜਨਵਰੀ ਨੂੰ ਪੂਰੇ ਭਾਰਤ ਦੇ ਪਿੰਡਾਂ ਵਿੱਚ ਘਰ-ਘਰ ਜਾ ਕੇ ਜਨ ਜਾਗਰਣ ਮੁਹਿੰਮ ਚਲਾ ਕੇ ਪਰਚੇ ਵੰਡਣਗੇ, ਮੰਗ ਪੱਤਰ ਵੰਡਣਗੇ ਅਤੇ ਸੰਘਰਸ਼ਾਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਯਕੀਨੀ ਬਣਾਉਣਗੇ।

ਉਨ੍ਹਾ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਲੋਕਾਂ ਦੇ ਹੋਰ ਸਾਰੇ ਵਰਗਾਂ ਨੂੰ ਲੋਕ-ਵਿਰੋਧੀ, ਦੇਸ਼-ਵਿਰੋਧੀ ਤਾਨਾਸ਼ਾਹੀ ਨੀਤੀਆਂ ਦਾ ਵਿਰੋਧ ਕਰਨ ਅਤੇ ਹਰਾਉਣ ਲਈ ਇਸ ਵਿਸ਼ਾਲ ਲੋਕ ਅੰਦੋਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਹਾਲਾਂਕਿ ਹੜਤਾਲਾਂ ਸਮੇਤ ਵੱਖ-ਵੱਖ ਸੈਕਟਰਾਂ 'ਚ ਅੰਦੋਲਨ ਚੱਲ ਰਹੇ ਹਨ। ਉਨ੍ਹਾਂ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਅੰਦੋਲਨਾਂ ਨੂੰ 16 ਫਰਵਰੀ ਦੇ ਰਾਸ਼ਟਰ ਵਿਆਪੀ ਪ੍ਰੋਗਰਾਮ ਨਾਲ ਜੋੜਨ।

ਉਨ੍ਹਾ ਵਿਦਿਆਰਥੀਆਂ, ਨੌਜਵਾਨਾਂ, ਅਧਿਆਪਕਾਂ, ਔਰਤਾਂ, ਸਮਾਜਿਕ ਅੰਦੋਲਨਾਂ ਅਤੇ ਕਲਾ, ਸੱਭਿਆਚਾਰਕ ਸਾਹਿਤ ਦੇ ਖੇਤਰ ਨਾਲ ਜੁੜੇ ਸਾਰੇ ਸਮਾਨ ਸੋਚ ਵਾਲੇ ਅੰਦੋਲਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਪਲੇਟਫਾਰਮ ਦੀਆਂ ਸਾਂਝੀਆਂ ਮੁਹਿੰਮਾਂ ਅਤੇ ਕਾਰਵਾਈਆਂ ਨੂੰ ਸਮਰਥਨ ਦੇਣ। ਕਾਰਪੋਰੇਟ-ਫਿਰਕੂ ਗਠਜੋੜ ਦੀਆਂ ਵਿਨਾਸ਼ਕਾਰੀ, ਵੰਡੀਆਂ ਪਾਉਣ ਵਾਲੀਆਂ ਅਤੇ ਤਾਨਾਸ਼ਾਹੀ ਨੀਤੀਆਂ ਦਾ ਵਿਰੋਧ ਕਰਨ ਅਤੇ ਉਨ੍ਹਾਂ ਨੂੰ ਫੈਸਲਾਕੁੰਨ ਤੌਰ 'ਤੇ ਹਰਾਉਣ ਅਤੇ ਉਨ੍ਹਾਂ ਦੀ ਥਾਂ ਮਜ਼ਦੂਰ-ਪੱਖੀ, ਕਿਸਾਨ-ਪੱਖੀ, ਲੋਕ-ਪੱਖੀ ਨੀਤੀਆਂ ਲਿਆਉਣ।

ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਾਂਝੀਆਂ ਮੰਗਾਂ ਹਨ-ਸਾਰੀਆਂ ਫਸਲਾਂ ਲਈ ਐੱਮ.ਐੱਸ.ਪੀ 'ਤੇ ਗਾਰੰਟੀਸ਼ੁਦਾ ਖਰੀਦ, ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ 26,000 ਰੁਪਏ ਪ੍ਰਤੀ ਮਹੀਨਾ, ਕਰਜ਼ੇ ਤੋਂ ਮੁਕਤੀ ਲਈ ਛੋਟੇ ਅਤੇ ਦਰਮਿਆਨੇ ਕਿਸਾਨ ਪਰਵਾਰਾਂ ਲਈ ਵਿਆਪਕ ਕਰਜ਼ਾ ਮੁਆਫੀ, 4 ਲੇਬਰ ਕੋਡਾਂ ਨੂੰ ਰੱਦ ਕਰਨਾ, ਰੁਜ਼ਗਾਰ ਦਾ ਗਾਰੰਟੀਸ਼ੁਦਾ ਬੁਨਿਆਦੀ ਅਧਿਕਾਰ, ਰੇਲਵੇ, ਰੱਖਿਆ, ਬਿਜਲੀ ਸਮੇਤ ਜਨਤਕ ਖੇਤਰ ਦੇ ਅਦਾਰੇ ਦਾ ਕੋਈ ਨਿੱਜੀਕਰਨ ਨਹੀਂ, ਨੌਕਰੀਆਂ ਦਾ ਕੋਈ ਠੇਕਾ ਨਹੀਂ, ਪ੍ਰਤੀ ਵਿਅਕਤੀ ਪ੍ਰਤੀ ਸਾਲ 200 ਦਿਨਾਂ ਦੇ ਕੰਮ ਨਾਲ ਮਨਰੇਗਾ ਨੂੰ ਮਜ਼ਬੂਤ ਕਰਨਾ ਅਤੇ 600 ਰੁਪਏ ਦਿਹਾੜੀ, ਭੂਮੀ ਗ੍ਰਹਿਣ, ਪੁਨਰਵਾਸ ਅਤੇ ਪੁਨਰਵਾਸ ਐਕਟ, 2013 ਵਿੱਚ ਨਿਰਪੱਖ ਮੁਆਵਜ਼ੇ ਅਤੇ ਪਾਰਦਰਸ਼ਤਾ ਦੇ ਅਧਿਕਾਰ ਨੂੰ ਲਾਗੂ ਕਰਨਾ।

ਉਨ੍ਹਾ ਸਾਰੀਆਂ ਧਰਮ ਨਿਰਪੱਖ ਅਤੇ ਜਮਹੂਰੀ ਸ਼ਕਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਵਿਧਾਨ, ਲੋਕਤੰਤਰ ਅਤੇ ਦੇਸ਼ ਨੂੰ ਬਚਾਉਣ ਲਈ ਇਸ ਸੰਘਰਸ਼ ਦਾ ਸਮਰਥਨ ਕਰਨ।

### 'ਆਪ' ਨੇ ਸਵਾਤੀ ਨੂੰ ਰਾਜ ਸਭਾ ਲਈ ਉਮੀਦਵਾਰ ਐਲਾਨਿਆ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਨੇ 19 ਜਨਵਰੀ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਲਈ ਸ਼ੁੱਕਰਵਾਰ ਆਪਣੇ ਤਿੰਨ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੂੰ ਪਹਿਲੀ ਵਾਰ ਨਾਮਜ਼ਦ ਕੀਤਾ ਗਿਆ ਹੈ। ਸੰਜੇ ਸਿੰਘ ਤੇ ਐੱਨ ਡੀ ਗੁਪਤਾ ਨੂੰ ਮੁੜ ਉਮੀਦਵਾਰ ਬਣਾਇਆ ਗਿਆ ਹੈ ਜਦਕਿ ਸੁਸ਼ੀਲ ਕੁਮਾਰ ਗੁਪਤਾ ਨੂੰ ਇਸ ਕਰਕੇ ਮੁੜ ਉਮੀਦਵਾਰ ਨਹੀਂ ਬਣਾਇਆ ਗਿਆ, ਕਿਉਂਕਿ ਉਹ ਹਰਿਆਣਾ ਦੀ ਸਿਆਸਤ ਵਿਚ ਸਰਗਰਮ ਰਹਿਣਾ ਚਾਹੁੰਦੇ ਹਨ। ਉਹ ਹਰਿਆਣਾ ਵਿਚ ਪਾਰਟੀ ਦੇ ਪ੍ਰਧਾਨ ਹਨ।



### ਵਿਦੇਸ਼ੀ ਹਥਿਆਰ, ਮਾਇਆ ਤੇ 100 ਤੋਂ ਵੱਧ ਬੋਤਲਾਂ ਬਰਾਮਦ

**ਚੰਡੀਗੜ੍ਹ** : ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਾਬਕਾ ਵਿਧਾਇਕ ਦਿਲਬਾਗ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਛਾਪੇਮਾਰੀ ਦੌਰਾਨ ਵਿਦੇਸ਼ੀ ਹਥਿਆਰ, ਕਰੀਬ 300 ਕਾਰਤੂਸ, 5 ਕਰੋੜ ਰੁਪਏ, ਚਾਰ-ਪੰਜ ਕਿੱਲੋ ਸੋਨਾ, ਦੇਸ਼-ਵਿਦੇਸ਼ ਵਿੱਚ ਜਾਇਦਾਦਾਂ ਨਾਲ ਸੰਬੰਧਤ ਦਸਤਾਵੇਜ਼ ਅਤੇ 100 ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਬਰਾਮਦ ਕੀਤੀਆਂ ਹਨ। ਕੇਂਦਰੀ ਜਾਂਚ ਏਜੰਸੀ ਨੇ ਵੀਰਵਾਰ ਨੂੰ ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ 'ਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਸਾਬਕਾ ਵਿਧਾਇਕ ਦਿਲਬਾਗ ਸਿੰਘ ਅਤੇ ਸੋਨੀਪਤ ਤੋਂ ਕਾਂਗਰਸ ਦੇ ਵਿਧਾਇਕ ਸੁਰਿੰਦਰ ਪੰਵਾਰ 'ਤੇ ਛਾਪੇਮਾਰੀ ਕੀਤੀ ਸੀ।



## ਦਾਊਦ ਪਰਵਾਰ ਦੀਆਂ ਦੋ ਜਾਇਦਾਦਾਂ ਨੀਲਾਮ

**ਮੁੰਬਈ** : ਭਗੌੜੇ ਗੈਂਗਸਟਰ ਦਾਊਦ ਇਬਰਾਹਿਮ ਦੇ ਪਰਿਵਾਰਕ ਮੈਂਬਰਾਂ ਦੀਆਂ ਦੋ ਜਾਇਦਾਦਾਂ ਸ਼ੁੱਕਰਵਾਰ ਇੱਥੇ ਸਮੱਗਲਰ ਐਂਡ ਫਾਰੇਨ ਐਕਸਚੇਂਜ ਮੈਨੀਪੁਲੇਟਰਸ (ਜਾਇਦਾਦ ਜ਼ਬਤ) ਐਕਟ ਦੇ ਤਹਿਤ ਨੀਲਾਮੀ ਵਿੱਚ ਵੇਚ ਦਿੱਤੀਆਂ ਗਈਆਂ।ਮਹਾਰਾਸ਼ਟਰ ਦੇ ਤੱਟਵਰਤੀ ਰਤਨਾਗਿਰੀ ਜ਼ਿਲ੍ਹੇ ਦੀ ਖੇੜ ਤਹਿਸੀਲ ਦੇ ਮੁੰਬਕੇ ਪਿੰਡ ਵਿੱਚ ਸਥਿਤ ਕੁੱਲ ਚਾਰ ਜਾਇਦਾਦਾਂ ਨੀਲਾਮੀ ਵਿੱਚ ਉਪਲਬਧ ਸਨ ਪਰ ਉਨ੍ਹਾਂ ਵਿੱਚੋਂ ਦੋ ਲਈ ਕੋਈ ਬੋਲੀ ਪ੍ਰਾਪਤ ਨਹੀਂ ਹੋਈ। ਹੋਰ ਦੋ ਸੰਪਤੀਆਂ ਲਈ ਕ੍ਰਮਵਾਰ ਚਾਰ ਅਤੇ ਤਿੰਨ ਬੋਲੀਕਾਰ ਪ੍ਰਾਪਤ ਹੋਏ। ਦੋਵਾਂ ਲਈ ਇੱਕ ਹੀ ਵਿਅਕਤੀ ਸਫਲ ਬੋਲੀਕਾਰ ਵਜੋਂ ਉਭਰਿਆ। ਇੱਕ ਜਾਇਦਾਦ, 170.98 ਵਰਗ ਗਜ਼ ਦੀ ਖੇਤੀ ਵਾਲੀ ਜ਼ਮੀਨ ਦੀ 15,440 ਰੁਪਏ ਦੀ ਰਾਖਵੀਂ ਕੀਮਤ ਦੇ ਮੁਕਾਬਲੇ 2.01 ਕਰੋੜ ਰੁਪਏ ਦੀ ਸਭ ਤੋਂ ਵੱਧ ਬੋਲੀ ਪ੍ਰਾਪਤ ਹੋਈ। 1730 ਵਰਗ ਗਜ਼ ਦੀ ਖੇਤੀ ਵਾਲੀ ਜ਼ਮੀਨ ਦੀ ਰਾਖਵੀਂ ਕੀਮਤ 1,56,270 ਰੁਪਏ ਦੇ ਮੁਕਾਬਲੇ 3.28 ਲੱਖ ਰੁਪਏ ਦੀ ਸਭ ਤੋਂ ਵੱਧ ਬੋਲੀ ਲਗਾਈ ਗਈ।

ਸਫਲ ਬੋਲੀਕਾਰ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ। ਇਹ ਨੀਲਾਮੀ ਦੱਖਣੀ ਮੁੰਬਈ ਦੇ ਆਯਕਰ ਭਵਨ 'ਚ ਹੋਈ। 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿੱਚ ਲੋੜੀਂਦਾ ਮੁਲਜ਼ਮ ਦਾਊਦ ਪਾਕਿਸਤਾਨ ਵਿੱਚ ਰਹਿੰਦਾ ਮੰਨਿਆ ਜਾਂਦਾ ਹੈ।

### ਸੋਮਾਲੀਆ ਨੇੜੇ ਮਾਲਵਾਹਕ ਜਹਾਜ਼ ਅਗਵਾ

**ਨਵੀਂ ਦਿੱਲੀ** : ਲਾਇਬੇਰੀਆ ਦੇ ਝੰਡੇ ਵਾਲੇ ਮਾਲਵਾਹਕ ਜਹਾਜ਼ 'ਐਮ ਵੀ ਲੀਲਾ ਨੌਰਫੋਕ' ਨੂੰ ਵੀਰਵਾਰ ਦੇਰ ਸ਼ਾਮ ਸੋਮਾਲੀਆ ਦੇ ਤੱਟ ਨੇੜੇ ਹਥਿਆਰਬੰਦ 5-6 ਵਿਅਕਤੀਆਂ ਨੇ ਅਗਵਾ ਕਰ ਲਿਆ।

ਭਾਰਤੀ ਜਲ ਸੈਨਾ ਵੱਲੋਂ ਇਸ 'ਤੇ ਨਜ਼ਰ ਰੱਖੀ ਜਾ ਰਹੀ ਹੈ। ਸੈਨਾ ਨੇ ਜੰਗੀ ਬੇੜੇ ਨੂੰ ਅਗਵਾ ਜਹਾਜ਼ ਦੇ ਪਿੱਛੇ ਲਗਾ ਦਿੱਤਾ ਹੈ। ਅਗਵਾ ਕੀਤੇ ਜਹਾਜ਼ 'ਤੇ 15 ਭਾਰਤੀ ਸਵਾਰ ਹਨ ਅਤੇ ਚਾਲਕ ਦਲ ਨਾਲ ਗੱਲਬਾਤ ਕੀਤੀ ਜਾ ਰਹੀ ਹੈ।



### ਆਸਾਮ ਦੇ ਡਰਾਈਵਰ ਦੋ ਦਿਨਾ ਹੜਤਾਲ 'ਤੇ

**ਗੁਹਾਟੀ** : ਹਿੱਟ ਐਂਡ ਰਨ ਕੇਸਾਂ 'ਤੇ ਨਵੇਂ ਦੰਡ ਕਾਨੂੰਨ ਦੇ ਵਿਰੋਧ ਵਿੱਚ ਆਸਾਮ ਦੀਆਂ ਟਰਾਂਸਪੋਰਟਰ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ ਦੇ ਸੱਦੇ 'ਤੇ ਡਰਾਈਵਰ ਸ਼ੁੱਕਰਵਾਰ ਤੋਂ 48 ਘੰਟਿਆਂ ਦੀ ਹੜਤਾਲ 'ਤੇ ਚਲੇ ਗਏ। ਹੜਤਾਲ ਲਈ ਬੱਸਾਂ, ਕੈਬ ਅਤੇ ਆਟੋ, ਮਾਲ ਕੈਰੀਅਰ ਅਤੇ ਤੇਲ ਟੈਂਕਰਾਂ ਸਮੇਤ ਜਨਤਕ ਟਰਾਂਸਪੋਰਟ ਦੀਆਂ ਕਈ ਯੂਨੀਅਨਾਂ ਨੇ ਹੱਥ ਮਿਲਾਇਆ ਹੈ ਅਤੇ ਅੰਦੋਲਨ ਵਿੱਚ ਆਪਣੀ ਸ਼ਮੂਲੀਅਤ ਦਾ ਐਲਾਨ ਕੀਤਾ ਹੈ।

ਸਾਂਝੇ ਮੰਚ ਦੇ ਕਨਵੀਨਰ ਰਮੇਨ ਦਾਸ ਨੇ ਕਿਹਾ ਕਿ ਮੰਚ ਨੇ ਪ੍ਰਾਈਵੇਟ ਕਾਰ ਮਾਲਕਾਂ ਨੂੰ ਵੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ ਕਿਉਂਕਿ ਕਾਨੂੰਨ ਹਰ ਕਿਸੇ 'ਤੇ ਲਾਗੂ ਹੁੰਦਾ ਹੈ, ਭਾਵੇਂ ਕੋਈ ਵਪਾਰਕ ਵਾਹਨ ਚਲਾ ਰਿਹਾ ਹੋਵੇ ਜਾਂ ਛੋਟੀ ਕਾਰ, ਇਸ ਦੌਰਾਨ ਸੂਬੇ ਭਰ ਦੇ ਪੈਟਰੋਲ ਪੰਪਾਂ 'ਤੇ ਲੋਕਾਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ।

### ਚੋਣ ਕਮਿਸ਼ਨ ਲੋਕ ਸਭਾ ਚੋਣਾਂ ਲਈ ਸਰਗਰਮ

**ਨਵੀਂ ਦਿੱਲੀ** : ਚੋਣ ਕਮਿਸ਼ਨ ਅਗਲੇ ਹਫ਼ਤੇ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਦੌਰੇ ਨਾਲ ਲੋਕ ਸਭਾ ਚੋਣਾਂ ਲਈ ਰਾਜਾਂ ਦੀਆਂ ਤਿਆਰੀਆਂ ਦੀ ਸਮੀਖਿਆ ਸ਼ੁਰੂ ਕਰੇਗਾ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਦੀ ਅਗਵਾਈ ਵਿੱਚ ਕਮਿਸ਼ਨ ਦੇ ਅਧਿਕਾਰੀ 7 ਤੋਂ 10 ਜਨਵਰੀ ਦਰਮਿਆਨ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਵਿੱਚ ਹੋਣਗੇ। ਮੁੱਖ ਚੋਣ ਕਮਿਸ਼ਨਰ ਦੇ ਨਾਲ ਚੋਣ ਕਮਿਸ਼ਨਰ ਅਨੂਪ ਚੰਦਰ ਪਾਂਡੇ ਅਤੇ ਅਰੁਣ ਗੋਇਲ ਵੀ ਹੋਣਗੇ। ਦੌਰੇ ਤੋਂ ਪਹਿਲਾਂ ਡਿਪਟੀ ਚੋਣ ਕਮਿਸ਼ਨਰ 6 ਜਨਵਰੀ ਨੂੰ ਦੋਵਾਂ ਰਾਜਾਂ ਵਿੱਚ ਤਿਆਰੀਆਂ ਬਾਰੇ ਕਮਿਸ਼ਨ ਨੂੰ ਜਾਣਕਾਰੀ ਦੇਣਗੇ। ਲੋਕ ਸਭਾ ਚੋਣਾਂ ਦੀਆਂ ਤਿਆਰੀਆਂ 'ਤੇ ਨਜ਼ਰ ਰੱਖਣ ਲਈ ਡਿਪਟੀ ਚੋਣ ਕਮਿਸ਼ਨਰ ਲਗਪਗ ਸਾਰੇ ਰਾਜਾਂ ਦਾ ਦੌਰਾ ਕਰ ਚੁੱਕੇ ਹਨ।

### ਅੱਡਾ ਸਰਾਂ ਵਿਸ਼ੇਸ਼ ਸਪਲੀਮੈਂਟ



ਨਵੇਂ ਸਾਲ ਨੂੰ ਸਮਰਪਿਤ **ਅੱਡਾ ਸਰਾਂ** ਵਿਸ਼ੇਸ਼ ਸਪਲੀਮੈਂਟ ਜਲਦ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਜਸਵੀਰ ਕਾਜਲ** ਨਾਲ ਮੋਬਾਇਲ ਨੰਬਰ 99151-17589 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*-ਜਨਰਲ ਮੈਨੇਜਰ*

## ਅੱਜ-ਨਾਮਾ

ਕਰਿਆ ਠੰਢ ਫਿਰ ਹੱਦੋਂ ਹੈ ਤੰਗ ਬਹੁਤਾ,
ਹਫਤੇ ਬਾਅਦ ਕੁਝ ਧੁੱਪ ਹੈ ਚੜ੍ਹੀ ਮੀਆਂ।
ਉਹ ਵੀ ਆਈ ਤੇ ਪਰਤ ਗਈ ਝੱਟ ਪਿੱਛੇ,
ਬਾਹਲਾ ਸਮਾਂ ਨਹੀਂ ਆਣ ਕੇ ਖੜੀ ਮੀਆਂ।
ਰੱਖੀ ਧੁੰਦ ਸੀ ਬਹੁਤ ਦਿਨ ਤਾਣ ਛਤਰੀ,
ਬੱਦਲ ਲਾਉਣ ਲੱਗੇ ਜਿੱਦਾਂ ਝੜੀ ਮੀਆਂ।
ਜਨਤਾ ਅੱਜ ਹੀ ਜ਼ਰਾ ਕੁ ਬਾਹਰ ਨਿਕਲੀ,
ਇੰਨੇ ਦਿਨ ਰਹੀ ਘਰਾਂ ਵਿੱਚ ਤੜੀ ਮੀਆਂ।
ਇਹ ਵੀ ਅੱਜ ਦੀ ਗੱਲ ਹੈ, ਭਲਕ ਤੀਕਰ,
ਮੌਸਮ ਫਿਰ ਕੋਈ ਪਲਟ ਆ ਰੰਗ ਸਕਦਾ।
ਬੱਦਲ ਸੁਣੀਂਦਾ ਭਲਕ ਤੱਕ ਗਰਜ ਸਕਦਾ,
ਆਣ ਕੇ ਰੰਗ ਵਿੱਚ ਪਾ ਫਿਰ ਭੰਗ ਸਕਦਾ।

-ਤੀਸ ਮਾਰ ਖਾਂ

## ਜਾਖੜ ਹੁਣ ਕਿਹੜੇ ਮੂੰਹ ਨਾਲ ਪੰਜਾਬੀਆਂ 'ਚ ਜਾਣਗੇ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਝਾਕੀ ਨੂੰ ਰੱਦ ਕਰਨ ਦੇ ਮੁੱਦੇ ਉਤੇ 'ਨੰਗਾ-ਚਿੱਟਾ' ਝੂਠ ਬੋਲਣ ਉਤੇ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਦੀ ਕਰੜੀ ਆਲੋਚਨਾ ਕੀਤੀ ਹੈ।

ਇੱਥੇ ਜਾਰੀ ਇਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਸੂਬਾ ਸਰਕਾਰ ਦਾ ਹਮੇਸ਼ਾ ਤੋਂ ਇਹੀ ਤਰਕ ਰਿਹਾ ਹੈ ਕਿ ਮੋਦੀ ਸਰਕਾਰ ਨੇ ਆਪਣੀ ਪੰਜਾਬ ਵਿਰੋਧੀ ਖ਼ਬਤ ਕਾਰਨ ਸੂਬੇ ਦੀ ਝਾਕੀ ਨੂੰ ਰੱਦ ਕੀਤਾ ਪਰ ਜਾਖੜ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਆਪਣੀ ਬੇਥਵੀਆਂ ਨਾਲ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾ ਕਿਹਾ ਕਿ ਜਾਖੜ ਨੇ ਸੂਬਾ ਸਰਕਾਰ ਦੀਆਂ ਝਾਕੀਆਂ ਰੱਦ ਹੋਣ ਦਾ ਕਾਰਨ ਉਨ੍ਹਾਂ ਉਤੇ ਮੁੱਖ ਮੰਤਰੀ ਦੀਆਂ ਤਸਵੀਰਾਂ ਹੋਣ ਦੀ ਗੱਲ ਆਖ ਕੇ ਸੂਬੇ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ ਅਤੇ ਇਹ ਸਾਰਾ ਬਿਆਨ ਜਾਖੜ ਦੀ ਮਹਿਜ਼ ਕੋਰੀ ਕਲਪਨਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਜਦੋਂ ਰੱਖਿਆ ਮੰਤਰਾਲੇ ਨੇ ਇਹ ਬਿਲਕੁੱਲ ਸਾਫ਼ ਕਰ ਦਿੱਤਾ ਹੈ ਕਿ ਇਸ ਝਾਕੀ ਉਤੇ ਕੋਈ ਤਸਵੀਰਾਂ ਨਹੀਂ ਸਨ ਤਾਂ ਜਾਖੜ ਦੇ ਝੂਠ ਦਾ ਪਰਦਾਫ਼ਾਸ਼ ਹੋ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਗਣਤੰਤਰ ਦਿਵਸ ਪਰੇਡ ਲਈ ਡਿਜ਼ਾਇਨ ਕੀਤੀ ਝਾਕੀ ਦਾ ਉਦੇਸ਼ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਨਾਲ-ਨਾਲ ਸ਼ਹੀਦਾਂ ਦੇ ਬਲੀਦਾਨ ਦੀ ਰਵਾਇਤ ਨੂੰ ਦਰਸਾਉਣਾ ਸੀ। ਗਣਤੰਤਰ ਦਿਵਸ ਪਰੇਡ ਲਈ ਸੂਬੇ ਦੀ ਝਾਕੀ ਨੂੰ ਰੱਦ ਕਰਨ ਉਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਉਨ੍ਹਾ ਦੁਹਰਾਇਆ ਕਿ ਸੱਤਾ ਦੀ ਭੁੱਖੀ ਕੇਂਦਰ ਸਰਕਾਰ ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਪਾਏ ਲਾਮਿਸਾਲ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਹੇਠੀ ਕਰਨ ਲਈ ਭਾਜਪਾ ਸਰਕਾਰ ਕੋਝੇ ਹਥਕੰਡੇ ਅਪਣਾ ਰਹੀ ਹੈ। ਉਨ੍ਹਾ ਕਿਹਾ ਕਿ ਸ਼ਹਾਦਤ ਤੇ ਬਲੀਦਾਨ ਪੰਜਾਬ ਦੀ ਸ਼ਾਨਮੱਤੀ ਵਿਰਾਸਤ ਦਾ ਹਿੱਸਾ ਹਨ, ਜਿਨ੍ਹਾਂ ਨੂੰ ਪੰਜਾਬ ਦੀਆਂ ਝਾਕੀਆਂ ਵਿੱਚ ਦਿਖਾਇਆ ਜਾਂਦਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਝਾਕੀਆਂ ਦੇ ਦੇਸ਼-ਭਗਤੀ ਤੇ ਪ੍ਰਗਤੀਸ਼ੀਲ ਵਿਚਾਰਾਂ ਨੂੰ ਰੱਦ ਕਰਕੇ ਕੇਂਦਰ ਸਰਕਾਰ ਨੇ ਮਹਾਨ ਦੇਸ਼-ਭਗਤਾਂ ਤੇ ਕੌਮੀ ਨਾਇਕਾਂ ਦੇ ਬਲੀਦਾਨ ਦਾ ਨਿਰਾਦਰ ਕੀਤਾ ਹੈ। ਉਨ੍ਹਾਂ

● ਬਾਕੀ ਸਫ਼ਾ 2 'ਤੇ


## ਲੰਮੀ ਉਮਰ ਦੀ ਕਾਮਨਾ



ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਦੇ ਦੋਹਤੇ **ਰਣਦੀਪ ਖੰਗੂੜਾ** ਦੇ 21 ਸਾਲ ਦਾ ਹੋਣ 'ਤੇ ਪਰਵਾਰ ਵੱਲੋਂ ਕਾਮਰੇਡ ਜਤਿੰਦਰ ਪੰਨੂ ਰਾਹੀਂ 'ਨਵਾਂ ਜ਼ਮਾਨਾ' ਨੂੰ 200 ਡਾਲਰ ਭੇਟ ਕੀਤੇ ਹਨ। ਅਦਾਰਾ ਰਣਦੀਪ ਖੰਗੂੜਾ ਦੀ ਲੰਮੀ ਉਮਰ ਦੀ ਕਾਮਨਾ ਕਰਦਾ ਹੋਇਆ ਪਰਵਾਰ ਦਾ ਧੰਨਵਾਦੀ ਹੈ।

## ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਭੋਜਨ ਦੀ ਬਰਬਾਦੀ ਨਾ ਕਰਨ ਦਾ ਪ੍ਰਣ ਲਿਆ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਨਵੇਂ ਸਾਲ ਦੇ ਪ੍ਰਸ਼ੰਸਾਯੋਗ ਸੰਕਲਪ ਵਿੱਚ, ਸਰਦੀਆਂ ਦੀ ਛੁੱਟੀ ਤੋਂ ਵਾਪਸ ਆਉਣ 'ਤੇ ਭੋਜਨ ਦੀ ਬਰਬਾਦੀ ਦਾ ਨਾ ਕਰਨ ਲਈ ਆਪਣੇ ਆਪ ਸੰਕਲਪ ਲਿਆ ਹੈ।ਡਾ. ਐਸ. ਐਨ ਰੁਦਰਾ ਵਿਵੇਕਾਨੰਦ ਦੇ ਨਿਰਦੇਸ਼ਕ ਨੇ ਇਸ ਪਹਿਲਕਦਮੀ ਦੇ ਵੇਰਵਿਆਂ ਨੂੰ ਦੱਸਦੇ ਹੋਏ ਸਾਂਝਾ ਕੀਤਾ ਕਿ ਵਿਵੇਕਾਨੰਦ ਵਰਲਡ ਸਕੂਲ ਨੇ ਸਵੇਰ ਦੀ ਇੱਕ ਵਿਸ਼ੇਸ਼ ਅਸੈਂਬਲੀ ਦੌਰਾਨ ਵਿਦਿਆਰਥੀਆਂ ਦੀ ਭੋਜਨ ਦੀ ਬਰਬਾਦੀ ਨੂੰ ਘਟਾਉਣ ਲਈ ਵਚਨਬੱਧਤਾ ਦਾ ਪ੍ਰਤੀਕ ਇੱਕ ਸਹੁੰ ਚੁੱਕ ਸਮਾਰੋਹ ਕੀਤਾ।ਡਾ. ਰੁਦਰਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਸਹੁੰ ਚੁੱਕਣ ਨਾਲ ਜ਼ਿੰਮੇਵਾਰ ਖਪਤ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ, ਵਿਦਿਆਰਥੀਆਂ ਨੂੰ ਟਿਕਾਊ ਭਵਿੱਖ ਦੇ ਸੰਚਾਲਕ ਬਣਨ ਦੀ ਅਪੀਲ ਕੀਤੀ।ਸਪੈਸ਼ਲ ਅਸੈਂਬਲੀ ਨੇ ਸਮੂਹਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕੀਤੀ, ਵਿਦਿਆਰਥੀ ਸੰਸਥਾ ਵਿੱਚ ਚੇਤੰਨ ਅਭਿਆਸਾਂ ਪ੍ਰਤੀ ਵਚਨਬੱਧਤਾ ਨੂੰ ਉਤਸ਼ਾਹਤ ਕੀਤਾ।ਇਹ ਸੰਪੂਰਨ ਪਹੁੰਚ ਸਕੂਲ ਦੇ ਨਾ ਸਿਰਫ਼ ਅਕਾਦਮਿਕ ਉੱਤਮਤਾ ਨੂੰ ਪਾਲਣ ਦੇ ਸਿਧਾਂਤ ਨਾਲ ਮੇਲ ਖਾਂਦੀ ਹੈ, ਸਗੋਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਵੀ ਪੈਦਾ ਕਰਦੀ ਹੈ, ਜੋ ਇੱਕ ਇਮਾਨਦਾਰ ਤੇ ਵਾਤਾਵਰਣ ਪ੍ਰਤੀ ਜਾਗਰੂਕ ਸਮਾਜ ਵਿੱਚ ਯੋਗਦਾਨ ਪਾਉਂਦੀਆਂ ਹਨ।ਵਿਦਿਆਰਥੀ, ਇਸ ਸੰਕਲਪ ਦੁਆਰਾ, ਇੱਕ ਹੋਰ ਟਿਕਾਊ ਸੰਸਾਰ ਬਣਾਉਣ ਲਈ ਆਪਣੇ ਸਮਰਪਣ ਦਾ ਪ੍ਰਦਰਸ਼ਨ ਕਰਦੇ ਹੋਏ, ਇੱਕ ਸਕਾਰਾਤਮਕ ਪ੍ਰਭਾਵ ਬਣਾਉਣ ਦਾ ਟੀਚਾ ਰੱਖਦੇ ਹਨ।

## ਚਰਨ ਦਾਸ ਗਰਗ ਕਰ ਭਲਾ ਹੋ ਭਲਾ ਪ੍ਰੈੱਸ ਕਲੱਬ ਦੇ ਤੀਸਰੀ ਵਾਰ ਪ੍ਰਧਾਨ ਬਣੇ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਸ਼ਹਿਰ ਦੇ ਪੱਤਰਕਾਰਾਂ ਦੀ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਪ੍ਰੈੱਸ ਕਲੱਬ ਲਗਾਤਾਰ ਤੀਸਰੀ ਵਾਰ ਚਰਨ ਦਾਸ ਗਰਗ ਨੂੰ ਸਰਬਸੰਮਤੀ ਨਾਲ ਇਸ ਸਾਲ ਲਈ ਪ੍ਰਧਾਨ ਚੁਣ ਲਿਆ ਗਿਆ। ਕਲੱਬ ਦੇ ਮੈਂਬਰ ਤੇ ਅਹੁਦੇਦਾਰਾਂ ਦੀ ਅਗਵਾਈ ਵਿੱਚ ਕਲੱਬ ਵੱਲੋਂ ਪਿਛਲੇ ਸਾਲ ਦੌਰਾਨ ਕੀਤੇ ਗਏ ਸਮਾਜਸੇਵੀ ਕੰਮਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਸਾਲ 2024 ਲਈ ਪ੍ਰਧਾਨਗੀ ਸਬੰਧੀ ਕਲੱਬ ਚੇਅਰਮੈਨ ਜਸਕਰਨ ਸਿੰਘ ਸੰਧਵਾਂ ਨੇ ਦੁਬਾਰਾ ਚਰਨ ਦਾਸ ਗਰਗ ਨੂੰ ਪ੍ਰਧਾਨ ਬਣਾਉਣ ਸਬੰਧੀ ਕਿਹਾ, ਜਿਸ 'ਤੇ 12 ਮੈਂਬਰਾਂ ਵਿੱਚੋਂ 10 ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਤੇ ਬਹੁਮੱਤ ਨਾਲ ਚਰਨ ਦਾਸ ਗਰਗ ਨੂੰ ਸਾਲ 2024 ਲਈ ਪ੍ਰਧਾਨ ਚੁਣਿਆ ਗਿਆ ਤੇ ਉਨ੍ਹਾਂ ਨੂੰ ਪੁਰਾਣੀ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਚੁਣਨ ਦੇ ਅਧਿਕਾਰ ਦਿੱਤੇ। ਇਸ ਮੌਕੇ ਚਰਨ ਦਾਸ ਗਰਗ ਨੇ ਹਾਜ਼ਰ ਸਮੂਹ ਮੈਂਬਰਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਕਲੱਬ ਦੀ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਲਈ ਵਚਨਬੱਧ ਹਨ ਤੇ ਇਸ ਸਾਲ ਵੀ ਕਲੱਬ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਇਆ ਜਾਵੇਗਾ। ਇਸ ਸਮੇਂ ਕਲੱਬ ਦੇ ਡਾ. ਜਸਕਰਨ ਸਿੰਘ ਸੰਧਵਾ, ਡਾ. ਰਣਜੀਤ ਸਿੰਘ ਸਿੱਧੂ, ਕਮਲ ਕਟਾਰੀਆ, ਸਤਨਾਮ ਸਿੰਘ, ਹਰਜੀਤ ਬਰਾੜ, ਰਾਜੂ ਕੰਡਾ, ਰਿਸ਼ੀ ਪਲਤਾ, ਚੰਦਰ ਗਰਗ, ਜਤਿੰਦਰ ਸਰਮਾ ਮੌਜੂਦ ਸਨ।

## ਮਹੰਤ ਲਛਮਣ ਦਾਸ ਦੀ ਬਰਸੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ



**ਜਗਰਾਉਂ (ਅਮਿਤ ਖੰਨਾ)**-ਐਮ. ਐੱਲ. ਡੀ. ਸੀਨੀ: ਸੈਕੰ: ਸਕੂਲ ਤਲਵੰਡੀ ਕਲਾਂ ਵਿਖੇ ਮਹੰਤ ਲਛਮਣ ਦਾਸ ਜੀ ਦੀ ਬਰਸੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ ਗਈ।ਇਸ ਮੌਕੇ 85 ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ। ਅਰਦਾਸ ਉਪਰੰਤ ਦੇਗ ਵਰਤਾਈ ਗਈ।ਸਵੇਰੇ ਪ੍ਰਾਰਥਨਾ ਸਭਾ ਮੌਕੇ ਸਮੂਹ ਸਟਾਫ ਨੇ ਮਹੰਤ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਬਲਦੇਵ ਬਾਵਾ ਨੇ ਕਿਹਾ ਕਿ ਮਹੰਤ ਜੀ ਇੱਕ ਨੇਕ ਸ਼ਖਸੀਅਤ ਸਨ, ਜਿਨ੍ਹਾਂ ਨੇ ਪੂਰੀ ਜ਼ਿੰਦਗੀ ਸਮਾਜ ਸੇਵਾ ਤੇ ਹਿਕਮਤ ਰਾਹੀਂ ਲੋਕਾਂ ਦੀ ਸੇਵਾ ਕੀਤੀ।ਉਨ੍ਹਾਂ ਦੀ ਸੱਚੀ ਸੁੱਚੀ ਵਿਚਾਰਧਾਰਾ ਨੂੰ ਸਮਾਜ ਵਿੱਚ ਲੈ ਕੇ ਜਾਣ ਲਈ ਉਨ੍ਹਾਂ ਦੀ ਯਾਦ ਵਿੱਚ 1993 ਵਿੱਚ ਸਕੂਲ ਦੀ ਸਥਾਪਨਾ ਕੀਤੀ, ਜੋ ਕਿ ਬਹੁਤ ਹੀ ਅਨੁਸ਼ਾਸਤ ਢੰਗ ਨਾਲ ਵਿੱਦਿਆ ਦੇ ਖੇਤਰ ਵਿੱਚ ਇਲਾਕੇ ਦੀ ਸੇਵਾ ਕਰ ਰਿਹਾ ਹੈ।ਉਨ੍ਹਾ ਕਿਹਾ ਕਿ ਇੱਥੋਂ ਪੜ੍ਹਾਈ ਕਰਕੇ ਗਏ ਸੈਂਕੜੇ ਵਿਦਿਆਰਥੀ ਦੇਸ਼ ਤੇ ਵਿਦੇਸ਼ਾਂ ਵਿੱਚ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਹਨ।ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਹਿੱਤ ਸਕੂਲ ਦਾ ਸਟਾਫ ਬਹੁਤ ਹੀ ਮਿਹਨਤ ਨਾਲ ਵਿਦਿਆਰਥੀਆਂ ਦੇ ਸ਼ਾਨਦਾਰ ਕੈਰੀਅਰ ਲਈ ਅਗਵਾਈ ਕਰ ਰਿਹਾ ਹੈ।ਮੈਡਮ ਦਲਵੀਰ ਕੌਰ ਨੇ ਕਿਹਾ ਕਿ ਸਕੂਲ ਨੂੰ ਮਾਣ ਹੈ ਕਿ ਸਕੂਲ ਦੇ ਵਿਦਿਆਰਥੀ ਪੜ੍ਹਾਈ ਪੱਖੋਂ ਮੈਰਿਟ, ਖੇਡਾਂ ਵਿੱਚ ਰਾਸ਼ਟਰ ਪੱਧਰ ਤੱਕ ਪ੍ਰਾਪਤੀਆਂ, ਵਿੱਦਿਅਕ ਗਤੀਵਿਧੀਆਂ ਵਿੱਚ ਪੰਜਾਬ ਵਿੱਚੋਂ ਮੋਹਰੀ ਰਹਿਣ ਦਾ ਮਾਣ ਪ੍ਰਾਪਤ ਹੈ।ਇਸ ਮੌਕੇ ਮੈਡਮ ਜਸਮਿੰਦਰ ਕੌਰ, ਜਸਵੀਰ ਸਿੰਘ, ਮੈਡਮ ਰਾਜਵਿੰਦਰ ਕੌਰ, ਗੁਰਚਰਨ ਸਿੰਘ, ਗੁਰਿੰਦਰਪਾਲ ਸਿੰਘ, ਤੇਜਿੰਦਰਪਾਲ ਸਿੰਘ ਸਮੇਤ ਸਮੂਹ ਸਟਾਫ ਹਾਜ਼ਰ ਸੀ।

## ਨੈਸ਼ਨਲ ਤੀਰ ਅੰਦਾਜ਼ੀ ਮੁਕਾਬਲਿਆਂ 'ਚ ਪੀ ਪੀ ਐੱਸ ਦੇ ਬੱਚੇ ਨੇ ਜਿੱਤਿਆ ਮੈਡਲ



**ਭੀਖੀ (ਧਰਮਵੀਰ ਸ਼ਰਮਾ)**-67ਵੀਆਂ ਨੈਸ਼ਨਲ ਪੱਧਰੀ ਖੇਡਾਂ ਲੜਕੇ/ਲੜਕੀਆਂ ਦੇ ਤੀਰ-ਅੰਦਾਜ਼ੀ ਮੁਕਾਬਲੇ ਨਡਿਆਡ (ਗੁਜਰਾਤ) ਵਿਖੇ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਰਾਜਾਂ ਦੀਆਂ ਟੀਮਾਂ ਨੇ ਭਾਗ ਲਿਆ। ਇਸ ਵਿੱਚ ਪੈਰਾਮਾਊਂਟ ਪਬਲਿਕ ਸਕੂਲ ਚੀਮਾਂ ਦੇ ਬੱਚੇ ਕੰਪਾਊਂਡ ਈਵੈਂਟ ਵਿੱਚ ਅਵਨੀਤ ਸਿੰਘ (ਅੰਡਰ-17 ਸਾਲ) ਨੇ ਬਰਾਊਂਜ਼ ਮੈਡਲ ਜਿੱਤ ਕੇ ਆਪਣੇ ਰਾਜ, ਜ਼ਿਲ੍ਹੇ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਖਿਡਾਰੀਆਂ ਦਾ ਸਕੂਲ ਪਹੁੰਚਣ 'ਤੇ ਸੰਸਥਾ ਦੇ ਐਮ. ਡੀ. ਜਸਵੀਰ ਸਿੰਘ ਨੇ ਸਨਮਾਨਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸੰਜੇ ਕੁਮਾਰ, ਕੋਚ ਗੁਰਪ੍ਰੀਤ ਸਿੰਘ, ਗਗਨਦੀਪ ਸਿੰਘ, ਸੰਦੀਪ ਸਿੰਘ, ਡੀ.ਪੀ.ਈ. ਮੰਗਤ ਰਾਏ ਤੇ ਮਨਪ੍ਰੀਤ ਸਿੰਘ ਹਾਜ਼ਰ ਸਨ।

## ਜੱਸੀ ਸੋਹੀਆਂ ਵਾਲਾ ਨੇ ਨਵੇਂ ਸਾਲ ਦੀ ਆਮਦ 'ਤੇ ਗਊਸ਼ਾਲਾ ਨਾਭਾ 'ਚ ਕੀਤੀ ਗਊਆਂ ਦੀ ਸੇਵਾ



**ਨਾਭਾ (ਵਰਿੰਦਰ ਵਰਮਾ)**-ਹਰੇਕ ਵਿਅਕਤੀ ਨੂੰ ਜਿੰਨਾ ਵੀ ਹੋ ਸਕੇ, ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਾਨ ਕਰਨਾ ਚਾਹੀਦਾ ਹੈ ਅਤੇ ਗਊਆਂ ਦੀ ਸੇਵਾ ਕਰਨੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਗਊਸ਼ਾਲਾ ਦੁਲੱਦੀ ਗੇਟ ਵਿਖੇ ਨਵੇਂ ਸਾਲ ਦੀ ਆਮਦ 'ਤੇ ਗਊਆਂ ਦੀ ਸੇਵਾ ਕਰਨ ਉਪਰੰਤ ਕੀਤਾ। ਉਨ੍ਹਾ ਕਿਹਾ ਕਿ ਅੱਜ ਗਊਸ਼ਾਲਾ ਨਾਭਾ 'ਚ ਗਊਆਂ ਨੂੰ ਹਰਾ ਚਾਰਾ ਪਾ ਕੇ ਸੇਵਾ ਕੀਤੀ ਗਈ ਹੈ ਜੋ ਕਿ ਬਹੁਤ ਵਧੀਆ ਉਪਰਾਲਾ ਸੀ। ਉਨ੍ਹਾ ਕਿਹਾ ਕਿ ਹਰੇਕ ਮਨੁੱਖ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾ ਕਿਹਾ ਕਿ ਸ਼ਹਿਰ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਵੀ ਅੱਗੇ ਆ ਕੇ ਗਊਆਂ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਉਨਾ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਧਾਰੋਂਕੀ, ਦਵਿੰਦਰ ਸਿੰਘ ਕਲਾਰਾਂ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਨਾਭਾ, ਗਊਸ਼ਾਲਾ ਕਮੇਟੀ ਮੈਨੇਜਰ ਅਵਿਨਾਸ਼ ਚੋਪੜਾ ਆਦਿ ਹਾਜ਼ਰ ਸਨ।

## ਬਾਬਾ ਫਰੀਦ ਸਕੂਲ ਛੱਤਿਆਣਾ ਦੇ ਖਿਡਾਰੀਆਂ ਦੀ ਨੈਸ਼ਨਲ ਲਈ ਚੋਣ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੀ ਨੈਟਬਾਲ ਟੀਮ ਦੇ ਖਿਡਾਰੀਆਂ ਦੀ ਨੈਸ਼ਨਲ ਸਕੂਲ ਖੇਡਾਂ ਲਈ ਚੋਣ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ, ਨੈਟਬਾਲ ਕੋਚ ਮਨਪ੍ਰੀਤ ਸਿੰਘ ਅਤੇ ਗੁਰਮੇਲ ਸਿੰਘ ਡੀ ਪੀ ਈ ਨੇ ਦੱਸਿਆ ਕਿ ਦਿੱਲੀ ਵਿਖੇ ਹੋਣ ਵਾਲੀਆਂ 67 ਵੀਆਂ ਨੈਸ਼ਨਲ ਸਕੂਲ ਖੇਡਾਂ ਲਈ ਪੰਜਾਬ ਦੀ ਟੀਮ ਵਿੱਚ ਖੇਡਣ ਲਈ ਅੰਡਰ 17 ਸਾਲ ਵਰਗ ਵਿੱਚ ਦਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ, ਪ੍ਰਭਜੋਤ ਸਿੰਘ ਪੁੱਤਰ ਗੁਰਮੇਲ ਸਿੰਘ ਅਤੇ ਰਿਪਲ ਕੌਰ ਪੁੱਤਰੀ ਵਕੀਲ ਸਿੰਘ ਇਸੇ ਤਰ੍ਹਾਂ ਹੀ ਅੰਡਰ 14 ਵਰਗ ਵਿੱਚ ਸਵਰੀਤ ਕੌਰ ਪੁੱਤਰੀ ਹਰਜਿੰਦਰ ਸਿੰਘ ਅਤੇ ਪਰਵਿੰਦਰਜੋਤ ਕੌਰ ਪੁੱਤਰੀ ਸੁਖਮੰਦਰ ਸਿੰਘ ਦੀ ਚੋਣ ਹੋਈ ਹੈ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਨੇ ਨੈਟਬਾਲ ਕੋਚ ਮਨਪ੍ਰੀਤ ਸਿੰਘ ਅਤੇ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਲਗਨ ਨਾਲ ਕੀਤੀ ਮਿਹਨਤ ਕਦੇ ਵੀ ਵਿਅਰਥ ਨਹੀਂ ਜਾਂਦੀ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੌਰ ਬਰਾੜ, ਨਰੇਸ਼ ਕੁਮਾਰ ਡੀ ਪੀ ਈ, ਬਲਕਰਨ ਸਿੰਘ, ਗੁਰਜੋਤ ਸਿੰਘ, ਜਗਮੀਤ ਸਿੰਘ, ਗੁਰਸਾਹਿਬ ਸਿੰਘ, ਸੁਖਦੀਪ ਸਿੰਘ, ਸੁਖਪ੍ਰੀਤ ਸਿੰਘ, ਨਵਨੀਤ ਕੌਰ ਸੁਖਨਾ, ਅਰਸ਼ਵੀਰ ਕੌਰ, ਐਸ਼ਵੀਰ ਕੌਰ ਅਤੇ ਐਸ਼ਮੀਨ ਕੌਰ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ।

## ਵਿਜੀਲੈਂਸ ਬਿਊਰੋ ਵੱਲੋਂ ਲੱਖਾਂ ਰੁਪਏ ਦੇ ਗਬਨ ਦੇ ਦੋਸ਼ 'ਚ ਦੋ ਸਰਪੰਚ ਤੇ ਪੰਚਾਇਤ ਸਕੱਤਰ ਗ੍ਰਿਫ਼ਤਾਰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਚਲਾਈ ਮੁਹਿੰਮ ਤਹਿਤ ਦੋ ਸਰਪੰਚਾਂ ਅਤੇ ਦੋ ਪੰਚਾਇਤ ਸਕੱਤਰਾਂ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਲੱਖਾਂ ਰੁਪਏ ਦਾ ਗਬਨ ਦੇ ਦੋਸ ਹੇਠ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧ ਵਿੱਚ ਦੋ ਸਰਪੰਚਾਂ ਤੇ ਇੱਕ ਪੰਚਾਇਤ ਸਕੱਤਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਰਬਜੀਤ ਸਿੰਘ, ਸਾਬਕਾ ਸਰਪੰਚ, ਪਿੰਡ ਅਲਾਲ, ਜ਼ਿਲ੍ਹਾ ਸੰਗਰੂਰ ਅਤੇ ਨਰੇਸ ਕੁਮਾਰ ਸਿੰਗਲਾ, ਪੰਚਾਇਤ ਸਕੱਤਰ (ਰਿਟਾਇਰਡ) ਨੂੰ ਜਾਂਚ ਦੌਰਾਨ ਪੰਚਾਇਤੀ ਫੰਡਾਂ ਵਿੱਚੋਂ 2,00,927 ਰੁਪਏ ਦੀ ਰਕਮ ਅਤੇ ਹੋਰ ਉਸਾਰੀ ਦੇ ਮਟੀਰੀਅਲ ਦਾ ਗਬਨ ਕਰਨ ਦੇ ਦੋਸ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਉਕਤ ਦੋਹਾਂ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਨੰਬਰ 01, 01 ਜਨਵਰੀ 2024 ਤਹਿਤ ਆਈ.ਪੀ.ਸੀ ਦੀ ਧਾਰਾ 409 ਤੇ 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ 13(1)-ਏ ਅਤੇ 13(2) ਅਧੀਨ ਵਿਜੀਲੈਂਸ ਬਿਊਰੋ ਦੀ ਪਟਿਆਲਾ ਰੇਂਜ ਦੇ ਥਾਣੇ ਵਿੱਚ ਦਰਜ ਕੀਤਾ ਗਿਆ ਹੈ। ਇੱਕ ਵੱਖਰੇ ਕੇਸ ਵਿੱਚ ਪੜਤਾਲ ਦੌਰਾਨ ਜਤਿੰਦਰ ਸਿੰਘ, ਸਰਪੰਚ, ਪਿੰਡ ਚਾਂਦੂ, ਜ਼ਿਲ੍ਹਾ ਸੰਗਰੂਰ ਅਤੇ ਪੰਚਾਇਤ ਸਕੱਤਰ ਗੁਰਮੀਤ ਸਿੰਘ ਵੱਲੋਂ ਜਨਵਰੀ 2019 ਤੋਂ 31 ਮਾਰਚ 2022 ਤੱਕ ਪਿੰਡ ਚਾਂਦੂ ਵਿਖੇ ਕਰਾਏ ਗਏ ਵਿਕਾਸ ਕਾਰਜਾਂ ਵਿੱਚ ਕਰੀਬ 74 ਲੱਖ ਰੁਪਏ ਦਾ ਗਬਨ ਕਰਨ ਦਾ ਦੋਸ਼ ਸਾਬਤ ਹੋਇਆ ਹੈ। ਇਨ੍ਹਾਂ ਦੋਹਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਨੰਬਰ 43, 13 ਦਸੰਬਰ 2023 ਤਹਿਤ ਆਈ.ਪੀ.ਸੀ ਦੀ ਧਾਰਾ 409 ਤੇ 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ 13 (1)-ਏ ਅਤੇ 13(2) ਅਧੀਨ ਵਿਜੀਲੈਂਸ ਬਿਊਰੋ ਦੀ ਪਟਿਆਲਾ ਰੇਂਜ ਦੇ ਥਾਣੇ ਵਿੱਚ ਦਰਜ ਕੀਤਾ ਗਿਆ ਹੈ। ਇਸ ਮੁਕੱਦਮੇ ਵਿੱਚ ਸਰਪੰਚ ਜਤਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਕੇਸ ਦੀ ਹੋਰ ਪੜਤਾਲ ਜਾਰੀ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਪੰਜਾਬ ਬਚਾਓ ਯਾਤਰਾ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਪਰਦਾ ਚੁੱਕੇਗੀ : ਰਾਜੂ ਖੰਨਾ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**

ਸ਼੍ਰੋਮਣੀ ਅਕਾਲੀ ਦਲ ਵੱਲੋਂ 1 ਫਰਵਰੀ ਨੂੰ ਸ਼ੁਰੂ ਹੋਣ ਵਾਲੀ ਪੰਜਾਬ ਬਚਾਓ ਯਾਤਰਾ 'ਆਪ' ਸਰਕਾਰ ਦੇ ਝੂਠੇ ਵਾਅਦਿਆਂ ਤੋਂ ਪਰਦਾ ਹੀ ਨਹੀਂ ਚੁੱਕੇਗੀ, ਸਗੋਂ ਹਰ ਹਲਕੇ ਵਿੱਚ ਜਾ ਕੇ ਇਹ ਯਾਤਰਾ ਭਗਵੰਤ ਮਾਨ ਸਰਕਾਰ ਦੀਆਂ ਵਧੀਕੀਆਂ ਤੇ ਲੋਕ ਮਾਰੂ ਫੈਸਲਿਆਂ ਦਾ ਵੀ ਪਿੰਡ-ਪਿੰਡ, ਘਰ-ਘਰ ਪ੍ਰਚਾਰ ਕਰੇਗੀ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪੰਜਾਬ ਬਚਾਓ ਯਾਤਰਾ ਦੇ ਹਲਕਾ ਅਮਲੋਹ ਵਿਖੇ ਪੁੱਜਣ 'ਤੇ ਸਵਾਗਤ ਤੇ ਪ੍ਰਬੰਧਾਂ ਨੂੰ ਲੈ ਕੇ ਕਿ ਕੀਤੀ ਗਈ ਮੀਟਿੰਗ ਸਮੇਂ ਕੀਤਾ।

ਰਾਜੂ ਖੰਨਾ ਨੇ ਕਿਹਾ ਕਿ ਇਹ ਪੰਜਾਬ ਬਚਾਓ ਯਾਤਰਾ 1 ਫਰਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਗੁਰੂ ਦਾ ਅਸ਼ੀਰਵਾਦ ਲੈ ਕਿ ਰਵਾਨਾ ਹੋਵੇਗੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੁੱਜੇਗੀ, ਜਿਥੋਂ ਇਹ ਯਾਤਰਾ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚੋਂ ਦੀ ਜਾਵੇਗੀ ਤੇ ਇਸ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਪੰਜਾਬ ਦੇ ਸਮੁੱਚੇ ਵਰਕਰਾਂ ਤੇ ਆਗੂਆਂ ਵਿੱਚ ਵਧੇਰੇ ਉਤਸ਼ਾਹ ਪਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਯਾਤਰਾ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚ ਨਵਾਂ ਇਤਿਹਾਸ ਸਿਰਜੇਗੀ ਤੇ 'ਆਪ' ਸਰਕਾਰ ਨੂੰ ਪੰਜਾਬ ਵਿੱਚੋਂ ਜੜ੍ਹੋਂ ਪੁੱਟਣ ਲਈ ਵੀ ਕਾਰਗਰ ਸਿੱਧ ਹੋਵੇਗੀ।

ਇਸ ਮੌਕੇ ਹਲਕਾ ਅਬਜਰਵਰ ਜਥੇਦਾਰ ਹਰਬੰਸ ਸਿੰਘ ਬਡਾਲੀ, ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਜਰਨੈਲ ਸਿੰਘ ਮਾਜਰੀ, ਜਥੇਦਾਰ ਹਰਿੰਦਰ ਸਿੰਘ ਦੀਵਾ, ਜਥੇਦਾਰ ਨਾਜਰ ਸਿੰਘ ਮੰਡੀ, ਜਥੇਦਾਰ ਕੁਲਵਿੰਦਰ ਸਿੰਘ ਭੰਗੂ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸਾਹੀ, ਸੀਨੀਅਰ ਆਗੂ ਜਥੇਦਾਰ ਕੁਲਦੀਪ ਸਿੰਘ ਮਛਰਾਈ, ਸੀਨੀਅਰ ਯੂਥ ਆਗੂ ਕਮਲਜੀਤ ਸਿੰਘ ਗਿੱਲ, ਭਗਵਾਨ ਸਿੰਘ ਹੈਪੀ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਗੁਰਪ੍ਰੀਤ ਸਿੰਘ ਨੋਨੀ, ਹਰਦੀਪ ਸਿੰਘ ਗੋਰਾ, ਸੋਨੀ ਜਲਾਲਪੁਰ, ਅੰਗਰੇਜ਼ ਸਿੰਘ ਲਾਡਪੁਰ, ਗੁਰਸੇਵਕ ਸਿੰਘ ਭਾਂਬਰੀ, ਗੁਰਜੀਤ ਸਿੰਘ ਕੋਟਲਾ, ਚਰਨਜੀਤ ਚੰਨਾ, ਜਸਵਿੰਦਰ ਸਿੰਘ ਗਰੇਵਾਲ, ਸ਼ਿਵਕਾਂਤ ਤਿਵਾੜੀ, ਗੁਰਪੰਥ ਸਿੰਘ ਤੂਫਾਨ, ਅਮਰਜੀਤ ਸਿੰਘ ਲਾਡਪੁਰ, ਸਹਿਜ ਸਿੰਘ ਹਰੀਪੁਰ, ਗੁਰਪ੍ਰੀਤ ਗੁਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਤੇ ਆਗੂ ਹਾਜ਼ਰ ਸਨ।

## ਰਾਜੋਆਣਾ ਤੇ ਕਾਉਂਕੇ ਦੇ ਮੁੱਦਿਆਂ 'ਤੇ ਕੋਈ ਅਮਲ ਨਾ ਕਰਨ ਵਾਲਿਆਂ ਵੱਲੋਂ 'ਪੰਜਾਬ ਬਚਾਓ ਯਾਤਰਾ' ਕਰਨ ਦਾ ਕੋਈ ਹੱਕ ਨਹੀ : ਟਿਵਾਣਾ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜਿਨ੍ਹਾਂ ਦੀਆਂ ਪੰਜਾਬ ਵਿੱਚ ਹਕੂਮਤਾਂ ਰਹੀਆਂ ਹਨ ਤੇ ਸੈਂਟਰ ਦੀ ਬੀਜੇਪੀ-ਆਰ.ਐੱਸ.ਐੱਸ. ਸਰਕਾਰ ਨਾਲ ਭਾਈਵਾਲੀ ਰਹੀ ਹੈ ਅਤੇ ਜੋ ਆਪਣੀਆਂ ਸਰਕਾਰਾਂ ਸਮੇਂ ਪੰਜਾਬ ਸੂਬੇ ਤੇ ਸਿੱਖ ਕੌਮ ਨਾਲ ਸੰਬੰਧਤ ਸਭ ਸੰਜੀਦਾ ਮੁੱਦਿਆਂ ਤੇ ਮੁਸ਼ਕਲਾਂ ਨੂੰ ਹੱਲ ਕਰਨ ਦੀ ਸਮਰੱਥਾ ਵੀ ਰੱਖਦੇ ਸਨ, ਜੇਕਰ ਉਨ੍ਹਾਂ ਨੇ ਆਪਣੀਆ ਹਕੂਮਤਾਂ ਸਮੇ ਇਨ੍ਹਾਂ ਕੌਮੀ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਸੰਬੰਧਤ ਫਾਇਲਾਂ ਤੇ ਰਿਪੋਰਟਾਂ ਨੂੰ ਖੁਦ ਹੀ ਦਬਦੇ ਤੇ ਰਫਾ-ਦਫਾ ਕਰਦੇ ਰਹੇ। ਜੇਕਰ ਅੱਜ ਉਹ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਾਤਲਾਂ ਨੂੰ, ਜੇਲ੍ਹਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਲੰਮੇ ਸਮੇਂ ਤੋਂ ਬੰਦੀ ਬਣਾਏ ਗਏ ਸਿੱਖਾਂ ਤੇ ਹੋਰ ਮੁੱਦਿਆ ਨੂੰ ਲੈ ਕੇ 01 ਫਰਵਰੀ ਤੋਂ 'ਪੰਜਾਬ ਬਚਾਓ ਯਾਤਰਾ' ਕਰਨ ਦੇ ਗੁੰਮਰਾਹਕੁਨ ਪਾਖੰਡ ਕਰਨ ਜਾ ਰਹੇ ਹਨ, ਤਾਂ ਇਨ੍ਹਾਂ ਲੋਕਾਂ ਦਾ ਸਿਆਸੀ ਮੰਤਵ ਤੋਂ ਇਲਾਵਾ ਹੋਰ ਕੋਈ ਕੌਮੀ, ਸਮਾਜਿਕ, ਇਖਲਾਕੀ ਜਾਂ ਧਾਰਮਿਕ ਮੰਤਵ ਨਹੀਂ ਹੈ। ਕੇਵਲ ਤੇ ਕੇਵਲ ਸਿਆਸੀ ਸੱਤਾ 'ਤੇ ਕਾਬਜ਼ ਹੋਣ ਲਈ ਅਤੇ ਪਾਰਲੀਮੈਂਟ ਦੀਆਂ ਆ ਰਹੀਆਂ ਚੋਣਾਂ ਵਿੱਚ ਇੱਕ ਵਾਰੀ ਫਿਰ ਪੰਜਾਬੀਆਂ ਤੇ ਸਿੱਖ ਕੌਮ ਨੂੰ ਗੁੰਮਰਾਹ ਕਰਨ ਹਿਤ ਅਜਿਹੀਆਂ ਯਾਤਰਾਵਾਂ ਕਰਨ ਦਾ ਢੌਂਗ ਰਚ ਰਹੇ ਹਨ, ਜਿਸ ਤੋਂ ਸਿੱਖ ਕੌਮ ਤੇ ਸਮੁੱਚੇ ਸੁਹਿਰਦ ਪੰਜਾਬੀਆਂ ਨੂੰ ਕੇਵਲ ਸੁਚੇਤ ਹੀ ਨਹੀਂ ਰਹਿਣਾ ਪਵੇਗਾ, ਬਲਕਿ ਆਪਣੇ ਚੌਗਿਰਦੇ ਵਿੱਚ ਵਿਚਰਣ ਵਾਲੇ ਪੰਜਾਬੀਆਂ ਤੇ ਸਿੱਖਾਂ ਨੂੰ ਇਨ੍ਹਾਂ ਵੱਲੋਂ ਬੀਤੇ ਸਮੇਂ ਵਿੱਚ ਆਪਣੀਆਂ ਪੰਜਾਬ ਤੇ ਕੌਮ ਪ੍ਰਤੀ ਜ਼ਿੰਮੇਵਾਰੀਆਂ ਨੂੰ ਪੂਰਨ ਕਰਨ ਤੋਂ ਸਾਜ਼ਿਸ਼ੀ ਢੰਗ ਨਾਲ ਭੱਜਣ ਤੇ ਹਿੰਦੂਤਵ ਸਿੱਖ ਤੇ ਘੱਟ ਗਿਣਤੀ ਵਿਰੋਧੀ ਤਾਕਤਾਂ ਦਾ ਗੈਰ-ਇਖਲਾਕੀ ਢੰਗ ਨਾਲ ਸਾਥ ਦੇਣ ਤੋਂ ਵੀ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

## ਗੁਰਦੁਆਰਾ ਸਿੰਘ ਸਭਾ 'ਚ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਮੱਖੂ (ਰਛਪਾਲ ਸਿੰਘ ਸੰਧੂ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੰਗਤ ਵੱਲੋਂ ਗੁਰਦੁਆਰਾ ਸਿੰਘ ਸਭਾ ਵਿਖੇ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ।ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਵੱਲੋਂ ਸਵੇਰੇ ਤੜਕੇ ਤੋਂ ਹੀ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣਾ ਜੀਵਨ ਸਫ਼ਲ ਬਣਾਇਆ ਗਿਆ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸਾਹਿਬ ਵਿਖੇ ਆਰੰਭ ਕਰਵਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੰਪੂਰਨ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ ਵੱਲੋਂ ਕਥਾ ਕੀਰਤਨ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ ਗਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਇਸ ਮੌਕੇ ਸੁਖਮਨੀ ਸੇਵਾ ਸੁਸਾਇਟੀ ਮਖੂ ਦੀਆਂ ਬੀਬੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ ਤੇ ਸੰਗਤ ਲਈ ਲੰਗਰ ਤਿਆਰ ਕਰਨ ਦੀ ਸੇਵਾ ਨਿਭਾਈ ਗਈ। ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਕਾਲੜਾ ਵੱਲੋਂ ਸੰਗਤ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਸੰਗਤ ਨੂੰ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਕਾਲੜਾ, ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ, ਸੇਵਾਦਾਰ ਗੁਰਨਾਮ ਸਿੰਘ, ਡਾ. ਨਰਿੰਦਰ ਸਿੰਘ ਗਾਂਧੀ, ਬਲਕਾਰ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ ਗਾਬਾ, ਦਰਸ਼ਨ ਸਿੰਘ ਕਟਾਰੀਆ, ਜਸਵੀਰ ਸਿੰਘ ਕਟਾਰੀਆ, ਬਲਵਿੰਦਰ ਸਿੰਘ ਕਟਾਰੀਆ, ਡਾ. ਸੁਰਜੀਤ ਸਿੰਘ ਪੱਟੀ ਵਾਲੇ, ਡਾ. ਬਿਨਵੰਤ ਸਿੰਘ, ਗੁਰਅਸੀਸ ਸਿੰਘ, ਜਤਿੰਦਰ ਖੁਰਾਣਾ, ਲੱਕੀ ਬਾਵਾ, ਕਾਬਲ ਸਿੰਘ ਲਖਨਪਾਲ, ਨਿਰਮਲ ਸਿੰਘ ਸੋਢੀ, ਡਾ. ਸੁਖਜੀਤ ਸਿੰਘ ਧੀਮਾਨ, ਬਿੱਟੂ ਨਾਰੰਗ, ਸੋਨੂੰ ਖੁਰਾਣਾ, ਵਰਿੰਦਰ ਕਟਾਰੀਆ, ਡਾ. ਪਵਨ ਕੁਮਾਰ, ਬੰਟੀ ਗਾਂਧੀ ਆਦਿ ਵੱਲੋਂ ਸੇਵਾ ਨਿਭਾਈ ਗਈ।

## ਸਾਡੀ ਪਹਿਲੀ ਤਰਜੀਹ ਨਸ਼ੇ ਦੇ ਸਮੱਗਲਰਾਂ ਨੂੰ ਕਾਬੂ ਕਰਨਾ : ਡੀ ਐਸ ਪੀ

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਡੀ ਐਸ ਪੀ ਹਰਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਹਿਲੀ ਤਰਜ਼ੀਹ ਨਸ਼ੇ ਦੇ ਸਮਗਲਰਾਂ ਨੂੰ ਕਾਬੂ ਕਰਨਾ ਹੈ ਤੇ ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਨੂੰ ਨਸ਼ੇ ਦੀ ਲਤ ਲੱਗ ਚੁੱਕੀ ਹੈ, ਉਨ੍ਹਾਂ ਦਾ ਡਾਕਟਰੀ ਇਲਾਜ ਕਰਾ ਕੇ ਉਨ੍ਹਾਂ ਨੂੰ ਨਸ਼ੇ ਦੀ ਦਲਦਲ 'ਚੋਂ ਬਾਹਰ ਕੱਢਣਾ ਹੈ।ਉਨ੍ਹਾਂ ਦੱਸਿਆ ਕਿ ਐਨ ਡੀ ਪੀ ਐਸ ਦੀ ਧਾਰਾ 64ਏ ਦੇ ਤਹਿਤ ਇਲਾਜ ਦੀ ਮੰਗ ਕਰਨ ਵਾਲੇ ਨਸ਼ੇੜੀਆਂ ਵਿਰੁੱਧ ਮੁਕੱਦਮਾ ਦਰਜ ਨਹੀਂ ਕੀਤਾ ਜਾਵੇਗਾ, ਸਗੋਂ ਨਸ਼ੇੜੀਆਂ ਨੂੰ ਡਾਕਟਰੀ ਇਲਾਜ ਕਰਾਉਣ ਦਾ ਮੌਕਾ ਦਿੱਤਾ ਜਾਵੇਗਾ ਤਾਂ ਜੁ ਉਹ ਇਸ ਕੋਹੜ ਤੋਂ ਮੁਕਤ ਹੋ ਸਕਣ।ਉਨ੍ਹਾਂ ਅੱਗੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਪੁਲਸ ਦਾ ਲੋਕ ਵੀ ਸਹਿਯੋਗ ਜ਼ਰੂਰ ਕਰਨ ਤੇ ਪੁਲਸ ਵੱਲੋਂ ਲੋਕਾਂ ਨੂੰ ਹਰ ਸਹਿਯੋਗ ਮਿਲੇਗਾ।



## ਦ੍ਰਿੜ੍ਹ ਹੌਸਲੇ ਨਾਲ ਹਾਸਲ ਕੀਤਾ ਜਾ ਸਕਦੈ ਮੁਕਾਮ : ਪ੍ਰਿਅੰਕਾ



**ਭੀਖੀ (ਧਰਮਵੀਰ ਸ਼ਰਮਾ)**-ਨਵੇਂ ਸਾਲ ਨੂੰ ਮੱਦੇਨਜ਼ਰ ਰੱਖਦਿਆਂ ਸਰਕਾਰੀ ਹਾਈ ਸਕੂਲ ਸਮਾਉਂ ਵਿਖੇ ਵਿਦਿਆਰਥੀਆਂ ਨੂੰ ਪ੍ਰੇਰਨਾ ਤੇ ਭਵਿੱਖ ਸਬੰਧੀ ਕੈਰੀਅਰ ਚੋਣ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਮੈਡਮ ਪ੍ਰਿਅੰਕਾ ਨਵ-ਨਿਯੁਕਤ ਪੀ.ਸੀ.ਐੱਸ. (ਜੁਡੀਸ਼ੀਅਲ) ਨੇ ਸਕੂਲ ਵਿਖੇ ਸ਼ਿਰਕਤ ਕੀਤੀ। ਸਕੂਲ ਪਹੁੰਚਣ 'ਤੇ ਸਕੂਲ ਬੈਂਡ ਟੀਮ ਨੇ ਉਨ੍ਹਾਂ ਦਾ ਸਵਾਗਤ ਕੀਤਾ। ਸਕੂਲ ਮੁਖੀ ਹਰਜਿੰਦਰ ਸਿੰਘ ਤੇ ਸਮੂਹ ਸਟਾਫ ਨੇ ਉਨ੍ਹਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਮੌਕੇ ਵਿਦਿਆਰਥੀਆਂ ਦੇ ਰੁਬਰੂ ਹੁੰਦੇ ਹੋਏ ਮੈਡਮ ਪ੍ਰਿਅੰਕਾ ਨੇ ਆਪਣੇ ਵਿੱਦਿਅਕ ਜੀਵਨ ਬਾਰੇ ਚਾਨਣਾ ਪਾਇਆ। ਉਨ੍ਹਾ ਦੱਸਿਆ ਕਿ ਸਖਤ ਮਿਹਨਤ ਤੇ ਦ੍ਰਿੜ੍ਹ ਇਰਾਦੇ ਨਾਲ ਅਸੀਂ ਹਰ ਮੰਜ਼ਲ ਨੂੰ ਸਰ ਕਰ ਸਕਦੇ ਹਾਂ। ਉਨ੍ਹਾ ਆਪਣੇ ਵਿਦਿਆਰਥੀ ਜੀਵਨ ਤੋਂ ਲੈ ਕੇ ਪੀ. ਸੀ.ਐੱਸ. (ਜੁ) ਅਫਸਰ ਬਨਣ ਤੱਕ ਦੇ ਸਫਰ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ। ਫਿਰ ਵਿਦਿਆਰਥੀਆਂ ਨਾਲ ਸਵਾਲ ਜਵਾਬ ਰਾਹੀਂ ਉਨ੍ਹਾਂ ਦੇ ਕੈਰੀਅਰ ਚੋਣ ਸਬੰਧੀ ਪ੍ਰਸ਼ਨਾਂ ਨੂੰ ਹੱਲ ਕੀਤਾ ਗਿਆ। ਉਨ੍ਹਾਂ ਤੋਂ ਪ੍ਰੇਰਨਾ ਲੈਂਦੇ ਹੋਏ ਕਈ ਵਿਦਿਆਰਥੀਆਂ ਨੇ ਭਵਿੱਖ ਵਿੱਚ ਉਨ੍ਹਾਂ ਵਾਂਗ ਹੀ ਉੱਚ ਪੱਧਰੀ ਕੈਰੀਅਰ ਚੁਨਣ ਦੀ ਇੱਛਾ ਜ਼ਾਹਰ ਕੀਤੀ। ਇਸ ਮੌਕੇ ਮੰਚ ਸੰਚਾਲਨ ਸੁਖਵਿੰਦਰ ਸਿੰਘ ਸ. ਸ. ਮਾਸਟਰ ਨੇ ਕੀਤਾ। ਅਖੀਰ ਵਿੱਚ ਸਕੂਲ ਮੁਖੀ ਹਰਜਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿਅੰਕਾ ਦੇ ਪਿਤਾ ਤਰਸੇਮ ਚੰਦ ਪੱਪੀ, ਰਣ ਸਿੰਘ, ਕਾਲਾ ਸਿੰਘ ਚੈਅਰਮੈਨ, ਬਲਵਿੰਦਰ ਸਿੰਘ ਡੀਪੀਈ, ਮੈਡਮ ਰਮਨ ਜਿੰਦਲ ਤੇ ਸਮੂਹ ਸਟਾਫ ਹਾਜ਼ਰ ਸੀ।

## ਅੰਮ੍ਰਿਤਪਾਲ ਦੇ ਮਾਪਿਆਂ ਤੇ ਭਰਾ ਨੂੰ ਗ੍ਰਿਫ਼ਤਾਰ ਕਰਨਾ ਸਿੱਖ ਕੌਮ ਨੂੰ ਠੇਸ ਪਹੁੰਚਾਉਣਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਈ ਅੰਮ੍ਰਿਤਪਾਲ ਸਿੰਘ ਬੰਦੀ ਡਿਬਰੂਗੜ੍ਹ ਜੇਲ੍ਹ ਦੇ ਮਾਤਾ ਪਿਤਾ ਅਤੇ ਭਰਾ ਜਦੋਂ ਪਟਨਾ ਸਾਹਿਬ ਅਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਦਰਸ਼ਨ ਕਰਕੇ ਵਾਪਸ ਰੇਲਗੱਡੀ ਰਾਹੀਂ ਪੰਜਾਬ ਆ ਰਹੇ ਸਨ ਤਾਂ ਦਿੱਲੀ ਰੇਲਵੇ ਸਟੇਸ਼ਨ ਤੋਂ ਦਿੱਲੀ ਪੁਲਸ ਨੇ ਥੱਲੇ ਉਤਾਰਕੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਜੋ ਅਤਿ ਸ਼ਰਮਨਾਕ ਅਤੇ ਨਿੰਦਣਯੋਗ ਦਿੱਲੀ ਪੁਲਸ ਦੀ ਕਾਰਵਾਈ ਹੈ। ਇਸ ਅਤਿ ਗੰਭੀਰ ਵਿਸ਼ੇ ਉਤੇ ਇੰਡੀਆ ਦੇ ਗ੍ਰਹਿ ਵਜ਼ੀਰ ਅਮਿਤ ਸ਼ਾਹ ਅਤੇ ਦਿੱਲੀ ਦੇ ਲੈਫ. ਗਵਰਨਰ ਵਿਨਾਏ ਕੁਮਾਰ ਸਕਸੈਨਾ ਨੂੰ ਤੁਰੰਤ ਸਿੱਖ ਕੌਮ ਦੇ ਮਨਾਂ ਨੂੰ ਪਹੁੰਚੀ ਡੂੰਘੀ ਠੇਸ ਦੇ ਮੁੱਦੇ ਉਤੇ ਫੌਰੀ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਰਿਹਾਅ ਕਰਨ ਦੇ ਹੁਕਮ ਹੋਣੇ ਚਾਹੀਦੇ ਹਨ ਤਾਂ ਕਿ ਪੰਜਾਬ ਸੂਬੇ ਅਤੇ ਜਿਥੇ ਕਿਤੇ ਵੀ ਸਿੱਖ ਕੌਮ ਵੱਸਦੀ ਹੈ, ਉਸ ਵਿਚ ਕਿਸੇ ਤਰ੍ਹਾਂ ਦੀ ਨਮੋਸ਼ਸ਼ੀ ਅਤੇ ਗੁੱਸੇ ਦੀ ਲਹਿਰ ਖੜ੍ਹੀ ਨਾ ਹੋ ਜਾਵੇ।

# ਪ੍ਰਾਪਰਟੀ ਡੀਲਰ ਦੇ ਕੰਮ 'ਚ ਪੈ ਗਿਆ ਮੰਦਾ ਤਾਂ ਸ਼ੁਰੂ ਕੀਤਾ ਨਕਲੀ ਨੋਟ ਛਾਪਣ ਦਾ ਧੰਦਾ

**ਪੁਲਸ ਵੱਲੋਂ 2 ਕਾਬੂ, ਤੀਜਾ ਫਰਾਰ**



**ਜਗਰਾਉਂ (ਅਮਿਤ ਖੰਨਾ)**-ਵੱਡੇ ਪੱਧਰ 'ਤੇ ਨਕਲੀ ਨੋਟ ਛਾਪ ਕੇ ਲੁਧਿਆਣੇ ਚਲਾਉਣ ਜਾ ਰਹੇ ਤਿੰਨ ਬਦਮਾਸ਼ਾਂ ਵਿੱਚੋਂ ਲੁਧਿਆਣਾ ਪੁਲਿਸ ਵੱਲੋਂ ਦੋ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਹ ਦੋਵੇਂ ਲੁਧਿਆਣਾ ਦਿਹਾਤੀ ਦੇ ਜਗਰਾਉਂ ਦੇ ਵਸਨੀਕ ਹਨ।ਇਨ੍ਹਾਂ ਦਾ ਤੀਜਾ ਸਾਥੀ ਜੋ ਮੋਗਾ ਦਾ ਰਹਿਣ ਵਾਲਾ ਹੈ, ਮੌਕੇ ਤੋਂ ਫਰਾਰ ਹੋ ਗਿਆ।3 ਮਹੀਨਿਆਂ ਤੋਂ ਜਾਅਲੀ ਕਰੰਸੀ ਛਾਪ ਰਹੇ ਸਨ। ਲੁਧਿਆਣਾ ਪੁਲਿਸ ਦੇ ਏ.ਸੀ.ਪੀ ਮਨਦੀਪ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ 200 ਰੁਪਏ ਦੇ 16 ਬੰਡਲ ਤੇ 100 ਰੁਪਏ ਦੇ ਨਕਲੀ ਨੋਟਾਂ ਦੇ 19 ਬੰਡਲ ਬਰਾਮਦ ਕੀਤੇ ਗਏ ਹਨ, ਜਿਸ ਦੀ ਕੁੱਲ ਰਕਮ 5 ਲੱਖ ਰੁਪਏ ਨਾਲੋਂ ਵੀ ਜ਼ਿਆਦਾ ਬਣਦੀ ਹੈ।ਉਹ 100-200 ਰੁਪਏ ਦੇ ਨੋਟ ਛਾਪਦੇ ਸਨ ਤਾਂ ਜੁ ਉਹ ਬਾਜ਼ਾਰ ਵਿੱਚ ਆਸਾਨੀ ਨਾਲ ਖਪਾਏ ਜਾ ਸਕਣ।ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੇ ਇਹ ਗੱਲ ਕਬੂਲ ਕੀਤੀ ਹੈ ਕਿ ਉਹ ਪਹਿਲਾਂ ਪ੍ਰਾਪਰਟੀ ਡੀਲਰ ਦਾ ਕਾਰੋਬਾਰ ਕਰਦੇ ਸਨ, ਪਰ ਪਿਛਲੇ ਕਾਫੀ ਅਰਸੇ ਤੋਂ ਪ੍ਰਾਪਰਟੀ ਦੇ ਕਾਰੋਬਾਰ ਵਿੱਚ ਮੰਦਾ ਪੈ ਜਾਣ ਕਾਰਨ ਉਹ ਪਿਛਲੇ ਤਿੰਨ ਮਹੀਨੇ ਤੋਂ ਹੀ ਇਸ ਧੰਦੇ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਅੱਗੇ ਦੱਸਿਆ ਕਿ ਤਿੰਨੋਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਇਨ੍ਹਾਂ ਦੀ ਪਛਾਣ ਸੋਹਣ ਸਿੰਘ ਉਰਫ਼ ਸੋਨੀ, ਮਨਦੀਪ ਸਿੰਘ ਉਰਫ਼ ਮਨੂ ਵਾਸੀ ਜਗਰਾਉਂ ਵਜੋਂ ਹੋਈ ਹੈ ਤੇ ਇਨ੍ਹਾਂ ਦੇ ਫਰਾਰ ਸਾਥੀ ਦੀ ਪਛਾਣ ਬਖਤੌਰ ਸਿੰਘ ਵਾਸੀ ਮੋਗਾ ਵਜੋਂ ਹੋਈ ਹੈ, ਜਿਸ ਪ੍ਰਿੰਟਰ ਨਾਲ ਮੁਲਜ਼ਮ ਨਕਲੀ ਨੋਟ ਛਾਪਦੇ ਸਨ, ਉਸ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।ਤਿੰਨੋਂ ਮੁਲਜ਼ਮ 3 ਮਹੀਨਿਆਂ ਤੋਂ ਵੱਧ ਸਮੇਂ ਤੋਂ ਇਸ ਕੰਮ ਵਿੱਚ ਲੱਗੇ ਹੋਏ ਸਨ।ਪੁਲਸ ਇਸ ਗੱਲ ਦਾ ਪਤਾ ਲਗਾ ਰਹੀ ਹੈ ਕਿ ਮੁਲਜ਼ਮਾਂ ਨੇ ਹੁਣ ਤੱਕ ਕਿੰਨੀ ਜਾਅਲੀ ਕਰੰਸੀ ਬਣਾਈ ਹੈ ਤੇ ਮਾਰਕੀਟ ਵਿੱਚ ਕਿੱਥੇ ਕਿੱਥੇ ਚਲਾਈ ਹੈ।

# ਬਿਨਾਂ ਸੇਫਟੀ ਬੈਲਟਾਂ ਤੋਂ ਠੇਕਾ ਕਾਮੇ ਵਿਛਾਅ ਰਹੇ ਬਿਜਲੀ ਲਾਈਨ

**ਉਪ ਮੰਡਲ ਦਫਤਰ ਭਿੱਖੀਵਿੰਡ 'ਚ ਇੱਕੋ ਠੇਕੇਦਾਰ ਕਰ ਰਿਹਾ ਕਈ ਸਾਲਾਂ ਤੋਂ ਕੰਮ**



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਬੀਐੱਸਐੱਫ ਛਾਉਣੀ ਭਿੱਖੀਵਿੰਡ ਨੂੰ ਬਿਜਲੀ ਸਪਲਾਈ ਦੇਣ ਲਈ ਵਿਛਾਈ ਜਾ ਰਹੀ ਲਾਈਨ ਦੇ ਕੰਮ ਵਿੱਚ ਉਸ ਸਮੇਂ ਵੱਡੀਆਂ ਅਣਗਹਿਲੀਆਂ ਸਾਹਮਣੇ ਆਈਆਂ ਜਦੋਂ ਉੱਪ ਮੰਡਲ ਭਿੱਖੀਵਿੰਡ ਤੋਂ ਠੇਕੇਦਾਰ ਦੇ ਕਰਿੰਦੇ ਹਾਈਡਰਾ ਕ੍ਰੇਨ ਦੀ ਨੋਕ 'ਤੇ ਬੈਠ ਕੇ ਬਿਨਾਂ ਸੇਫਟੀ ਬੈਲਟਾਂ, ਦਸਤਾਨਿਆਂ ਅਤੇ ਹੋਰ ਸੁਰੱਖਿਆ ਉਪਕਰਨਾਂ ਦੇ ਕੰਮ ਕਰਦੇ ਨਜ਼ਰ ਆਏ। ਪ੍ਰਾਪਤ ਜਾਣਕਾਰੀ ਅਨੁਸਾਰ ਬੀਐੱਸਐੱਫ ਕੈਂਪਸ ਸਿੰਘਪੁਰਾ ਵੱਲੋਂ ਵੱਖਰੀ ਬਿਜਲੀ ਸਪਲਾਈ ਲੈਣ ਲਈ ਉੱਪ ਮੰਡਲ ਭਿੱਖੀਵਿੰਡ ਨੂੰ ਐਸਟੀਮੇਟ ਅਨੁਸਾਰ ਤਕਰੀਬਨ 39 ਲੱਖ ਰੁਪਏ ਦੀ ਰਕਮ ਜਮ੍ਹਾ ਕਰਵਾਈ ਗਈ ਹੈ, ਜਿਸ ਦੇ ਚੱਲਦਿਆਂ ਪਿਛਲੇ ਵੀਹ ਦਿਨਾਂ ਤੋਂ ਬਿਜਲੀ ਲਾਈਨ ਵਿਛਾਉਣ ਦਾ ਕੰਮ ਚੱਲ ਰਿਹਾ ਹੈ। ਇਸ ਮੌਕੇ ਜਦੋਂ ਬਿਨਾਂ ਸੇਫਟੀ ਬੈਲਟਾਂ ਅਤੇ ਹੋਰ ਸੁਰੱਖਿਆ ਉਪਕਰਨਾਂ ਤੋਂ ਹਾਈਡਰਾ ਕ੍ਰੇਨ ਦੀ ਨੋਕ 'ਤੇ ਬਿਠਾ ਕੇ ਕਰਮਚਾਰੀਆਂ ਤੋਂ ਕਰਵਾਏ ਜਾ ਰਹੇ ਕੰਮ ਸੰਬੰਧੀ ਠੇਕੇਦਾਰ ਅਮਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਸੇਫਟੀ ਬੈਲਟਾਂ ਸਮੇਤ ਸਾਰੇ ਸੁਰੱਖਿਆ ਉਪਕਰਨ ਕਰਮਚਾਰੀਆਂ ਨੂੰ ਮੁਹੱਈਆ ਕਰਵਾਏ ਗਏ ਹਨ, ਪ੍ਰੰਤੂ ਕਰਮਚਾਰੀ ਖੁਦ ਸੁਰੱਖਿਅਤ ਉਪਕਰਨ ਨਹੀਂ ਪਾਉਂਦੇ। ਇਸ ਮਾਮਲੇ ਸੰਬੰਧੀ ਜਦੋਂ ਚੀਫ ਇੰਜੀਨੀਅਰ ਸਰਕਲ ਤਰਨ ਤਾਰਨ ਮੋਹਤਮ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਐਕਸੀਅਨ ਭਿੱਖੀਵਿੰਡ ਤੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਵਾ ਕੇ ਸੰਬੰਧਤ ਠੇਕੇਦਾਰ ਵਿਰੁੱਧ ਕਾਰਵਾਈ ਕਰਨਗੇ। ਉੱਧਰ ਠੇਕਾ ਕਾਮਿਆਂ ਦੀ ਸੁਰੱਖਿਆ ਸੰਬੰਧੀ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸੰਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਠੇਕੇਦਾਰ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਵਿੱਢਿਆ ਜਾਵੇਗਾ : ਆਗੂ



**ਮੂਨਕ (ਰਾਜਪਾਲ ਸਿੰਗਲਾ)**-ਸਥਾਨਕ ਸ਼ਹਿਰ ਦੇ ਦਫਤਰ ਵਿੱਚ ਪੈਨਸ਼ਨਰਾਂ ਵੱਲੋਂ ਮਹੀਨਾਵਾਰ ਮੀਟਿੰਗ ਪੈਨਸ਼ਨਰਜ਼ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਦੀ ਮੀਟਿੰਗ ਸੋਮ ਚੰਦ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਾਡੇ ਨਾਲ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੈਂਬਰ ਕੌਰ ਸਿੰਘ, ਸੁਖਚੈਨ ਸਿੰਘ ਤੇ ਹੋਰ ਪਰਿਵਾਰਕ ਮੈਂਬਰ ਸਾਡੇ ਨਾਲੋਂ ਸਦਾ ਲਈ ਵਿੱਛੜ ਗਏ ਹਨ, ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਸ ਤੋਂ ਬਾਅਦ ਬੁਲਾਰੇ ਮੰਗਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਵੀਜ਼ਨ ਲਹਿਰਾਗਾਗਾ ਜਗਰੂਪ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਹਿੱਟ ਐਂਡ ਰਨ ਕਾਨੂੰਨ ਲਿਆ ਕੇ ਜਥੇਬੰਦੀਆਂ ਵਿੱਚ ਰੋਸ ਪੈਦਾ ਕੀਤਾ ਗਿਆ, ਜਿਸ ਵਿੱਚ ਸਾਰੇ ਦੇਸ਼ ਵਿੱਚ ਹੜਤਾਲ ਕੀਤੀ ਗਈ, ਪਰ ਫਿਰ ਵੀ ਪੈਨਸ਼ਨ ਐਸੋਸੀਏਸ਼ਨ ਇਸ ਦਾ ਸਮਰਥਨ ਕਰ ਰਹੀ ਹੈ ਕਿ ਜੇਕਰ ਸਰਕਾਰ ਵੱਲੋਂ ਆਪਣੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਵੱਲੋਂ ਮੀਟਿੰਗਾਂ ਨਾ ਦੇਣ, ਪੈਨਸ਼ਨਰਾਂ ਨੂੰ 2.59 ਨਾਲ 1-1-16 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਨੂੰ ਆਪਣਾ ਬਣਦਾ ਹੱਕ ਅਤੇ ਡੀ ਏ ਦੀਆਂ ਕਿਸ਼ਤਾਂ 12 ਪ੍ਰਸੈਂਟ ਦਾ ਬਣਦਾ ਬਕਾਇਆ ਰਕਮ ਨਾ ਦਿੱਤੀਆਂ ਅਤੇ ਹੋਰ ਮੰਗਾਂ ਮਨਾਉਣ ਲਈ ਸੰਘਰਸ਼ ਕੀਤਾ ਜਾਵੇਗਾ, ਜਿਸ ਵਿੱਚ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ। ਇਸ ਲਈ ਸਾਂਝੇ ਯਤਨਾਂ ਸਦਕਾ ਸਾਂਝੇ ਸੰਘਰਸ਼ ਪੈਨਸ਼ਨ ਜਾਇੰਟ ਫਰੰਟ ਵੱਲੋਂ ਕੀਤੇ ਜਾ ਰਹੇ ਹਨ, ਉਸ ਵਿੱਚ ਵੀ ਪੈਨਸ਼ਨ ਐਸੋਸੀਏਸ਼ਨ ਡਵੀਜ਼ਨ ਲਹਿਰਾਗਾਗਾ ਇਕਾਈ ਮੂਨਕ ਵੱਲੋਂ ਸਭ ਤੋਂ ਵੱਧ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਕੀਤਾ ਜਾਵੇਗਾ।

## ਬਠਿੰਡਾ ਪੁਲਸ ਨੇ ਨਸ਼ਾ ਤਸਕਰਾਂ ਦੀ ਪ੍ਰਾਪਰਟੀ ਨੂੰ ਕੀਤਾ ਜ਼ਬਤ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਤਹਿਤ ਚਲਾਈ ਗਈ ਮੁਹਿੰਮ ਤਹਿਤ ਸ਼੍ਰੀ ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਬਠਿੰਡਾ ਵੱਲੋਂ ਜ਼ਿਲ੍ਹਾ ਬਠਿੰਡਾ ਵਿਖੇ ਨਸ਼ੇ ਦੇ ਸੌਦਾਗਰਾਂ ਦੇ ਕਾਰੋਬਾਰ ਨੂੰ ਬੰਦ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਇਨ੍ਹਾਂ ਨਸ਼ੇ ਦੇ ਸੌਦਾਗਰਾਂ ਵੱਲੋਂ ਨਸ਼ੇ ਦਾ ਕਾਰੋਬਾਰ ਤੋਂ ਬਣਾਈ ਅਣ-ਅਧਿਕਾਰਤ/ਗੈਰ-ਕਾਨੂੰਨੀ ਪ੍ਰਾਪਰਟੀ ਨੂੰ ਕੌਂਪੀਟੈਂਟ ਅਥਾਰਟੀ ਦਿੱਲੀ ਪਾਸੋਂ ਜ਼ਬਤ ਕਰਵਾਇਆ ਗਿਆ। ਇਨ੍ਹਾਂ ਦੀ ਕੁੱਲ ਕੀਮਤ ਕਰੀਬ 30 ਲੱਖ ਰੁਪਏ ਹੈ। ਇਸ ਤੋਂ ਇਲਾਵਾ ਸ਼੍ਰੀ ਹਰਮਨਬੀਰ ਸਿੰਘ ਗਿੱਲ ਐੱਸ.ਐੱਸ.ਪੀ. ਬਠਿੰਡਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਐੱਨ.ਡੀ.ਪੀ.ਐੱਸ. ਦੇ 26 ਕੇਸ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 5 ਐੱਨ.ਡੀ.ਪੀ.ਐੱਸ. ਕੇਸਾਂ ਦੀ ਪ੍ਰਾਪਰਟੀ ਕੰਨਫਰਮ ਹੋ ਚੁੱਕੀ ਹੈ ਅਤੇ ਬਾਕੀ ਰਹਿੰਦੇ 21 ਕੇਸਾਂ ਦੀ ਕੰਪੀਟੈਂਟ ਅਥਾਰਟੀ ਪਾਸ ਪੈਂਡਿੰਗ ਹਨ, ਜਿਨ੍ਹਾਂ ਦੀ ਕੁੱਲ ਕੀਮਤ ਕਰੀਬ 3 ਕਰੋੜ ਦੇ ਆਸ-ਪਾਸ ਹੈ। ਇਸ ਤੋਂ ਇਲਾਵਾ ਆਉਣ ਵਾਲੇ ਸਮੇਂ ਦੌਰਾਨ ਬਠਿੰਡਾ ਪੁਲਸ ਦੀ ਟੀਮ ਵਿੱਚ ਸ਼ਾਮਲ ਡੀ ਐੱਸ ਪੀ ਮੋਹਿਤ ਅਗਰਵਾਲ ਤੇ ਇੰਸ. ਗੁਰਪ੍ਰੀਤ ਸਿੰਘ ਐੱਫ ਆਈ ਯੂ ਦੀ ਟੀਮ ਦੇ ਇੰਚਾਰਜ ਵੱਲੋਂ ਹੋਰ ਵੀ ਨਸ਼ਾ ਤਸਕਰਾਂ ਦੀ ਸ਼ਨਾਖਤ ਕਰਕੇ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਭੇਜ ਕੇ ਜ਼ਬਤ ਕਰਵਾਈਆਂ ਜਾਣਗੀਆਂ।



## ਮੋਬਾਈਲ ਫੋਨ ਖੋਹ ਕੇ ਭੱਜੇ ਦੋ ਮੋਟਰਸਾਈਕਲ ਸਵਾਰ ਪੁਲਸ ਵੱਲੋਂ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਇੱਕ ਵਿਅਕਤੀ ਤੋਂ ਮੋਬਾਈਲ ਫੋਨ ਝਪਟ ਕੇ ਭੱਜੇ ਦੋ ਮੋਟਰਸਾਈਕਲ ਸਵਾਰਾਂ ਨੂੰ ਸਰਹਿੰਦ ਮੰਡੀ ਚੌਕੀ ਦੀ ਪੁਲਸ ਵੱਲੋਂ ਗ੍ਰਿਫਤਾਰ ਕਰ ਲਏ ਜਾਣ ਦਾ ਸਮਾਚਾਰ ਹੈ। ਨਰੇਸ਼ ਕੁਮਾਰ (51) ਵਾਸੀ ਲਕਛਮੀ ਕਲੋਨੀ ਸਰਹਿੰਦ ਨੇ ਦੱਸਿਆ ਕਿ 1 ਜਨਵਰੀ ਨੂੰ ਦੁਪਹਿਰ ਕਰੀਬ ਸਾਢੇ ਕੁ ਬਾਰਾਂ ਵਜੇ ਉਹ ਕ੍ਰਿਸ਼ਨਾ ਗਊਸ਼ਾਲਾ ਸਰਹਿੰਦ ਮੰਡੀ ਦੇ ਬਾਹਰ ਖੜ੍ਹਾ ਸੀ ਤਾਂ ਉਸ ਨੇ ਕਾਲ ਸੁਣਨ ਲਈ ਆਪਣਾ ਮੋਬਾਈਲ ਫੋਨ ਜੇਬ 'ਚੋਂ ਬਾਹਰ ਕੱਢਿਆ ਤਾਂ ਬੰਨੂ ਵੱਲੋਂ ਮੋਟਰਸਾਈਕਲ 'ਤੇ ਆ ਰਹੇ ਦੋ ਨੌਜਵਾਨਾਂ 'ਚੋਂ ਪਿੱਛੇ ਬੈਠੇ ਨੌਜਵਾਨ ਨੇ ਉਸ ਦਾ ਮੋਬਾਈਲ ਫੋਨ ਝਪਟ ਲਿਆ ਤੇ ਉਹ ਮੋਟਰਸਾਈਕਲ ਭਜਾ ਕੇ ਲੈ ਗਏ ਜਿਨਾਂ ਸਬੰਧੀ ਕੀਤੀ ਗਈ ਪੜਤਾਲ ਦੌਰਾਨ ਉਸ ਨੂੰ ਪਤਾ ਲੱਗਾ ਕਿ ਮੋਟਰਸਾਈਕਲ ਚਾਲਕ ਦਾ ਨਾਂ ਸਰਬਜੀਤ ਸਿੰਘ ਹੈ ਤੇ ਪਿੱਛੇ ਬੈਠੇ ਨੌਜਵਾਨ ਦਾ ਨਾਂ ਨਵਜੋਤ ਸਿੰਘ ਹੈ ਜੋ ਕਿ ਪਿੰਡ ਮੀਰਪੁਰ ਦੇ ਰਹਿਣ ਵਾਲੇ ਹਨ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮੁਕੱਦਮਾ ਦਰਜ ਕਰਵਾ ਕੇ ਮਾਮਲੇ ਦੀ ਤਫਤੀਸ਼ ਕਰਦਿਆਂ ਸਰਹਿੰਦ ਮੰਡੀ ਚੌਕੀ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਸਰਬਜੀਤ ਸਿੰਘ ਅਤੇ ਨਵਜੋਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ...ਸਫ਼ਾ 1 ਦੇ ਬਾਕੀ

### ਜਾਖੜ ਹੁਣ ਕਿਹੜੇ ਮੂੰਹ...

ਕਿਹਾ ਕਿ ਬਦਕਿਸਮਤੀ ਨਾਲ ਜਾਖੜ ਵਰਗੇ ਨਵੇਂ-ਨਵੇਂ ਬਣੇ 'ਭਗਤ' ਆਪਣੀ ਅੰਧ-ਭਗਤੀ ਵਿੱਚ ਪੰਜਾਬ ਦੇ ਹਿੱਤਾਂ ਨੂੰ ਸਿਰੇ ਤੋਂ ਦਰਕਿਨਾਰ ਕਰਦਿਆਂ ਮੋਦੀ ਸਰਕਾਰ ਦੇ ਤਾਨਾਸ਼ਾਹੀ ਕਦਮਾਂ ਨੂੰ ਜਾਇਜ਼ ਠਹਿਰਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨਾਲ ਸੰਬੰਧਤ ਹੋਣ ਦੇ ਬਾਵਜੂਦ ਇਹ ਆਗੂ ਮਹਿਜ਼ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਆਪਣੀ ਹਾਈ ਕਮਾਂਡ ਨਾਲ ਮਿਲ ਕੇ ਸੂਬੇ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਆਪਣੇ ਆਕਾਵਾਂ ਦੀਆਂ ਇੱਛਾਵਾਂ ਅਨੁਸਾਰ ਝੂਠ ਬੋਲਣ ਵਿੱਚ ਹਾਲੇ ਪੂਰੀ ਤਰ੍ਹਾਂ ਮਾਹਿਰ ਨਹੀਂ ਹੋਏ ਹਨ। ਉਨ੍ਹਾ ਕਿਹਾ ਕਿ ਜਾਖੜ ਹਾਲ ਹੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਹਨ, ਜਿਸ ਕਾਰਨ ਉਹ ਆਪਣੀ ਹਾਈ ਕਮਾਂਡ ਵੱਲੋਂ ਤਿਆਰ ਕੀਤੀਆਂ ਸਕਰਿਪਟਾਂ ਪੜ੍ਹਨ ਵਿੱਚ ਹਾਲੇ ਪੂਰੇ ਉਸਤਾਦ ਨਹੀਂ ਬਣੇ। ਮਾਨ ਨੇ ਕਿਹਾ ਕਿ ਕਿੰਨੀ ਬਦਕਿਸਮਤੀ ਵਾਲੀ ਗੱਲ ਹੈ ਕਿ ਭਾਜਪਾਈ ਲੀਡਰਸ਼ਿਪ ਪੰਜਾਬ ਦੀ ਹੇਠੀ ਕਰ ਰਹੀ ਹੈ ਅਤੇ ਇਹ ਆਗੂ ਆਪਣੇ ਲੀਡਰਾਂ ਦਾ ਗੁਣਗਾਣ ਕਰਨ ਵਿੱਚ ਮਸਤ ਹਨ।

**PUBLIC NOTICE**

Under the instruction of GRIHUM HOUSING FINANCE LIMITED FORMERLY KNOWN AS POONAWALA HOUSING FINANCE LIMITED, I hereby informed the general public that Ashwani Kumar s/o Ram Narain is absolute owner of Property Plot Private no 17,18 min Khasra no 29//1 min, Total measuring 50 sq yards being ½ share of 100 Square Yards, situated at Bharariwal Sub Urban, Tehsil & District Amritsar Bounded East: Remaining portion of Plot no 17,18 min West: Road 20 feet wide, North: Remaining portion of Plot no 18, South: Plot no 18. That Minakshi w/o Sham Sunder through GPA Rajesh Kumar s/o Prithavi Raj & Sangeeta Rani w/o Rajesh Kumar through GPA Saroj w/o Raj Kumar sold 100 Square Yards to Sujinder Singh s/o Darbara Singh vide sale deed regd dated 30.11.2004 as doc no.8074 and same is shown as owner of 3 Marlas in the Jamabandi for the year 2009-10. Then Sujinder Singh s/o Darbara Singh sold 50 Square Yards to Avtar Singh s/o Gurnam Singh vide sale deed regd dated 21.11.2014 as doc no.6146 of which mutation no.9665 has been sanctioned by revenue authorities and same is remained as owner of 1.5 Marlas in the Jamabandi for the year 2014-15, 2019-20. Then Avtar Singh s/o Gurnam Singh sold 50 Square Yards to Ashwani Kumar s/o Ram Narian vide sale deed regd dated 08.10.2021 as doc no.2021-22/89/1/5552 of which mutation no.13474 has been sanctioned by revenue authorities. Now Ashwani Kumar s/o Ram Narian is selling 50 Square Yards to Bharti w/o Lovely Kumar. Now Rinku Shrivastav s/o Satpal Shrivastav and Bharti w/o Lovely Kumar are taking loan on said property from of GRIHUM HOUSING FINANCE LIMITED FORMERLY KNOWN AS POONAWALA HOUSING FINANCE LIMITED Plot no 3 Above SBI Bank, Lawrence Road, Amritsar. Avtar Singh s/o Gurnam Singh has lost previous documents i.e. 1. Original Sale Deed executed by Sujinder Singh s/o Darbara Singh in favour of Avtar Singh s/o Gurnam Singh vide sale deed regd dated 21.11.2014 as doc no.6146. A DDR no 23 PS gate Hakimman dt 29.9.2021 has also been got registered in this respect. Anybody having claim or claiming any prior rights or interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned and may submit objections in writing within 7 days in writing from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Jana Small Finance Limited.

Vikas Verma (Advocate), House no 264 Basant Avenue Near I.M. A House, Amritsar. Ph: 9815156302

AXIS BANK LTD.

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐਸੇਟ ਸੈਂਟਰ, ਐਕਸਿਸ ਬੈਂਕ ਲਿਮਟਿਡ, ਦੂਜੀ ਮੰਜ਼ਲ, ਜਾਇਦਾਦ # 7ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੁਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁ.) |
| --- | --- | --- | --- | --- | --- |
| 1 | (1) ਮੈਸ: ਭਸੀਨ ਮੈਡੀਕਲ ਸਟੋਰ ਰਾਹੀਂ ਇਸ ਦੇ ਮਾਲਕ ਸ੍ਰੀ ਸਰਬਜੀਤ ਸਿੰਘ, ਪਤਾ : ਦੁਕਾਨ ਨੰ. 13, ਇੰਦਰਾ ਮਾਰਕਿਟ, ਸ਼ੇਰਾਂਵਾਲਾ ਗੇਟ, ਪਟਿਆਲਾ, ਪੰਜਾਬ-147001 (2) ਸ੍ਰੀ ਸਰਬਜੀਤ ਸਿੰਘ ਪੁੱਤਰ ਸਵ. ਮੋਹਿੰਦਰ ਸਿੰਘ, ਪਤਾ : ਦੁਕਾਨ ਨੰ. 13, ਇੰਦਰਾ ਮਾਰਕਿਟ, ਸ਼ੇਰਾਂਵਾਲਾ ਗੇਟ, ਪਟਿਆਲਾ, ਪੰਜਾਬ-147001, ਨਾਲ ਹੀ : ਮਕਾਨ ਨੰ. 135/2, ਗਲੀ ਨੰ. 5, ਨੇੜੇ ਟਿਊਬਵੈੱਲ, ਅਰਜੁਨ ਨਗਰ, ਪਟਿਆਲਾ, ਪੰਜਾਬ 147001, (3) ਸ੍ਰੀ ਜਗਜੀਤ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ, ਪਤਾ : ਮਕਾਨ ਨੰ. 135/2, ਗਲੀ ਨੰ. 5, ਨੇੜੇ ਟਿਊਬਵੈੱਲ, ਅਰਜੁਨ ਨਗਰ, ਪਟਿਆਲਾ, ਪੰਜਾਬ-147001, (4) ਸ੍ਰੀਮਤੀ ਕਵਲਜੀਤ ਕੌਰ ਪਤਨੀ ਸਰਬਜੀਤ ਸਿੰਘ ਪਤਾ : ਮਕਾਨ ਨੰ. 135/2, ਗਲੀ ਨੰ. 5, ਨੇੜੇ ਟਿਊਬਵੈੱਲ, ਅਰਜੁਨ ਨਗਰ, ਪਟਿਆਲਾ, ਪੰਜਾਬ-147001, (5) ਸ੍ਰੀ ਕਵਲਜੋਤ ਸਿੰਘ ਪੁੱਤਰ ਸਰਬਜੀਤ ਸਿੰਘ ਪਤਾ : ਮਕਾਨ ਨੰ. 135/2, ਗਲੀ ਨੰ. 5, ਨੇੜੇ ਟਿਊਬਵੈੱਲ, ਅਰਜੁਨ ਨਗਰ, ਪਟਿਆਲਾ, ਪੰਜਾਬ-147001 | ਬੈਨਾਮਾ ਨੰ. 9306 ਮਿਤੀ 10.02.1995 ਅਤੇ ਬੈਨਾਮਾ ਨੰ. 12495 ਮਿਤੀ 01.02.2008 ਅਨੁਸਾਰ ਸ੍ਰੀ ਸਰਬਜੀਤ ਸਿੰਘ, ਸ੍ਰੀ ਜਗਜੀਤ ਸਿੰਘ, ਸ੍ਰੀ ਕਵਲਜੋਤ ਸਿੰਘ ਅਤੇ ਸ੍ਰੀਮਤੀ ਕਵਲਜੀਤ ਕੌਰ ਦੀ ਮਲਕੀਅਤ ਰਿਹਾਇਸ਼ੀ ਜਾਇਦਾਦ ਰਕਬਾ 182 ਵਰਗ ਗਜ਼, ਐਮ ਸੀ # ਬੀ-XVII-343, ਮਕਾਨ ਨੰ. 135/2 ਅਤੇ 152/2, ਗਲੀ ਨੰ. 5, ਅਰਜੁਨ ਨਗਰ, ਲੋਅਰ ਮਾਲ ਰੋਡ, ਪਟਿਆਲਾ ਪੰਜਾਬ, 147001 ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ। | 23 ਅਗਸਤ 2022 | 04 ਜਨਵਰੀ 2024 | ਰੁਪਏ 87,22,745/- (ਸਤਾਸੀ ਲੱਖ ਬਾਈ ਹਜ਼ਾਰ ਸੱਤ ਸੌ ਪੰਤਾਲੀ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 06.01.2024, ਸਥਾਨ : ਪਟਿਆਲਾ — ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

6-Jan-PAGE-3.qxd 1/5/2024 9:19 PM Page 1



# ਸੋਮਾ ਕੰਪਨੀ ਦੇ ਅਧਿਕਾਰੀਆਂ ਨੇ ਮਸਲੇ ਹੱਲ ਨਾ ਕੀਤੇ ਤਾਂ ਧਰਨੇ ਲਗਾਵਾਂਗੇ : ਧਾਰੀਵਾਲ/ਖਹਿਰਾ



**ਪੱਟੀ, (ਬਲਦੇਵ ਸਿੰਘ ਸੰਧੂ/ਸਮਸ਼ੇਰ ਸਿੰਘ ਯੋਧਾ)**-ਪਿੰਡ ਚੂਸਲੇਵੜ ਦੇ ਨੇੜੇ ਲੱਗਦੇ ਸੋਮਾ ਕੰਪਨੀ ਦੇ ਗੁਦਾਮ ਦੇ ਮੁਲਾਜ਼ਮਾਂ ਨੇ ਕਿਹਾ ਕਿ ਜੇਕਰ ਇਲਾਕੇ ਦੀਆਂ ਮੁਸ਼ਕਿਲਾਂ ਦਾ ਹੱਲ ਨਾ ਕੱਢਿਆ ਤਾਂ ਧਰਨੇ ਦਾ ਐਲਾਨ ਕੀਤਾ ਜਾਵੇਗਾ। ਇਹ ਜਾਣਕਾਰੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ, ਜ਼ੋਨ ਸਕੱਤਰ ਸਵਰਨ ਸਿੰਘ ਖਹਿਰਾ ਹਰੀਕੇ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਸਾਂਝੀ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪੱਟੀ ਇਲਾਕੇ ਦੀਆ ਸਾਰੀਆਂ ਮੰਡੀਆਂ ਦੀ ਕਣਕ ਸੋਮਾ ਕੰਪਨੀ ਦੇ ਗੁਦਾਮਾ ਵਿੱਚ ਲਗਾਈ ਜਾਂਦੀ ਹੈ। ਕਣਕ ਦੇ ਸੀਜ਼ਨ ਵਿੱਚ ਟਰੱਕਾਂ ਦੀਆਂ ਲੰਮੀਆਂ ਲੰਮੀਆਂ ਲਾਈਨਾਂ ਲੱਗ ਜਾਂਦੀਆਂ ਹਨ ਅਤੇ ਹਰੀਕੇ, ਖਾਲੜਾ ਰੋਡ ਟਰੱਕਾਂ ਦੀਆਂ ਲਾਈਨਾਂ ਕਰਕੇ ਜਾਮ ਹੋ ਜਾਂਦਾ ਹੈ ਜਿਸ ਕਰਕੇ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਇਲਾਕਾ ਵਾਸੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸੋਮਾ ਕੰਪਨੀ ਵੱਲੋਂ ਗੱਡੀਆਂ ਰੋਕਣ ਲਈ ਪਾਰਕਿੰਗ ਨਹੀਂ ਬਣਾਈ ਗਈ ਅਤੇ ਨਾ ਹੀ ਡਰਾਈਵਰਾਂ ਲਈ ਪੀਣ ਯੋਗ ਪਾਣੀ ਨਾ ਹੀ ਬਾਥਰੂਮਾਂ ਦਾ ਖਾਸ ਪ੍ਰਬੰਧ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਇਲਾਕੇ ਵਾਸੀਆਂ ਵੱਲੋਂ ਸੋਮਾ ਕੰਪਨੀ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪੇ ਗਏ ਹਨ। ਸੋਮਾਂ ਕੰਪਨੀ ਦੇ ਅਧਿਕਾਰੀਆਂ ਵੱਲੋਂ ਲਿਖਤੀ ਭਰੋਸਾ ਦਿੱਤਾ ਗਿਆ ਸੀ ਕਿ ਆਉਣ ਵਾਲੇ ਸੀਜ਼ਨ ਵਿੱਚ ਸੋਮਾਂ ਕੰਪਨੀ ਵੱਲੋਂ ਟਰੱਕਾਂ ਲਈ ਪਾਰਕਿੰਗ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਡਰਾਈਵਰਾ ਲਈ ਪੀਣ ਯੋਗ ਪਾਣੀ ਦਾ ਪ੍ਰਬੰਧ ਅਤੇ ਬਾਥਰੂਮ ਬਣਾਏ ਜਾਣਗੇ ਕਿਸਾਨ ਆਗੂਆਂ ਨੇ ਚੇਤਾਵਨੀ ਦਿੰਦੇ ਕਿਹਾਂ ਕੇ ਸੋਮਾ ਕੰਪਨੀ ਅੰਦਰ ਵੱਡੇ ਪੱਧਰ ਤੇ ਲੁਟ ਚੱਲ ਰਹੀ ਹੈ ਅਤੇ ਕੇਂਦਰ ਸਰਕਾਰ ਨੂੰ ਚੂਨਾਂ ਲਗਾਇਆ ਜਾ ਰਿਹਾ ਹੈ ਕਿਸਾਨ ਆਗੂਆਂ ਨੇ ਕਿਹਾ ਕਿ ਸੋਮਾ ਕੰਪਨੀ ਵਿੱਚ ਹੋ ਰਿਹਾ ਘਪਲਾ ਜੱਗ ਜ਼ਾਹਿਰ ਕੀਤਾ ਜਾਵੇਗਾ ਅਤੇ ਜੇਕਰ ਮਸਲਿਆਂ ਦਾ ਹੱਲ ਨਾ ਕੱਢਿਆ ਤਾਂ ਸੋਮਾ ਕੰਪਨੀ ਦੇ ਪ੍ਰਬੰਧਾਂ ਦੀ ਪੋਲ ਧਰਨਾ ਲਗਾ ਕੇ ਖੋਲ੍ਹੀ ਜਾਵੇਗੀ ਜਿਸ ਦੀ ਜ਼ਿਮੇਵਾਰੀ ਸੋਮਾ ਕੰਪਨੀ ਦੇ ਅਧਿਕਾਰੀਆਂ ਦੀ ਹੋਵੇਗੀ।

## ਗੀਤਾ ਜੈਯੰਤੀ ਮੌਕੇ ਅੰਤਰ ਸਕੂਲ ਭਾਸ਼ਣ ਮੁਕਾਬਲੇ ਕਰਵਾਏ



**ਬਟਾਲਾ (ਤਰਲੋਕ ਬੱਗਾ)**-ਸ਼੍ਰੀ ਗੀਤਾ ਜੈਯੰਤੀ 'ਦੇ ਸ਼ੁਭ ਮੌਕੇ ਦੈਨਿਕ ਪ੍ਰਾਰਥਨਾ ਸਭਾ ਬਟਾਲਾ ਵੱਲੋਂ ਕਮਿਊਨਿਟੀ ਹਾਲ ਵਿੱਚ ਅੰਤਰ-ਸਕੂਲ ਭਾਸ਼ਣ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਸ਼ਹਿਰ ਦੇ ਲੱਗਭਗ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਗਿਆਰਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਚੇਸ਼ਟਾ ਸ਼ਰਮਾ ਨੇ ਇਸ ਮੁਕਾਬਲੇ ਵਿੱਚ ਸ਼੍ਰੀ ਗੀਤਾ ਜੀ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੂਜੇ ਸਥਾਨ 'ਤੇ ਰਹੀ ਅਤੇ 2100 ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਚੇਸ਼ਟਾ ਸ਼ਰਮਾ ਅਤੇ ਉਸਦੇ ਮਾਤਾ-ਪਿਤਾ ਅਤੇ ਅਧਿਆਪਕਾ ਅਨੀਤਾ ਸਰਮਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਸੱਭਿਆਚਾਰਕ ਅਤੇ ਧਾਰਮਿਕ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਵਿੱਚ ਭਾਗ ਲੈ ਕੇ ਵਿਦਿਆਰਥੀ ਆਪਣੀ ਸੱਭਿਅਤਾ ਅਤੇ ਸੰਸਕ੍ਰਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਮਹਾਨ ਗ੍ਰੰਥ ਸ਼੍ਰੀਮਦ ਭਾਗਵਤ ਗੀਤਾ ਨੂੰ ਪੜ੍ਹਨ ਵਿੱਚ ਉਨ੍ਹਾਂ ਦੀ ਰੁਚੀ ਵੱਧਦੀ ਹੈ।

## ਐੱਸ ਡੀ ਐੱਮ ਡਾ: ਢਿੱਲੋਂ ਨੇ ਦਸਮੇਸ਼ ਸਕੂਲ ਕੋਟਲਾ ਦੇ ਵਿਦਿਆਰਥੀਆਂ ਨੂੰ ਦਿੱਤਾ ਨਵੇਂ ਸਾਲ ਦਾ ਤੋਹਫਾ





**ਮਜੀਠਾ (ਸੋਇਮ ਆਨੰਦ)**-ਜ਼ਿਲ੍ਹਾ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਅਤੇ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਦੀ ਯੋਗ ਅਗਵਾਈ ਵਿਚ ਚੱਲ ਰਹੇ ਸ੍ਰੀ ਦਸਮੇਸ਼ ਪਬਲਕਿ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਸੁਲਤਾਨ ਸਿੰਘ ਵਿਖੇ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਵਾਲੀਆਂ ਖੇਡਾਂ ਵਿਚ ਨਿਪੁੰਨ ਕਰਨ ਦੇ ਮੰਤਵ ਨਾਲ ਸਕੂਲ ਵਿਚ 10 ਮੀਟਰ ਏਅਰ ਰਾਈਫਲ/ਏਅਰ ਪਿਸਟਲ ਦੀ ਸ਼ੂਟਿੰਗ ਰੇਂਜ ਦਾ ਰਸਮੀ ਤੌਰ 'ਤੇ ਉਦਘਾਟਨ ਐੱਸਡੀਐੱਮ ਮਜੀਠਾ ਡਾ: ਹਰਨੂਰ ਕੌਰ ਢਿੱਲੋਂ ਨੇ ਕੀਤਾ।ਇਸ ਮੌਕੇ ਕਰਾਏ ਗਏ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਾਦਾ ਸਮਾਗਮ ਦੌਰਾਨ ਗੱਲਬਾਤ ਕਰਦਿਆਂ ਡਾ: ਢਿੱਲੋਂ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕ ਦੀਆਂ ਖੇਡਾਂ ਵੱਲ ਆਕਰਸ਼ਿਤ ਕਰਨ ਦੇ ਮੰਤਵ ਨਾਲ ਸਕੂਲ ਵਿਚ ਪਹਿਲ ਕਦਮੀ ਕਰਦਿਆਂ ਏਅਰ ਰਾਈਫਲ/ਏਅਰ ਪਿਸਟਲ ਸ਼ੂਟਿੰਗ ਰੇਂਜ ਦਾ ਪ੍ਰਬੰਧ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਹਲਕਾ ਮਜੀਠਾ ਵਿਚ ਇਹ ਪਹਿਲਾ ਸਕੂਲ ਹੋਵੇਗਾ ਜਿਥੇ ਇਸ ਖੇਡ ਦੀ ਸਿਖਲਾਈ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਲਈ ਅਤਿ ਆਧੁਨਿਕ ਤਕਨੀਕ ਦਾ ਸਾਰਾ ਸਾਮਾਨ ਫਿੱਟ ਕੀਤਾ ਗਿਆ ਜਿਸ ਨਾਲ ਮੁਹਾਰਤ ਹਾਸਲ ਕਰਕੇ ਵਿਦਿਆਰਥੀ ਅੰਤਰਰਾਸ਼ਟਰੀ ਖੇਡਾਂ ਵਿਚ ਭਾਗ ਲੈ ਸਕਣਗੇ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਸ ਵਿਚ ਸ਼ਾਮਲ ਹੋ ਕੇ ਇਸ ਦੀ ਸਿੱਖਿਆ ਲੈਣ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਇਸੇ ਸਕੂਲ ਦੇ ਪੁਰਾਣੇ ਵਿਦਿਆਰਥੀ ਹਰਜੱਸ ਸਿੰਘ ਖਹਿਰਾ ਜਿਹੜੇ ਕਿ ਇਸੇ ਖੇਡ ਦੇ ਰਾਸ਼ਟਰ ਪੱਧਰ ਦੇ ਖਿਡਾਰੀ ਹਨ ਅਤੇ ਇਸ ਵਕਤ ਪੰਜਾਬ ਪੁਲਸ ਵਿਚ ਖਿਡਾਰੀ ਕੋਟੇ ਵਿਚ ਸੇਵਾਵਾਂ ਨਿਭਾਅ ਰਹੇ ਹਨ, ਨੇ ਐੱਸਡੀਐੱਮ ਮਜੀਠਾ ਡਾ: ਢਿੱਲੋਂ ਨੂੰ ਇਸ ਖੇਡ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ।ਇਸ ਮੌਕੇ ਡਾ: ਹਰਨੂਰ ਕੌਰ ਢਿੱਲੋਂ ਨਾਲ ਸਕੂਲ ਮੈਨੇਜਮੈਂਟ ਕਮੇਟੀ ਪ੍ਰਧਾਨ ਜਥੇ ਸੰਤੋਖ ਸਿੰਘ ਸਮਰਾ, ਸਕੂਲ ਪ੍ਰਿੰਸੀਪਲ ਵਿਨੋਦ ਸ਼ਰਮਾ, ਰੀਡਰ ਵਰਿੰਦਰ ਭਾਟੀਆ, ਦੀਪਕ ਭੱਟੀ, ਡਾ: ਰਣਧੀਰ ਸਿੰਘ, ਡਾ: ਬਿਕਰਮਜੀਤ ਸਿੰਘ, ਗੁਰਬੀਰ ਸਿੰਘ, ਡੀ. ਪੀ. ਇਕਬਾਲ ਸਿੰਘ, ਪ੍ਰਿਤਪਾਲ ਸਿੰਘ, ਹਰਦੇਵ ਸਿੰਘ, ਹਰਪ੍ਰੀਤ ਸਿੰਘ, ਪਾਇਲ ਸ਼ਰਮਾ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 8 ਤੋਂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਅਸ਼ਵਨੀ ਕੁਮਾਰ,)** ਜ਼ਿਲਾ ਅੰਮ੍ਰਿਤਸਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ ਡੇਅਰੀ ਸਿਖਲਾਈ ਕੋਰਸ ਵਾਸਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਅੰਮ੍ਰਿਤਸਰ, ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ (ਅੰਮ੍ਰਿਤਸਰ) ਵਿਖੇ 8 ਜਨਵਰੀ ਤੱਕ ਸਵੇਰ 11:00 ਵਜੇ ਤੱਕ ਰਜਿਸਟਰੇਸ਼ਨ ਕਰਵਾ ਸਕਦੇ ਹਨ। ਇਸ ਬਾਰੇ ਜਾਣਕਾਰੀ ਦਿੰਦੀਆਂ ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਅੰਮ੍ਰਿਤਸਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਧੇ ਵੱਜੋਂ ਅਪਣਾਉਣ ਲਈ ਦੋ ਹਫਤੇ ਦੀ ਡੇਅਰੀ ਸਿਖਲਾਈ 8 ਜਨਵਰੀ ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ ਵੇਰਕਾ ਵਿਖੇ ਕਰਵਾਈ ਜਾਣੀ ਹੈ। ਇਸ ਲਈ ਸਿਖਲਾਈ ਕੋਰਸ ਵਿੱਚ ਜ਼ਿਲਾ ਅੰਮ੍ਰਿਤਸਰ ਨਾਲ ਸਬੰਧਤ ਬੇਰੋਜ਼ਗਾਰ ਨੌਜਵਾਨ ਲੜਕੇ ਲੜਕੀਆ ਜੋ ਘੱਟੋ-ਘੱਟ ਪੰਜਵੀਂ ਪਾਸ ਹੋਣ ਉਮਰ 18 ਤੋਂ 55 ਸਾਲ ਦਰਮਿਆਨ ਹੋਵੇ ਪੇਡੂ ਖੇਤਰ ਨਾਲ ਸਬੰਧਤ ਹੋਣ ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ ਦੋ ਤੋਂ ਵੀਹ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਿਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ. ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ ਅਤੇ ਨਾਲ ਮੁਦਰਾ ਲੋਨ ਦੀ ਸਹੂਲਤ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਚਾਹਵਾਨ ਲੜਕੇ/ਲੜਕੀਆਂ ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਅੰਮ੍ਰਿਤਸਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਫੋਨ ਨੰ.9915303267,788893092 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰਕਾਸ਼ ਦਿਹਾੜੇ ਦੇ ਸਬੰਧ 'ਚ ਪਿੰਡ ਹਰੂਵਾਲ ਦੀਆਂ ਸੰਗਤਾਂ ਨੇ ਨਗਰ ਕੀਰਤਨ ਸਜਾਇਆ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਚ ਅੱਜ ਪਿੰਡ ਹਰੂਵਾਲ ਦੀਆਂ ਸੰਗਤਾਂ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਿੰਘ ਸਭਾ ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਖਾਲਸਾਈ ਸ਼ਾਨੋ ਸ਼ੌਕਤ ਤੇ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ। ਇਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸ਼ਿੰਗਾਰੀ ਇੱਕ ਸੁੰਦਰ ਪਾਲਕੀ ਵਿੱਚ ਸਜਾਇਆ ਹੋਇਆ ਸੀ ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।ਇਹ ਮਹਾਨ ਨਗਰ ਕੀਰਤਨ ਪਿੰਡ ਮਾਨ, ਕਾਲਾਂਵਾਲੀ ਚੌਕ ਚੰਦੂ ਨੰਗਲ, ਜੋੜੀਆਂ ਖੁਰਦ ਹੁੰਦਾ ਹੋਇਆ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪੁੱਜਾ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੇਜਰ ਸਰਦਾਰ ਬਲਜੀਤ ਸਿੰਘ ਦੀ ਅਗਵਾਈ ਹੇਠ ਭਰਵਾਂ ਸਵਾਗਤ ਕੀਤਾ ਗਿਆ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਇਹ ਨਗਰ ਕੀਰਤਨ ਪਿੰਡ ਪੱਖੋਕੇ ਟਾਹਲੀ ਸਾਹਿਬ ਤੇ ਸਾਧਾਂਵਾਲੀ ਹੁੰਦਾ ਹੋਇਆ ਵਾਪਸ ਪਿੰਡ ਹਰੂਵਾਲ ਵਿਖੇ ਪੁੱਜਾ।ਇਸ ਮੌਕੇ ਭਾਈ ਮਲੂਕ ਸਿੰਘ, ਭਾਈ ਸਵਿੰਦਰ ਸਿੰਘ ਤੇ ਭਾਈ ਰਣਧੀਰ ਸਿੰਘ ਦੇ ਕਵੀਸ਼ਰੀ ਜਥੇ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਤੇ ਕੁਰਬਾਨੀਆਂ ਵਾਲਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮਹਾਨ ਨਗਰ ਕੀਰਤਨ ਦੇ ਸਵਾਗਤ ਲਈ ਵੱਖ-ਵੱਖ ਪਿੰਡਾਂ ਵਿਚ ਸੰਗਤਾਂ ਵੱਲੋਂ ਕਈ ਪ੍ਰਕਾਰ ਦੇ ਲੰਗਰ ਲਗਾਏ ਹੋਏ ਸਨ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸਾਬਕਾ ਵਾਈਸ ਚੇਅਰਮੈਨ ਨਿਰਮਲ ਸਿੰਘ ਠੇਕੇਦਾਰ, ਜਥੇਦਾਰ ਚੰਦਾ ਸਿੰਘ, ਡੀ.ਐਸ.ਪੀ. ਕਿਰਪਾਲ ਸਿੰਘ, ਸੂਬੇਦਾਰ ਬਲਜੀਤ ਸਿੰਘ, ਜਸਵਿੰਦਰ ਸਿੰਘ ਬਿਲੂ, ਨਿਰਮਲ ਸਿੰਘ ਸਾਬਕਾ ਸਰਪੰਚ, ਬਾਬਾ ਰਤਨ ਸਿੰਘ, ਹਰਪਾਲ ਸਿੰਘ, ਇੰਦਰ ਸਿੰਘ, ਬਾਬਾ ਦਰਸ਼ਨ ਸਿੰਘ, ਸੁਖਦੇਵ ਸਿੰਘ, ਡਾ. ਅਮਰੀਕ ਸਿੰਘ, ਬਾਬਾ ਜੋਗਿੰਦਰ ਸਿੰਘ, ਪਰਮਜੀਤ ਸਿੰਘ ਸੈਕਟਰੀ, ਜਸਵੰਤ ਸਿੰਘ ਕੋਚ, ਜਗਜੀਤ ਸਿੰਘ, ਹਰਦੇਵ ਸਿੰਘ, ਬਿਕਰਮ ਸਿੰਘ, ਗੁਰਜੀਤ ਸਿੰਘ, ਥਾਣੇਦਾਰ ਬਲਜੀਤ ਸਿੰਘ, ਹਰਦੇਵ ਸਿੰਘ, ਬਾਬਾ ਸੁਲੱਖਣ ਸਿੰਘ, ਬਲਵਿੰਦਰ ਸਿੰਘ ਬੱਬੀ, ਕੁਲਵਿੰਦਰ ਸਿੰਘ ਕਾਕਾ, ਪਲਵਿੰਦਰ ਸਿੰਘ ਫੌਜੀ, ਸਵਰਨ ਸਿੰਘ, ਬਿਕਰਮਜੀਤ ਸਿੰਘ, ਲੱਕੀ ਹਰੂਵਾਲ, ਜਸਵੰਤ ਸਿੰਘ, ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਆਬਾਦ ਸੰਜੀਵਨੀ ਮੈਡੀਕਲ ਕੈਂਪਾਂ ਜ਼ਰੀਏ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਮੈਡੀਕਲ ਸੇਵਾਵਾਂ

**ਗੁਰਦਾਸਪੁਰ (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਹੱਦੀ ਖੇਤਰ ਦੇ ਲੋਕਾਂ ਦੀ ਸਹੂਲਤ ਅਤੇ ਸਰਬਪੱਖੀ ਵਿਕਾਸ ਲਈ ਚਲਾਏ ਜਾ ਰਹੇ 'ਮਿਸ਼ਨ ਆਬਾਦ' ਤਹਿਤ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵੱਲੋਂ ਸਰਹੱਦੀ ਪਿੰਡਾਂ ਵਿੱਚ 'ਆਬਾਦ ਸੰਜੀਵਨੀ ਮੈਡੀਕਲ ਕੈਂਪ' ਲਗਾ ਕੇ ਲੋਕਾਂ ਨੂੰ ਮੁਫ਼ਤ ਮੈਡੀਕਲ ਸੇਵਾਵਾਂ ਦੇਣ ਦਾ ਸਿਲਸਲਾ ਲਗਾਤਾਰ ਜਾਰੀ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਅਬਾਦ ਸੰਜੀਵਨੀ ਮੈਡੀਕਲ ਕੈਂਪ ਲਗਾਉਣ ਦੇ ਸਿਲਸਲੇ ਤਹਿਤ 5 ਜਨਵਰੀ ਨੂੰ ਸਰਹੱਦੀ ਪਿੰਡਾਂ ਪੱਖੋ ਕੇ ਮਹਿਮਾਰਾ, ਖੋਦੇ ਬੇਟ, ਪੱਤੀ ਹਵੇਲੀਆਂ, ਸ਼ਾਹਪੁਰ ਜਾਜਨ ਅਤੇ ਰੱਤਾ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਏ ਜਾਣਗੇ। ਇਸ ਤੋਂ ਅਗਲੇ ਦਿਨ 6 ਜਨਵਰੀ ਨੂੰ ਪਿੰਡ ਭੰਗੀ ਪੰਨਵਾਂ ਮੰਗੀਆ, ਖੰਨਾ ਚਮਾਰਾ, ਨਿਕੋ ਸਰਾਏ ਅਤੇ ਸ਼ਾਹਪੁਰ ਜਾਜਨ ਵਿਖੇ ਮੈਡੀਕਲ ਕੈਂਪ ਲੱਗਣਗੇ। ਉਨ੍ਹਾਂ ਕਿਹਾ ਕਿ ਅਗਲੇ ਹਫ਼ਤੇ ਲੱਗਣ ਵਾਲੇ ਮੈਡੀਕਲ ਕੈਂਪਾਂ ਦਾ ਸ਼ਡਿਊਲ ਵੀ ਜਲਦ ਹੀ ਜਾਰੀ ਕਰ ਦਿੱਤਾ ਜਾਵੇਗਾ। ਡੀਸੀ ਨੇ ਦੱਸਿਆ ਕਿ 'ਆਬਾਦ ਸੰਜੀਵਨੀ ਮੈਡੀਕਲ ਕੈਂਪ' ਦੌਰਾਨ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੈਡੀਕਲ ਚੈੱਕਅਪ ਕਰਕੇ ਉਨਾਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ 'ਆਬਾਦ ਸੰਜੀਵਨੀ ਕੈਂਪ' ਦਾ ਸਭ ਤੋਂ ਵੱਧ ਲਾਭ ਬਜ਼ੁਰਗਾਂ, ਬੱਚਿਆਂ ਅਤੇ ਬਿਮਾਰਾਂ ਨੂੰ ਪਹੁੰਚ ਰਿਹਾ ਹੈ ਜੋ ਆਪਣੇ ਪਿੰਡਾਂ ਤੋਂ ਦੂਰ ਸਥਿਤ ਸ਼ਹਿਰ ਦੇ ਹਸਪਤਾਲ ਵਿੱਚ ਦਵਾਈ ਲੈਣ ਨਹੀਂ ਜਾ ਸਕਦੇ। ਉਨ੍ਹਾਂ ਕਿਹਾ ਕਿ ਇਨਾਂ ਮੈਡੀਕਲ ਕੈਂਪਾਂ ਜ਼ਰੀਏ ਜਿਥੇ ਸਰਹੱਦੀ ਇਲਾਕੇ ਦੇ ਲੋਕਾਂ ਦੇ ਸਮੇਂ ਤੇ ਪੈਸੇ ਦੀ ਬਚਤ ਹੋ ਰਹੀ ਹੈ ਓਥੇ ਲੋਕਾਂ ਨੂੰ ਉਨਾਂ ਦੇ ਪਿੰਡ ਹੀ ਮਿਆਰੀ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀਆਂ ਦੁੱਖ-ਤਕਲੀਫਾਂ ਦੂਰ ਕਰਨ ਲਈ ਵਚਨਬੱਧ ਹੈ।

## ਅੰਮ੍ਰਿਤਸਰ 'ਚ ਆਈ ਆਟੋ ਕ੍ਰਾਂਤੀ, ਡੀਜ਼ਲ ਆਟੋ ਨੂੰ ਈ-ਆਟੋ ਨਾਲ ਬਦਲਿਆ: ਹਰਦੀਪ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਦੇ ਰਾਹੀ ਪ੍ਰੋਜੈਕਟ ਅਧੀਨ ਚੱਲ ਰਹੀਆਂ ਈ-ਆਟੋਆਂ ਰੋਜ਼ਾਨਾ ਮੁਸਾਫਰਾਂ ਲਈ ਦਿਲ ਦੀ ਧੜਕਣ ਬਣ ਗਈਆਂ ਹਨ ਕਿਉਂਕਿ ਉਹ ਡੀਜ਼ਲ ਆਟੋਆਂ ਦੁਆਰਾ ਪੈਦਾ ਕੀਤੇ ਸ਼ੋਰ ਅਤੇ ਹਵਾ ਦੇ ਪ੍ਰਦੂਸ਼ਣ ਤੋਂ ਤੰਗ ਆ ਚੁੱਕੇ ਹਨ। ਹੁਣ ਲਗਭਗ ਸਾਰੇ ਆਟੋ ਸਟੈਂਡਾਂ 'ਤੇ ਵੱਡੀ ਗਿਣਤੀ 'ਚ ਈ-ਆਟੋ ਦਿਖਾਈ ਦੇ ਰਹੇ ਹਨ। ਆਟੋ ਚਾਲਕਾਂ ਲਈ ਇਹ ਇੱਕੋ-ਇੱਕ ਸਕੀਮ ਹੈ ਜਿਸ ਵਿੱਚ ਸਰਕਾਰ ਨੇ ਈ-ਆਟੋ ਦੀ ਖਰੀਦ 'ਤੇ ਪ੍ਰਤੀ ਆਟੋ 1.40 ਲੱਖ ਰੁਪਏ ਦੀ ਨਕਦ ਸਬਸਿਡੀ ਦਾ ਲਾਭ ਦਿੱਤਾ ਹੈ। ਈ-ਆਟੋ ਖਰੀਦਣ ਦੇ ਚਾਹਵਾਨਾਂ ਲਈ ਇੱਕ ਖੁਸ਼ਖਬਰੀ ਹੈ ਕਿਉਂਕਿ ਜ਼ਿਆਦਾਤਰ ਡੀਜ਼ਲ ਆਟੋ ਪ੍ਰਧਾਨਾਂ ਨੇ ਇਸਦੀ ਵਿਆਪਕ ਪ੍ਰਸਿੱਧੀ ਦੇ ਮੱਦੇਨਜ਼ਰ ਅਤੇ ਪ੍ਰਤੀ ਆਟੋ 1.40 ਲੱਖ ਰੁਪਏ ਦੀ ਨਕਦ ਸਬਸਿਡੀ ਦਾ ਲਾਭ ਲੈਣ ਲਈ ਆਪਣੇ ਡੀਜ਼ਲ ਆਟੋ ਨੂੰ ਈ-ਆਟੋ ਨਾਲ ਬਦਲ ਦਿੱਤਾ ਹੈ। ਜਿਨ੍ਹਾਂ ਡੀਜ਼ਲ ਆਟੋ ਚਾਲਕਾਂ ਨੇ ਈ-ਆਟੋ ਖਰੀਦੇ ਹਨ, ਉਨ੍ਹਾਂ ਵਿੱਚ ਮੇਨ ਬੱਸ ਸਟੈਂਡ ਦੇ ਬਿਕਰਮਜੀਤ ਸਿੰਘ ਲਾਡੀ, ਸਿਟੀ ਸੈਂਟਰ ਸਟੈਂਡ ਦੇ ਮਨਵੀਰ ਸਿੰਘ, ਬੱਸ ਸਟੈਂਡ ਦੇ ਤੀਰਥ ਸਿੰਘ ਕੋਹਾਲੀ, ਸ਼ਰੀਫਪੁਰਾ ਸਟੈਂਡ ਦੇ ਹਰਜਿੰਦਰ ਸਿੰਘ, ਰੇਲਵੇ ਸਟੇਸ਼ਨ ਸਟੈਂਡ ਦੇ ਨਰਿੰਦਰ ਸਿੰਘ ਚੌਧਰੀ, ਰੇਲਵੇ ਸਟੇਸ਼ਨ ਦੇ ਬਾਹਰਵਾਰ ਸ਼ਿੰਗਾਰੀ, ਦੁਰਗਿਆਣਾ ਮੰਦਿਰ ਸਟੈਂਡ ਦੇ ਬਖਸ਼ੀ ਸਿੰਘ, ਪੁਰਾਣੇ ਕੁੰਦਨ ਢਾਬੇ ਦੇ ਰਾਧੇ ਸ਼ਾਮ ਤਿਵਾੜੀ ਅਤੇ ਹੋਰ ਕਈ ਲੋਕ ਸ਼ਾਮਲ ਹਨ। ਪ੍ਰੋਜੈਕਟ ਇੰਚਾਰਜ ਅਤੇ ਸੰਯੁਕਤ ਕਮਿਸ਼ਨਰ ਹਰਦੀਪ ਸਿੰਘ ਨੇ ਦੱਸਿਆ ਕਿ ਈਵੀ ਚਾਰਜਿੰਗ ਸਟੇਸ਼ਨਾਂ ਨੂੰ ਸਥਾਪਿਤ ਕਰਨ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ ਅਤੇ ਇਸ ਨਾਲ ਨਾ ਸਿਰਫ਼ ਈ-ਆਟੋ ਚਾਲਕਾਂ ਨੂੰ ਸਗੋਂ ਦੋ ਪਹੀਆ ਅਤੇ ਚਾਰ ਪਹੀਆ ਵਾਹਨ ਚਾਲਕਾਂ ਨੂੰ ਵੀ ਬਹੁਤ ਹੀ ਮਾਮੂਲੀ ਦਰ 'ਤੇ ਫਾਇਦਾ ਹੋਵੇਗਾ। ਬਹੁਤ ਸਾਰੀਆਂ ਈ-ਆਟੋ ਕੰਪਨੀਆਂ ਇਸ ਪਵਿੱਤਰ ਸ਼ਹਿਰ ਦੇ ਨਾਗਰਿਕਾਂ ਦੀ ਸੇਵਾ ਲਈ ਆਪਣੀ ਸੂਚੀ ਲਈ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਕੋਲ ਪਹੁੰਚ ਕਰ ਰਹੀਆਂ ਹਨ।

ਉਨ੍ਹਾਂ ਸਾਰੇ ਡੀਜ਼ਲ ਆਟੋ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਜਲਦੀ ਤੋਂ ਜਲਦੀ ਈ-ਆਟੋ ਚਲਾਉਣ ਲਈ 1.40 ਲੱਖ ਰੁਪਏ ਦੀ ਨਕਦ ਸਬਸਿਡੀ ਦਾ ਲਾਭ ਲੈਣ ਅਤੇ ਸ਼ਹਿਰ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਲਈ ਇਸ ਰਾਹੀ ਪ੍ਰੋਜੈਕਟ ਦਾ ਹਿੱਸਾ ਬਣਨ।

## ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਮਜੀਠਾ (ਸੋਇਮ ਆਨੰਦ)**-ਸ਼ਹੀਦ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਮਜੀਠਾ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਬਾਹਰ ਖੁੱਲੇ ਪੰਡਾਲ ਵਿਚ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰਾਂ ਅਤੇ ਕਥਾਵਾਚਕਾਂ ਨੇ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਧਾਰਮਿਕ ਦੀਵਾਨਾਂ ਵਿਚ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਸੀਨੀਅਰ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠੀਆ ਸਾਥੀਆਂ ਸਮੇਤ ਉਚੇਚੇ ਤੌਰ 'ਤੇ ਸ਼ਾਮਲ ਹੋਏ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ। ਇਸ ਸ਼ੁਭ ਅਵਸਰ 'ਤੇ ਇਲਾਕੇ ਦੀਆਂ ਗਰੀਬ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਵੀ ਕਰਾਏ ਗਏ।ਇਨ੍ਹਾਂ ਨਵ-ਵਿਆਹੇ ਜੋੜਿਆਂ ਨੂੰ ਜੱਗਾ ਮਜੀਠੀਆ ਦੇ ਸਹਿਯੋਗ ਨਾਲ ਗੁਰਦੁਆਰਾ ਕਮੇਟੀ ਵੱਲੋ ਘਰੇਲੂ ਸਾਮਾਨ ਵੀ ਦਿੱਤਾ ਗਿਆ।ਜੱਗਾ ਮਜੀਠੀਆ ਨੇ ਨਵ-ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇ ਨਾਲ ਨਾਲ ਸ਼ਗਨ ਵੀ ਦਿੱਤਾ। ਜੱਗਾ ਮਜੀਠੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰਾ ਕਮੇਟੀ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਕਿ ਅਜਿਹੇ ਸਮਾਗਮ ਕਰਵਾ ਕੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂੰ ਕਰਾਇਆ ਜਾਂਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਲਾਕੇ ਦੀਆਂ ਗਰੀਬ ਦੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਉਣੇ ਵੀ ਸ਼ਲਾਘਾਯੋਗ ਹੈ।ਇਸ ਮੌਕੇ ਜੱਗਾ ਮਜੀਠੀਆ ਦੇ ਨਾਲ ਨੌਜਵਾਨ ਆਗੂ ਆਕਾਸ਼ਦੀਪ ਸਿੰਘ ਮਜੀਠਾ, ਸਾਬਕਾ ਕੌਂਸਲਰ ਅਮਰਜੀਤ ਸਿੰਘ, ਆਪ ਦੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ, ਆਪ ਆਗੂ ਰਾਜਬੀਰ ਸਿੰਘ ਰੋੜੀ, ਗੁਰਦੁਆਰਾ ਕਮੇਟੀ ਦੇ ਪ੍ਰਬੰਧਕ ਮੁਖਤਾਰ ਸਿੰਘ ਚਾਟੀ, ਪ੍ਰਧਾਨ ਜੋਗਿੰਦਰ ਸਿੰਘ, ਬਿਕਰਮਜੀਤ ਸਿੰਘ ਵਿੱਕੀ, ਯੋਧਾ ਸੋਹੀਆਂ, ਡਾ: ਕੁਲਦੀਪ ਸਿੰਘ, ਸਾਬੀ ਨਾਗ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਸਮਾਰਟ ਵਿਲੇਜ ਅਧੀਨ ਕਰਵਾਏ ਗਏ ਕੰਮਾਂ ਲਈ ਭਕਨਾ ਕਲਾਂ ਦੀ ਪੰਚਾਇਤ ਰਹੀ ਅੱਵਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਸੰਨੀ ਗਿੱਲ)**-ਪਿੰਡਾਂ ਵਿੱਚ ਪੰਚਾਇਤਾਂ ਵਲੋਂ ਕਰਵਾਏ ਜਾਂਦੇ ਕੰਮਾਂ ਨੂੰ ਹੋਰ ਵਧੀਆ ਕਰਨ ਲਈ ਸਰਕਾਰ ਵੱਲੋਂ ਇਨ੍ਹਾਂ ਪਿੰਡਾਂ ਦੀ ਪੰਚਾਇਤਾਂ ਨੂੰ ਸਨਮਾਨਤ ਕਰਨ ਦਾ ਜੋ ਉੱਦਮ ਕੀਤਾ ਗਿਆ ਹੈ ਉਸ ਅਨੁਸਾਰ ਜ਼ਿਲ੍ਹੇ ਦੀ ਭਕਨਾ ਕਲਾਂ ਪੰਚਾਇਤ ਨੂੰ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ ਜਿਸ ਨੂੰ ਛੇਤੀ ਹੀ ਸਰਕਾਰ ਵਲੋਂ ਸਨਮਾਨਤ ਕੀਤਾ ਜਾਵੇਗਾ। ਉਕਤ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਸਮਾਰਟ ਵਿਲੇਜ ਮੁਹਿੰਮ ਪੜਾਅ ਪਹਿਲਾ ਅਤੇ ਦੂਸਰਾ ਅਧੀਨ ਸਾਲ 2023-24 ਦੌਰਾਨ ਜਿਨ੍ਹਾਂ ਪੰਚਾਇਤਾਂ ਵੱਲੋਂ ਵਧੀਆ ਕੰਮ ਕੀਤਾ ਗਿਆ ਸੀ ਉਨ੍ਹਾਂ ਦੀ ਚੋਣ ਲਈ ਗਠਿਤ ਕੀਤੀ ਗਈ ਕਮੇਟੀ ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ, ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਪੰਚਾਇਤਾਂ ਨੇ ਸਾਰੇ ਪਿੰਡਾਂ ਦੇ ਕੰਮ ਵੇਖ ਕੇ ਭਕਨਾਂ ਕਲਾਂ ਦੀ ਪੰਚਾਇਤ ਨੂੰ ਪਹਿਲਾ ਸਥਾਨ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਤਰਸਿੱਕਾ ਬਲਾਕ ਦੇ ਪਿੰਡ ਸਰਜਾ ਦੀ ਪੰਚਾਇਤ ਨੂੰ ਦੂਸਰਾ, ਬਲਾਕ ਚੋਗਾਵਾਂ ਦੇ ਪਿੰਡ ਲੋਪੋਕੇ ਨੂੰ ਤੀਸਰਾ ਅਤੇ ਬਲਾਕ ਜੰਡਿਆਲਾ ਗੁਰੂ ਦੇ ਪਿੰਡ ਖਲਹਿਰਾ ਨੂੰ ਚੌਥਾ ਸਥਾਨ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਉਕਤ ਨਾਮ ਰਾਜ ਸਰਕਾਰ ਨੂੰ ਸਨਮਾਨ ਸੂਚੀ ਵਿੱਚ ਸ਼ਾਮਿਲ ਕਰਨ ਲਈ ਭੇਜ ਦਿੱਤੇ ਹਨ, ਇਨਾਂ ਨੂੰ ਛੇਤੀ ਹੀ ਰਾਜ ਪੱਧਰ 'ਤੇ ਸਨਮਾਨਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਉਕਤ ਚੋਣ ਵੇਲੇ ਪਿੰਡਾਂ ਵਿੱਚ ਪੰਚਾਇਤਾਂ ਵਲੋਂ ਕਰਵਾਏ ਗਏ ਕੰਮ ਜਿਨ੍ਹਾਂ ਵਿੱਚ ਪਾਣੀ ਦੇ ਨਿਕਾਸ ਲਈ ਥਾਪਰ ਮਾਡਲ ਛੱਪੜ, ਪਾਰਕਾਂ ਦੀ ਸਾਂਭ-ਸੰਭਾਲ, ਪੀਣ ਵਾਲੇ ਪਾਣੀ ਦੀ ਸਪਲਾਈ, ਸ਼ਮਸ਼ਾਨਘਾਟਾਂ ਦਾ ਪ੍ਰਬੰਧ ਅਤੇ ਹੋਰ ਜਨਤਕ ਸਥਾਨਾਂ 'ਤੇ ਕਰਵਾਏ ਵਿਕਾਸ ਕਾਰਜਾਂ ਨੂੰ ਗੌਰ ਨਾਲ ਵੇਖਿਆ ਗਿਆ।

## ਭਗਵਾਨਪੁਰ ਸਕੂਲ 'ਚ ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਦਾ ਉਦਘਾਟਨ

**ਡੇਰਾਬੱਸੀ, (ਕ੍ਰਿਸ਼ਨ ਗਰਗ)** ਇੱਕ ਨਵੀਂ ਪਹਿਲਕਦਮੀ ਦੀ ਸ਼ੁਰੂਆਤ ਕਰਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਐਸ ਐਸ ਪੀ ਡਾ. ਸੰਦੀਪ ਗਰਗ ਦੇ ਨਾਲ ਡੇਰਾਬੱਸੀ ਵਿੱਚ ਸੀ ਐਸ ਆਰ ਗਤੀਵਿਧੀਆਂ ਤਹਿਤ ਸਰਕਾਰੀ ਮਿਡਲ ਸਕੂਲ ਭਗਵਾਨਪੁਰ (ਭਗਵਾਸ) ਵਿੱਚ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਦਾ ਉਦਘਾਟਨ ਕੀਤਾ।ਵਿਦਿਅਕ ਸੰਸਥਾਵਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੱਥ ਮਿਲਾਉਣ ਲਈ ਡੇਰਾਬੱਸੀ ਦੀਆਂ ਉਦਯੋਗਿਕ ਐਸੋਸੀਏਸ਼ਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸਨਅਤਾਂ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਪ੍ਰੋਗਰਾਮ ਤਹਿਤ ਨੇੜਲੇ ਸਰਕਾਰੀ ਅਦਾਰਿਆਂ ਨੂੰ ਅਪਣਾ ਕੇ ਇੱਕ ਸ਼ਾਨਦਾਰ ਤਬਦੀਲੀ ਲਿਆ ਸਕਦੀਆਂ ਹਨ।ਸਰਕਾਰੀ ਮਿਡਲ ਸਕੂਲ ਭਗਵਾਨਪੁਰ ਵਿਖੇ ਸੀ.ਐਸ.ਆਰ ਗਤੀਵਿਧੀਆਂ ਤਹਿਤ ਵੱਖ-ਵੱਖ ਉਦਯੋਗਾਂ ਵੱਲੋਂ ਕੀਤੇ ਬੁਨਿਆਦੀ ਬਦਲਾਅ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਤਿੰਨ ਕਮਰਿਆਂ ਦੀ ਉਸਾਰੀ, ਕਲਾਸਰੂਮਾਂ ਨੂੰ ਸਮਾਰਟ ਕਲਾਸਰੂਮਾਂ ਵਿੱਚ ਬਦਲਣ ਲਈ ਪੰਜ ਟੱਚ ਪੈਨਲ ਐਲ.ਈ.ਡੀ. ਦੀ ਸਥਾਪਨਾ ਅਤੇ ਅਸੈਂਬਲੀ ਗਰਾਊਂਡ ਵਿੱਚ ਟਾਇਲ ਲਗਾਉਣ ਨਾਲ ਹੋਰਨਾਂ ਨੂੰ ਵੀ ਹੋਰ ਸੰਸਥਾਵਾਂ ਵਿੱਚ ਵੀ ਯੋਗਦਾਨ ਪਾਉਣ ਪ੍ਰੇਰਨਾ ਮਿਲੇਗੀ।ਉਨ੍ਹਾਂ ਦੱਸਿਆ ਕਿ ਪੀ ਸੀ ਸੀ ਪੀ ਐਲ ਅਤੇ ਊਸ਼ਾ ਯਾਰਨਜ਼ ਨੇ ਦੋ ਕਮਰੇ ਬਣਾਉਣ ਲਈ 15 ਲੱਖ ਰੁਪਏ ਖਰਚ ਕੀਤੇ ਹਨ ਜਦਕਿ ਕਾਂਸਲ ਇੰਡਸਟਰੀਜ਼ ਨੇ ਤੀਜੇ ਕਮਰੇ ਲਈ 3.5 ਲੱਖ ਰੁਪਏ ਖਰਚ ਕੀਤੇ ਹਨ। ਇਸੇ ਤਰ੍ਹਾਂ ਜੈ ਪਾਰਵਤੀ ਨੇ 5 ਲੱਖ ਰੁਪਏ ਵਿੱਚ ਸਮਾਰਟ ਕਲਾਸ ਰੂਮ ਲਈ ਪੰਜ ਟੱਚ ਪੈਨਲ ਐਲ.ਈ.ਡੀ. ਲਗਵਾਏ ਜਦੋਂ ਕਿ ਭਗਵਤੀ ਸਟੀਲਜ਼ ਨੇ ਅਸੈਂਬਲੀ ਗਰਾਊਂਡ ਵਿੱਚ ਟਾਈਲਿੰਗ ਦੇ ਕੰਮ ਲਈ 3.5 ਰੁਪਏ ਖਰਚ ਕੀਤੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਅਤੇ ਸਿਹਤ ਸੰਸਥਾਵਾਂ ਨੂੰ ਜਨਤਕ ਖੇਤਰ ਵਿੱਚ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਬਣਾਉਣ ਲਈ ਸਕੂਲ ਆਫ਼ ਐਮੀਨੈਂਸ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਜੋ ਉਹ ਹਰ ਪੱਧਰ 'ਤੇ ਮੁਕਾਬਲਾ ਕਰ ਸਕਣ।ਐਸ ਐਸ ਪੀ ਡਾ. ਸੰਦੀਪ ਗਰਗ ਨੇ ਇੰਡਸਟਰੀ ਐਸੋਸੀਏਸ਼ਨ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪੁਲਸ ਉਦਯੋਗਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦੇਵੇਗੀ ਭਾਵੇਂ ਉਹ ਯੂਨੀਅਨਾਂ ਦੇ ਏਕਾਧਿਕਾਰ ਜਾਂ ਕਿਸੇ ਹੋਰ ਅਮਨ-ਕਾਨੂੰਨ ਦੀ ਸਮੱਸਿਆ ਨਾਲ ਸਬੰਧਤ ਹੋਵੇ। ਉਨ੍ਹਾਂ ਨੇ ਸਨਅਤਾਂ ਅਤੇ ਆਮ ਲੋਕਾਂ ਤੋਂ ਨਸ਼ਿਆਂ ਦੀ ਤਸਕਰੀ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਤ ਕਿਸੇ ਵੀ ਹੋਰ ਸਮੱਸਿਆ ਸਬੰਧੀ ਪੁਲਸ ਨੂੰ ਜਾਣਕਾਰੀ ਦੇਣ ਲਈ ਸਹਿਯੋਗ ਦੀ ਮੰਗ ਕੀਤੀ।ਇਸ ਮੌਕੇ ਐਸ ਡੀ ਐਮ ਡੇਰਾਬੱਸੀ ਹਿਮਾਂਸ਼ੂ ਗੁਪਤਾ, ਏ ਐਸ ਪੀ ਡੇਰਾਬੱਸੀ ਡਾ. ਦਰਪਨ ਆਹਲੂਵਾਲੀਆ, ਉਦਯੋਗਾਂ ਦੇ ਨੁਮਾਇੰਦੇ, ਸਕੂਲ ਹੈੱਡ ਮਾਸਟਰ ਕੁਲਜਿੰਦਰ ਸਿੰਘ, ਪਿੰਡ ਦੀ ਸਰਪੰਚ ਕਰਮਜੀਤ ਕੌਰ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਰਾਣਾ, ਸੁਖਵਿੰਦਰ ਸਿੰਘ ਅਤੇ ਸੇਵਕ ਸਿੰਘ ਹਾਜ਼ਰ ਸਨ।

## ਬਿਜਲੀ ਕਰਮਚਾਰੀਆਂ ਨੇ ਨਗਰ ਕੀਰਤਨ ਦੀ ਸੰਗਤ ਲਈ ਚਾਹ ਬਿਸਕੁਟਾਂ ਦਾ ਲੰਗਰ ਲਗਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ਼ਹਿਰ ਦੇ ਸਮੂਹ ਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਧਾਰੀਵਾਲ ਤੋਂ ਸਜਾਇਆ ਗਿਆ। ਨਗਰ ਕੀਰਤਨ ਸੁੰਦਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਿਸ ਅਰੰਭਿਕ ਸਥਾਨ ਤੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਗੱਤਕਾ ਪਾਰਟੀ ਵਲੋਂ ਪੜਾਅਵਾਰ ਗੱਤਕ ਦੇ ਆਕਰਸ਼ਕ ਜੌਹਰ ਵਿਖਾਏ।

ਨਗਰ ਕੀਰਤਨ ਦਾ ਥਾਂ ਥਾਂ ਤੇ ਸ਼ਰਧਾਲੂਆਂ ਵੱਲੋਂ ਭਰਵਾ ਸੁਆਗਤ ਕੀਤਾ ਗਿਆ ਅਤੇ ਸੰਗਤ ਲਈ ਲੰਗਰ ਲਗਾਏ ਗਏ। ਇਸ ਮੌਕੇ ਪਾਵਰਕਾਮ ਸਬ ਡਿਵੀਜਨ ਧਾਰੀਵਾਲ ਦੇ ਕਰਮਚਾਰੀਆਂ ਨੇ ਐਕਸੀਅਨ ਇੰਜੀ. ਹਰਮਨਪ੍ਰੀਤ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਐੱਸਡੀਓ ਇੰਜੀ. ਜਤਿੰਦਰ ਸ਼ਰਮਾ ਦੀ ਅਗਵਾਈ ਵਿੱਚ ਬਿਜਲੀ ਦਫਤਰ ਦੇ ਸਾਹਮਣੇ ਚਾਹ ਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਵਿਆਸ, ਮਨੋਜ ਸ਼ਰਮਾ, ਰਾਜਿੰਦਰ ਭਗਤ, ਤਜਿੰਦਰ ਸਿੰਘ, ਗੁਰਪ੍ਰੀਤ, ਦਲਵਿੰਦਰ ਸਿੰਘ, ਰਾਜਿੰਦਰ ਸਿੰਘ, ਸੁਖਵੰਤ ਪਾਲ, ਜੇਈ ਅੰਮ੍ਰਿਤਪਾਲ ਸਿੰਘ, ਦਿਲਬਾਗ ਸਿੰਘ, ਰਮਨਪ੍ਰੀਤ ਕੌਰ, ਸਬਨਮ, ਬਲਜਿੰਦਰ ਕੌਰ, ਰਾਜੇਸ਼ ਗਗਨ, ਬਲਵਿੰਦਰ ਸਿੰਘ, ਯੋਗੇਸ, ਹਰਦੇਵ ਸਿੰਘ, ਗੋਪਾਲ, ਕਰਨ, ਰਾਹੁਲ, ਸਲਵਿੰਦਰ ਬਿੱਟੂ ਆਦਿ ਬਿਜਲੀ ਕਰਮਚਾਰੀਆਂ ਨੇ ਲੰਗਰ ਦੀ ਸੇਵਾ ਨਿਭਾਈ। ਇਸ ਮੌਕੇ ਗੁਰਦੁਆਰਾ ਸਿੰਘ ਸਭਾ ਧਾਰੀਵਾ ਦੀ ਪ੍ਰਬੰਧਕ ਕਮੇਟੀ ਵਲੋਂ ਐੱਸਡੀਓ ਇੰਜ ਜਤਿੰਦਰ ਸ਼ਰਮਾ ਨੂੰ ਵਧੀਆ ਸੇਵਾਵਾਂ ਲਈ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।

## ਤਿੱਬੜੀ ਪੁਲ ਵਿਖੇ ਥੋਕ ਦੀ ਦੁਕਾਨ 'ਚੋਂ ਲੱਖਾਂ ਰੁਪਏ ਦਾ ਸਾਮਾਨ ਚੋਰੀ

**ਗੁਰਦਾਸਪੁਰ (ਜਨਕ ਮਹਾਜਨ)**-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੀ ਤਿੱਬੜੀ ਕੈਂਟ ਦੀ ਬਾਹਰਲੀ ਮਾਰਕੀਟ ਵਿਚੋਂ ਚੋਰਾਂ ਨੇ ਥੋਕ ਦੀ ਦੁਕਾਨ ਦੀ ਕੰਧ ਪਾੜ ਕੇ ਲੱਖਾਂ ਰੁਪਏ ਦਾ ਸਾਮਾਨ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੀੜਤ ਦੁਕਾਨਦਾਰ ਹਰੀਸ਼ ਗੁਪਤਾ ਪੁੱਤਰ ਰਾਮ ਮੂਰਤੀ ਵਾਸੀ ਮੰਡੀ ਆਦਰਸ਼ ਨਗਰ ਗੁਰਦਾਸਪੁਰ ਨੇ ਦੱਸਿਆ ਕਿ ਉਹ ਦੁਕਾਨ ਬੰਦ ਕਰਕੇ ਰਾਤ ਨੂੰ ਘਰ ਨੂੰ ਚਲਾ ਗਿਆ ਅਤੇ ਸਵੇਰੇ ਨਜ਼ਦੀਕੀ ਦੁਕਾਨਦਾਰ ਦਾ ਫ਼ੋਨ ਆਇਆ ਕਿ ਤੇਰੀ ਦੁਕਾਨ ਦੀ ਕੰਧ ਪਾੜ ਕੇ ਚੋਰਾਂ ਨੇ ਕਾਫ਼ੀ ਸਮਾਨ ਚੋਰੀ ਕਰ ਲਿਆ ਹੈ। ਉਸ ਨੇ ਕਿਹਾ ਜਦੋਂ ਆ ਕੇ ਦੇਖਿਆ ਤਾਂ ਪਤਾ ਚੱਲਿਆ ਕਿ ਚੋਰ 80 ਤੋੜੇ ਖੰਡ, 120 ਪੀਪੀ ਤੇਲ ਰੀਫਾਇੰਡ ਤੋਂ ਇਲਾਵਾ ਘਿਓ ਦੀਆਂ 10 ਪੇਟੀਆਂ, ਰੀਫਾਇੰਡ 6 ਪੇਟੀਆਂ ਅਤੇ 30 ਕਿਲੋ ਚਾਹ ਪੱਤੀ ਦੇ ਨਾਲ ਨਾਲ ਸੀ.ਸੀ.ਟੀ.ਵੀ. ਕੈਮਰਿਆਂ ਦਾ ਡੀਵੀਆਰ ਵੀ ਚੁੱਕ ਕੇ ਲੈ ਗਏ। ਪੀੜਤ ਦੁਕਾਨਦਾਰ ਨੇ ਦੱਸਿਆ ਕਿ ਸਾਰੇ ਸਾਮਾਨ ਦੀ ਕੀਮਤ 3 ਲੱਖ 50 ਹਜ਼ਾਰ ਦੇ ਕਰੀਬ ਬਣਦੀ ਹੈ। ਉਸ ਨੇ ਦੱਸਿਆ ਕਿ ਦੋ ਸਾਲ ਪਹਿਲਾਂ ਹੀ ਦੁਕਾਨ ਤੋਂ ਚੋਰ ਲੱਖਾਂ ਦਾ ਸਾਮਾਨ ਚੋਰੀ ਕਰਕੇ ਲੈ ਗਏ ਸਨ ਜਿਸ ਦਾ ਅਜੇ ਤੀਕ ਕੋਈ ਸੁਰਾਗ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਇਸ ਚੋਰੀ ਸਬੰਧੀ ਥਾਣਾ ਪੁਰਾਣਾ ਸ਼ਾਲਾ ਵਿਖੇ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ ਅਤੇ ਡਿਊਟੀ ਅਫ਼ਸਰ ਚੋਰੀ ਹੋਏ ਸਾਮਾਨ ਦੀ ਲਿਸਟ ਬਣਾ ਕੇ ਲੈ ਗਏ ਹਨ। ਉਨ੍ਹਾਂ ਕਿਹਾ ਪੁਲਸ ਪ੍ਰਸ਼ਾਸਨ ਨੇ ਭਰੋਸਾ ਦਿਵਾਇਆ ਹੈ ਕਿ ਜਲਦ ਹੀ ਚੋਰਾਂ ਨੂੰ ਫ਼ੜ ਲਿਆ ਜਾਵੇਗਾ।

## ਇਕੋ ਛੱਤ ਹੇਠ 90 ਮਿੰਟਾਂ ਅੰਦਰ ਹੋਵੇਗੀ ਜਾਇਦਾਦ ਦੀ ਰਜਿਸਟਰੀ : ਅਨੁਰਾਗ ਵਰਮਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬਾ ਵਾਸੀਆਂ ਨੂੰ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਸੁਖਾਲੀਆਂ ਤੇ ਪਾਰਦਰਸ਼ੀ ਨਾਗਰਿਕ ਸੇਵਾਵਾਂ ਦੇਣ ਦੀ ਵਚਨਬੱਧਤਾ ਉਤੇ ਚੱਲਦਿਆਂ ਸੂਬਾ ਸਰਕਾਰ ਵੱਲੋਂ ਮੁਹਾਲੀ ਦੇ ਸਬ ਰਜਿਸਟਰਾਰ ਦਫਤਰ ਨੂੰ ਅਤਿ-ਆਧੁਨਿਕ ਬਣਾਇਆ ਜਾ ਰਿਹਾ ਹੈ। ਇਸ ਦਫਤਰ ਵਿੱਚ ਰਜਿਸਟਰੀ ਕਰਵਾਉਣ ਵਾਲਿਆਂ ਨੂੰ ਇਕੋ ਛੱਤ ਹੇਠ ਇਕੋਂ ਦਿਨ ਵਿੱਚ ਸਾਰੀਆਂ ਸੇਵਾਵਾਂ ਮਿਲਣਗੀਆਂ ਅਤੇ 90 ਮਿੰਟਾਂ ਅੰਦਰ ਜਾਇਦਾਦ ਖਰੀਦਣ ਵਾਲੇ ਰਜਿਸਟਰੀ ਦੀ ਪੂਰੀ ਪ੍ਰਕਿਰਿਆ ਮੁਕੰਮਲ ਹੋਣ ਉੱਤੇ ਰਜਿਸਟਰੀ ਦੀ ਕਾਪੀ ਮਿਲੇਗੀ। ਮੁੱਖ ਮੰਤਰੀ ਦੇ ਨਿਰਦੇਸ਼ਾਂ ਉਤੇ ਬਣ ਰਹੇ ਪੰਜਾਬ ਦੇ ਪਹਿਲੇ ਅਤਿ-ਆਧੁਨਿਕ ਸਬ ਰਜਿਸਟਰਾਰ ਦਫ਼ਤਰ ਦੇ ਕੰਮ ਦੀ ਸਮੀਖਿਆ ਕਰਨ ਲਈ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਵੱਲੋਂ ਦੌਰਾ ਕੀਤਾ ਗਿਆ। ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੁਹਾਲੀ ਵਿਖੇ ਵੱਖ-ਵੱਖ ਦਫਤਰਾਂ ਜਿਵੇਂ ਕਿ ਤਹਿਸੀਲ ਦਫਤਰ, ਫਰਦ ਕੇਂਦਰ, ਆਰ.ਟੀ.ਏ. ਆਦਿ ਦਾ ਅਚਨਚੇਤੀ ਦੌਰਾ ਕਰ ਕੇ ਉੱਥੇ ਮੌਜੂਦ ਲੋਕਾਂ ਨਾਲ ਸਿੱਧੀ ਗੱਲਬਾਤ ਕਰਕੇ ਫੀਡਬੈਕ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਦਫਤਰਾਂ ਵਿੱਚ ਮੌਜੂਦ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਮੁੱਖ ਮੰਤਰੀ ਦੇ ਸਖਤ ਨਿਰਦੇਸ ਹਨ ਕਿ ਸਰਕਾਰੀ ਦਫਤਰਾਂ ਵਿੱਚ ਕੰਮ ਆਉਣ ਵਾਲਿਆਂ ਨੂੰ ਕੋਈ ਪ੍ਰੇਸਾਨੀ ਨਾ ਹੋਵੇ ਅਤੇ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂਬੱਧ ਸੇਵਾਵਾਂ ਮਿਲਣ। ਮੁੱਖ ਸਕੱਤਰ ਵਰਮਾ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਨਵੇਂ ਬਣਨ ਵਾਲੇ ਦਫਤਰ ਦਾ ਦੌਰਾ ਕਰਨ ਤੋਂ ਬਾਅਦ ਇਸ ਸਬੰਧੀ ਵਿਸਥਾਰਤ ਮੀਟਿੰਗ ਵੀ ਕੀਤੀ। ਵਰਮਾ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਜਿਸਟਰੀ ਕਰਵਾਉਣ ਵਾਲਿਆਂ ਦੀ ਖੱਜਲ ਖੁਆਰੀ ਬਿਲਕੁਲ ਖਤਮ ਕਰਨ ਅਤੇ ਉਨ੍ਹਾਂ ਦੇ ਸਮੇਂ ਦੀ ਬੱਚਤ ਕਰਨ ਲਈ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਸਬ ਰਜਿਸਟਰਾਰ ਦਫਤਰ ਸਥਾਪਤ ਕੀਤਾ ਜਾ ਰਿਹਾ ਹੈ। ਨਵੇਂ ਦਫਤਰ ਦੇ ਨਿਵੇਕਲੇ ਪਹਿਲੂਆਂ ਉਤੇ ਝਾਤ ਪਾਉਂਦਿਆਂ ਵਰਮਾ ਨੇ ਦੱਸਿਆ ਕਿ ਰਜਿਸਟਰੀ ਦਾ ਵਸੀਕਾ ਤਿਆਰ ਕਰਨ ਤੋਂ ਲੈ ਕੇ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੇ ਅਧਿਕਾਰਤ ਕਾਊਂਟਰ ਤੋਂ ਸਟੈਂਪ ਪੇਪਰਾਂ ਦੀ ਖਰੀਦ, ਸਨਾਖਤ ਲਈ ਈ.ਕੇ.ਵਾਈ.ਸੀ., ਜਾਇਦਾਦ ਦੀ ਖਰੀਦ ਤੇ ਵੇਚ ਕਰਨ ਵਾਲੇ ਦੀ ਗਵਾਹ ਸਮੇਤ ਉਚ ਕੁਆਲਟੀ ਦੀ ਤਸਵੀਰ ਖਿਚਵਾਉਣੀ ਅਤੇ ਰਜਿਸਟਰੀ ਦੀ ਇਹ ਸਾਰੀ ਪ੍ਰਕਿਰਿਆ 90 ਮਿੰਟਾਂ ਦੇ ਅੰਦਰ ਮੁਕੰਮਲ ਹੋਵੇਗੀ ਜਿਸ ਵਿੱਚ ਰਜਿਸਟਰੀ ਦਾ ਰੰਗਦਾਰ ਪ੍ਰਿੰਟ ਮਿਲਣ ਦੀ ਸਹੂਲਤ ਇਕ ਛੱਤ ਹੇਠ ਮਿਲੇਗੀ। ਉਨ੍ਹਾਂ ਕਿਹਾ ਕਿ ਰਜਿਸਟਰੀ ਲਿਖਣ ਦੇ ਵੱਖ-ਵੱਖ ਕਾਊਂਟਰ ਇਸੇ ਦਫਤਰ ਵਿੱਚ ਹੋਣਗੇ। ਇਸ ਤੋਂ ਇਲਾਵਾ ਜੇਕਰ ਕੋਈ ਆਪਣੇ ਆਪ ਵਸੀਕਾ ਲਿਖਣਾ ਚਾਹੁੰਦਾ ਹੈ ਜਾਂ ਉਹ ਘਰ ਤੋਂ ਹੀ ਕਾਗਜ ਲਿਖ ਕੇ ਲਿਆਉਣਾ ਚਾਹੁੰਦਾ ਹੈ ਤਾਂ ਉਸ ਲਈ ਆਨਲਾਈਨ ਕਾਊਂਟਰ ਹੋਵੇਗਾ। ਮੁੱਖ ਸਕੱਤਰ ਨੇ ਅੱਗੇ ਦੱਸਿਆ ਕਿ ਔਰਤਾਂ ਲਈ ਸਟੈਂਪ ਡਿਊਟੀ ਵਿੱਚ 2 ਫੀਸਦੀ ਛੋਟ ਕਾਰਨ ਰਜਿਸਟਰੀ ਕਰਵਾਉਣ ਵਾਲਿਆਂ ਵਿੱਚ ਔਰਤਾਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਨਵੇਂ ਦਫਤਰ ਵਿੱਚ ਔਰਤਾਂ ਦੇ ਬੈਠਣ ਲਈ ਵਿਸੇਸ ਜਗ੍ਹਾਂ ਦਾ ਪ੍ਰਬੰਧ ਹੋਵੇਗਾ। ਇਸ ਦੇ ਨਾਲ ਹੀ ਆਮ ਲੋਕਾਂ ਦੇ ਬੈਠਣ ਲਈ ਉਡੀਕ ਖੇਤਰ ਅਤੇ ਸਾਰੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਰਜਿਸਟਰੀ ਲਈ ਆਪਣਾ ਸਮਾਂ ਲੈਣ ਵਾਲਾ ਵਿਅਕਤੀ ਆਪਣੇ ਮੋਬਾਈਲ ਉਤੇ ਮਿਲੀ ਅਪੁਆਇੰਟਮੈਂਟ ਦਿਖਾ ਕੇ ਦਫਤਰ ਵਿੱਚ ਆ ਸਕੇਗਾ। ਵਿਸ਼ੇਸ਼ ਮੁੱਖ ਸਕੱਤਰ ਕਮ ਵਿੱਤ ਕਮਿਸ਼ਨਰ ਮਾਲ ਕੇ.ਏ.ਪੀ. ਸਿਨਹਾ ਨੇ ਕਿਹਾ ਕਿ ਆਉਣ ਵਾਲੇ ਭਵਿੱਖ ਦੀਆਂ ਚੁਣੌਤੀਆਂ ਨੂੰ ਦੇਖਦਿਆਂ ਸਹੂਲਤਾਂ ਅਤੇ ਸਟਾਫ ਦੀ ਤਾਇਨਾਤੀ ਕੀਤੀ ਜਾਵੇ ਤਾਂ ਜੋ ਰਜਿਸਟਰੀ ਕਰਵਾਉਣ ਆਉਣ ਵਾਲੇ ਵਿਅਕਤੀਆਂ ਗਿਣਤੀ ਵੱਧਣ ਦੇ ਬਾਵਜੂਦ ਕੋਈ ਦਿੱਕਤ ਨਾ ਆਵੇ। ਇਸ ਮੌਕੇ ਸਕੱਤਰ ਲੋਕ ਨਿਰਮਾਣ ਵਿਭਾਗ ਪ੍ਰਿਆਂਕ ਭਾਰਤੀ, ਵਿਸ਼ੇਸ਼ ਸਕੱਤਰ ਮਾਲ ਕੇਸਵ ਹਿੰਗੋਨੀਆ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਸਟਾਫ ਅਫਸਰ ਟੀ. ਬੈਨਿਥ, ਐਸ.ਐਸ.ਪੀ. ਡਾ ਸੰਦੀਪ ਗਰਗ, ਏਡੀਸੀ (ਜਨਰਲ) ਵਿਰਾਜ ਐਸ ਤਿੜਕੇ, ਐਸ.ਡੀ.ਐਮ. ਚੰਦਰ ਜੋਤੀ ਸਿੰਘ, ਚੀਫ ਆਰਕੀਟੈਕਟ ਮੈਡਮ ਸਪਨਾ, ਜ਼ਿਲ੍ਹਾ ਮਾਲ ਅਫਸਰ ਅਮਨਦੀਪ ਚਾਵਲਾ, ਸਬ ਰਜਿਸਟਰਾਰ ਬੀਰਕਰਨ ਸਿੰਘ ਤੇ ਤਹਿਸੀਲਦਾਰ ਕੁਲਦੀਪ ਸਿੰਘ ਢਿੱਲੋਂ ਵੀ ਹਾਜ਼ਰ ਸਨ।

## ਗੁਰਦਾਸਪੁਰ ਜ਼ਿਲੇ 'ਚ 95 ਥਾਵਾਂ 'ਤੇ ਰੋਜ਼ਾਨਾ ਲੱਗ ਰਹੀਆਂ ਮੁਫ਼ਤ ਯੋਗਾ ਕਲਾਸਾਂ

**ਗੁਰਦਾਸਪੁਰ, (ਜਨਕ ਮਹਾਜਨ)**-ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਸੀਐੱਮ ਦੀ ਯੋਗਸ਼ਾਲਾ ਦੇ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ 95 ਥਾਵਾਂ 'ਤੇ ਯੋਗਾ ਕਲਾਸਾਂ ਚੱਲ ਰਹੀਆ ਹਨ। ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਉਠਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੀਐੱਮ ਦੀ ਯੋਗਸ਼ਾਲਾ ਦੇ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ 95 ਸਥਾਨਾਂ 'ਤੇ ਰੋਜ਼ਾਨਾ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਗੁਰਦਾਸਪੁਰ ਸ਼ਹਿਰ ਦੇ ਵਿੱਚ 44 ਥਾਵਾਂ 'ਤੇ ਰੋਜ਼ਾਨਾ ਸਵੇਰੇ-ਸ਼ਾਮ ਸੀਐੱਮ ਯੋਗਸ਼ਾਲਾ ਦੀਆਂ ਕਲਾਸਾਂ ਲੱਗ ਰਹੀਆਂ ਹਨ ਜਿਨ੍ਹਾਂ ਵਿੱਚ ਮੁੱਖ ਤੌਰ ਤੇ ਪੀਏਯੂ ਦੇ ਖੇਤਰੀ ਖੋਜ ਕੇਂਦਰ, ਇੰਪਰੂਵਮੈਂਟ ਟਰੱਸਟ ਦੀ ਸਕੀਮ ਨੰਬਰ-07, ਸਰਕਾਰੀ ਕਾਲਜ, ਆਈਐੱਚਐੱਮ. ਇੰਸਟੀਚਿਊਟ, ਬਿਰਦ ਆਸ਼ਰਮ, ਸ਼ਨੀ ਮੰਦਰ, ਬੇਗਮਪੁਰਾ ਕਲੋਨੀ, ਡਾਕਟਰ ਅੰਬੇਦਕਰ ਨਗਰ, ਮਾਈ ਕਾ ਮੰਦਰ, ਗੀਤਾ ਭਵਨ, ਬਾਬੂ ਪਰਮਾਨੰਦ ਨਗਰ, ਫਿਸ਼ ਪਾਰਕ, ਚਿਲਡਰਨ ਹੋਮ, ਕੈਲਾਸ਼ ਇਨਕਲੇਵ, ਦੁਰਗਾ ਕਲੋਨੀ, ਆਦਰਸ਼ ਨਗਰ, ਬਾਜਵਾ ਕਲੋਨੀ, ਵੱਡਾ ਕੈਲਾਸ਼ ਦੀਆਂ ਯੋਗਾ ਕਲਾਸਾਂ ਸ਼ਾਮਲ ਹਨ। ਇਸ ਤੋਂ ਇਲਾਵਾ ਬਟਾਲਾ ਸ਼ਹਿਰ ਵਿੱਚ 24, ਕਾਦੀਆਂ ਵਿੱਚ 10, ਦੀਨਾਨਗਰ ਵਿੱਚ 4, ਫ਼ਤਿਹਗੜ੍ਹ ਚੂੜੀਆਂ ਵਿੱਚ 4, ਡੇਰਾ ਬਾਬਾ ਨਾਨਕ ਵਿੱਚ 5 ਅਤੇ ਧਾਰੀਵਾਲ ਵਿਖੇ 4 ਸੀਐੱਮ ਯੋਗਸ਼ਾਲਾ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ ਅਤੇ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਵਾਸੀ ਇਨ੍ਹਾਂ ਯੋਗ ਕਲਾਸਾਂ ਦਾ ਲਾਭ ਉਠਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜੇਕਰ ਜ਼ਿਲ੍ਹਾ ਵਾਸੀ ਆਪਣੇ ਮੁਹੱਲੇ ਵਿੱਚ ਯੋਗਾ ਦੀਆਂ ਕਲਾਸਾਂ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਤਾਂ ਉਹ 76694-00500 ਨੰਬਰ 'ਤੇ ਕਾਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਮੁਹੱਲੇ ਵਿੱਚ ਯੋਗਾ ਕਲਾਸ ਸ਼ੁਰੂ ਕਰਵਾਉਣ ਲਈ ਘੱਟੋ-ਘੱਟ 25 ਵਿਅਕਤੀ ਯੋਗਾ ਕਰਨ ਦੇ ਚਾਹਵਾਨ ਹੋਣੇ ਜ਼ਰੂਰੀ ਹਨ, ਉਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਓਥੇ ਮੁਫ਼ਤ ਯੋਗਾ ਕਲਾਸਾਂ ਲਈ ਮਾਹਿਰ ਯੋਗ ਟੀਚਰ ਦਾ ਪ੍ਰਬੰਧ ਕਰਕੇ ਦਿੱਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਤੰਦਰੁਸਤ ਤੇ ਨਿਰੋਗ ਜੀਵਨ ਲਈ ਯੋਗਾ ਨਾਲ ਜੁੜਨ ਅਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀਐੱਮ ਦੀ ਯੋਗਸ਼ਾਲਾ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਯੋਗਾ ਕਲਾਸਾਂ ਲਗਾਉਣ ਜਾਂ ਇਸ ਸਬੰਧੀ ਜਾਣਕਾਰੀ ਲੈਣ ਲਈ 76694-00500 ਜਾਂ ਜ਼ਿਲ੍ਹਾ ਸੁਪਰਵਾਈਜਰ ਲਵਪ੍ਰੀਤ ਸਿੰਘ ਦੇ ਮੋਬਾਇਲ ਨੰਬਰ 99146-81801 'ਤੇ ਕਾਲ ਕੀਤੀ ਜਾ ਸਕਦੀ ਹੈ।

## ਸੋਨੇ ਦੀਆਂ ਵਾਲੀਆਂ ਅਤੇ ਮੋਟਰਸਾਈਕਲ ਸਮੇਤ ਦੋ ਚੋਰ ਕਾਬੂ



**ਕਲਾਨੌਰ, (ਮਨਦੀਪ ਕੋਹਲੀ)**-ਕਲਾਨੌਰ ਪੁਲਸ ਵੱਲੋਂ ਸੋਨੇ ਦੀਆਂ ਵਾਲੀਆਂ ਅਤੇ ਮੋਟਰਸਾਈਕਲ ਸਮੇਤ ਦੋ ਚੋਰਾਂ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਕਲਾਨੌਰ ਪੁਲਸ ਥਾਣੇ ਦੇ ਐੱਸਐੱਚਓ ਮੇਜਰ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਕਲਾਨੌਰ ਅਤੇ ਆਸ ਪਾਸ ਦੇ ਇਲਾਕੇ ਵਿੱਚ ਕੰਨਾਂ ਦੀਆਂ ਵਾਲੀਆਂ ਗਲੇ ਦੀ ਚੈਨੀਆਂ ਜਾਂ ਹੋਰ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਚੋਰ ਕਲਾਨੌਰ ਏਰੀਏ ਵਿੱਚ ਘੁੰਮ ਰਹੇ ਸਨ। ਬੀਤੇ ਕੱਲ ਵੀ ਗੁਪਤ ਸੂਚਨਾ ਦੇ ਅਧਾਰ 'ਤੇ ਪਤਾ ਲੱਗਾ ਕਿ ਚੋਰ ਅੱਜ ਫਿਰ ਕਲਾਨੌਰ ਦੇ ਏਰੀਏ ਵਿੱਚ ਘੁੰਮ ਰਹੇ ਹਨ ਜਿਸ 'ਤੇ ਪੁਲਿਸ ਵੱਲੋਂ ਮੁਸਤੈਦੀ ਦਿਖਾਉਂਦੇ ਹੋਏ ਏਐੱਸਆਈ ਕਸ਼ਮੀਰ ਸਿੰਘ ਦੀ ਅਗਵਾਈ ਵਿੱਚ ਪ੍ਰੀਤਮ ਦਾਸ ਅਤੇ ਹੋਰ ਮੁਲਾਜਮਾਂ ਨੂੰ ਨਾਲ ਲੈ ਕੇ ਟੀ ਪੁਆਇੰਟ 'ਤੇ ਨਾਕਾ ਲਗਾਇਆ ਗਿਆ। ਰੁਟੀਨ ਚੈਕਿੰਗ ਦੌਰਾਨ ਦੋ ਮੋਟਰਸਾਈਕਲ ਸਵਾਰਾਂ ਨੂੰ ਰੋਕਿਆ ਗਿਆ ਪਰ ਉਹ ਪੁਲਸ ਦੇ ਸਵਾਲਾਂ ਦੇ ਜਵਾਬ ਨਾ ਦੇ ਸਕੇ ਜਿਸ 'ਤੇ ਪੁਲਸ ਉਨ੍ਹਾਂ ਨੂੰ ਥਾਣੇ ਲੈ ਆਈ ਅਤੇ ਸਖਤੀ ਨਾਲ ਪੁੱਛਗਿਛ ਕਰਨ ਤੇ ਉਨ੍ਹਾਂ ਕੋਲੋਂ ਸੋਨੇ ਦੀ ਕੰਨ ਦੀ ਵਾਲੀ ਵੀ ਬਰਾਮਦ ਹੋਈ ਤੇ ਮੋਟਰਸਾਈਕਲ ਵੀ ਚੋਰੀ ਦਾ ਨਿਕਲਿਆ ਜਿਸ 'ਤੇ ਕਾਰਵਾਈ ਕਰਦਿਆਂ ਹੋਇਆਂ ਕਲਾਨੌਰ ਪੁਲਸ ਨੇ ਦੋਵਾਂ ਦੋਸ਼ੀਆਂ ਕਰਨ ਪੁੱਤਰ ਮੰਗਰੂ ਅਤੇ ਮਿੱਠੂ ਮਰਾਸੀ ਵਾਸੀ ਮੁਰਾਦਪੁਰਾ ਤਰਨ ਤਾਰਨ ਦੇ ਖਿਲਾਫ ਅੰਡਰ ਸੈਕਸ਼ਨ ਧਾਰਾ 379 ਬੀ ਅਤੇ 34 ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸਿੰਥੈਟਿਕ ਡੋਰ ਨੂੰ ਵੇਚਣ, ਸਟੋਰ ਕਰਨ ਤੇ ਵਰਤੋਂ 'ਤੇ ਸਖਤ ਪਾਬੰਦੀ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਘਨਸ਼ਾਮ ਥੋਰੀ ਨੇ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਅੰਮ੍ਰਿਤਸਰ ਦੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ ਨੂੰ ਵੇਚਣ, ਸਟੋਰ ਕਰਨ ਅਤੇ ਇਸ ਦੀ ਵਰਤੋਂ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।ਜਾਰੀ ਹੁਕਮ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਪਤੰਗ ਉਡਾਉਣ ਲਈ ਜਿਹੜੀ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸੂਤੀ ਡੋਰ ਤੋਂ ਹੱਟ ਕੇ ਸੰਥੈਟਿਕ/ਪਲਾਸਟਿਕ ਦੀ ਬਣੀ ਹੋਈ ਹੈ ਜਿਹੜੀ ਕਿ ਬਹੁਤ ਮਜ਼ਬੂਤ, ਨਾ ਗਲਣਯੋਗ ਅਤੇ ਨਾ-ਟੁੱਟਣਯੋਗ ਹੈ।ਉਨ੍ਹਾਂ ਕਿਹਾ ਕਿ ਇਹ ਸਿੰਥੈਟਿਕ ਡੋਰ ਪਤੰਗਬਾਜ਼ੀ ਸਮੇਂ ਪਤੰਗ ਉਡਾਉਣ ਵਾਲਿਆਂ ਦੇ ਹੱਥ ਅਤੇ ਉਂਗਲਾਂ ਤੱਕ ਕੱਟ ਦਿੰਦੀ ਹੈ। ਇਥੋਂ ਤੱਕ ਕਿ ਸਾਈਕਲ ਅਤੇ ਸਕੂਟਰ ਚਾਲਕਾਂ ਦੇ ਗਲ਼ ਅਤੇ ਕੰਨ ਕੱਟੇ ਜਾਣ, ਉਡਦੇ ਪੰਛੀਆਂ ਦੇ ਫਸ ਜਾਣ ਤੇ ਉਨ੍ਹਾਂ ਦੇ ਮਰਨ ਬਾਰੇ ਕਾਫੀ ਘਟਨਾਵਾਂ ਵਾਪਰੀਆਂ ਹਨ।ਇਸ ਤੋਂ ਇਲਾਵਾ ਇਸ ਡੋਰ ਵਿਚ ਫਸੇ ਪੰਛੀਆਂ ਦੀ ਮੌਤ ਹੋਣ 'ਤੇ ਉਨ੍ਹਾਂ ਦੇ ਰੁੱਖਾਂ ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ।ਇਸ ਤਰ੍ਹਾਂ ਸਿੰਥੈਟਿਕ/ਪਲਾਸਟਿਕ ਦੀ ਬਣੀ ਇਹ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ। ਇਸ ਡੋਰ ਦੀ ਵਰਤੋਂ ਰੋਕਣ ਲਈ ਪੂਰੀ ਸਖ਼ਤੀ ਵਰਤਣ ਨਾਲ ਇਸ ਤੋਂ ਵਾਪਰਨ ਵਾਲੇ ਹਾਦਸਿਆਂ ਤੋਂ ਬਚਾਅ ਹੋ ਸਕੇ। ਇਸ ਲਈ ਇਹ ਪਾਬੰਦੀ ਲਗਾਉਣੀ ਜ਼ਰੂਰੀ ਹੈ। ਇਹ ਹੁਕਮ ਸਖਤੀ ਨਾਲ 12 ਫਰਵਰੀ 2024 ਤੱਕ ਲਾਗੂ ਰਹੇਗਾ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਨਿਵਿਦਾ ਸੂਚਨਾ ਪੱਤ੍ਰ ਨੰ.- 359-2023-24-ADEN-JUC & 360-2023-24-ADEN-I-ASR ਤਾਰੀਕ 30.01.2024**

ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 25.01.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੈਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 03.01.2024 | 11.01.2024 | 25.01.2024 / 15:00 ਵਜੇ |

| ਲ. ਨ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 359-2023-24-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਤਹਿਤ ਜਲੰਧਰ ਸ਼ਹਿਰ ਤੋਂ ਅੰਮ੍ਰਿਤਸਰ ਸੈਕਸ਼ਨ ਤੇ ਸੁਰਾਨੁਸੀ ਵਿਚ ਗੁਡਸ ਸ਼ੇਡ ਦਾ ਰੈਗੂਲੇਸ਼ਨ/ਸੁਧਾਰ। | | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| | 1,46,36,859.71/- | 2,23,200.00/- | 60 ਦਿਨ | 06 ਮਹੀਨੇ | |
| | ਸਮਾਨ ਨੇਚਰ ਦਾ ਕੰਮ :"ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।" | | | | |
| 2. | 360-2023-24-ADEN-I-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਤੋਂ ਅਟਾਰੀ ਸੈਕਸ਼ਨ ਤੇ ਖਾਸਾ ਵਿਚ ਗੁਡਸ ਸ਼ੇਡ ਦਾ ਰੈਗੂਲੇਸ਼ਨ/ਸੁਧਾਰ | | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ | |
| | 78,42,431.67/- | 1,56,900/- | 60 ਦਿਨ | 06 ਮਹੀਨੇ | |
| | ਸਮਾਨ ਨੇਚਰ ਦਾ ਕੰਮ :"ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ।" | | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਵੇਗੀ।

32/24

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

ਨਵਾਂ ਜ਼ਮਾਨਾ
ਸ਼ਨੀਵਾਰ, 6 ਜਨਵਰੀ 2024

# ਕਨਵੀਨਰ ਦਾ ਮਸਲਾ

'ਇੰਡੀਆ' ਗੱਠਜੋੜ ਵਿਚਲੀਆਂ ਪਾਰਟੀਆਂ ਵਿੱਚ ਸੀਟਾਂ ਦੀ ਵੰਡ ਦਾ ਸਿਲਸਿਲਾ ਤੇਜ਼ੀ ਫੜਨ ਲੱਗਾ ਹੈ। ਕਾਂਗਰਸ ਚਾਹੁੰਦੀ ਹੈ ਕਿ ਇਸ ਦਾ ਫੈਸਲਾ ਰਾਹੁਲ ਗਾਂਧੀ ਦੀ 14 ਜਨਵਰੀ ਤੋਂ ਸ਼ੁਰੂ ਹੋਣ ਵਾਲੀ 'ਭਾਰਤ ਜੋੜੋ ਨਿਆਏ ਯਾਤਰਾ' ਤੋਂ ਪਹਿਲਾਂ ਹੋ ਜਾਵੇ ਤਾਂ ਜੋ ਉਹ ਯਾਤਰਾ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾ ਸਕੇ। ਅੰਦਰਲੇ ਸੂਤਰਾਂ ਮੁਤਾਬਕ ਕਾਂਗਰਸ ਇਸ ਵਾਰ ਆਪਣਾ ਪੂਰਾ ਧਿਆਨ 255 ਸੀਟਾਂ ਲੜਨ 'ਤੇ ਕੇਂਦਰਤ ਕਰੇਗੀ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ 421 ਸੀਟਾਂ ਲੜੀਆਂ ਸਨ। ਬਿਹਾਰ, ਝਾਰਖੰਡ, ਕਰਨਾਟਕ, ਮਹਾਰਾਸ਼ਟਰ ਤੇ ਤਾਮਿਲਨਾਡੂ ਵਿੱਚ ਉਸ ਨੇ ਖੇਤਰੀ ਪਾਰਟੀਆਂ ਨਾਲ ਸਮਝੌਤੇ ਕੀਤੇ ਸਨ। ਸਮਝੌਤਿਆਂ ਅਧੀਨ ਉਸ ਦੇ ਹਿੱਸੇ ਬਿਹਾਰ ਦੀਆਂ 40 ਸੀਟਾਂ ਵਿੱਚੋਂ 9, ਝਾਰਖੰਡ ਦੀਆਂ 14 ਵਿੱਚੋਂ 7, ਕਰਨਾਟਕ ਦੀਆਂ 28 ਵਿੱਚੋਂ 25 ਤੇ ਤਾਮਿਲਨਾਡੂ ਦੀਆਂ 39 ਵਿੱਚੋਂ 9 ਸੀਟਾਂ ਆਈਆਂ ਸਨ। ਇਹ ਇੱਕ ਸ਼ੁੱਭ ਸੰਕੇਤ ਹੈ।

ਇਸੇ ਦੌਰਾਨ ਆਈ ਦੂਜੀ ਖ਼ਬਰ ਸ਼ੁੱਭ ਨਹੀਂ ਹੈ। ਬੁੱਧਵਾਰ ਨੂੰ 'ਇੰਡੀਆ' ਗੱਠਜੋੜ ਦੀ ਹੋਣ ਵਾਲੀ ਵਰਚੂਅਲ ਮੀਟਿੰਗ ਮੁਲਤਵੀ ਹੋ ਗਈ ਹੈ। ਅਗਲੀ ਮੀਟਿੰਗ ਦੀ ਕੋਈ ਤਰੀਕ ਵੀ ਤੈਅ ਨਹੀਂ ਕੀਤੀ ਗਈ। ਅਸਲ ਵਿੱਚ ਇਸ ਮੀਟਿੰਗ ਵਿੱਚ ਨਿਤੀਸ਼ ਕੁਮਾਰ ਨੂੰ ਗੱਠਜੋੜ ਦਾ ਕਨਵੀਨਰ ਬਣਾਏ ਜਾਣ ਦਾ ਫ਼ੈਸਲਾ ਹੋਣਾ ਸੀ। ਇਸ ਬਾਰੇ ਉਸ ਨੂੰ ਵਧਾਈਆਂ ਵੀ ਮਿਲਣੀਆਂ ਸ਼ੁਰੂ ਹੋ ਗਈਆਂ ਸਨ, ਪਰ ਮੀਟਿੰਗ ਮੁਤਲਵੀ ਹੋ ਗਈ।

ਦੱਸਿਆ ਜਾ ਰਿਹਾ ਹੈ ਕਿ ਕਾਂਗਰਸ ਨਿਤੀਸ਼ ਨੂੰ ਕਨਵੀਨਰ ਬਣਾਏ ਜਾਣ ਦੇ ਹੱਕ ਵਿੱਚ ਹੈ, ਪਰ ਕੁਝ ਸਹਿਯੋਗੀ ਰੋੜੇ ਅਟਕਾ ਰਹੇ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਹ ?। ਕਾਂਗਰਸ ਤਾਂ ਦਸੰਬਰ ਵਿੱਚ ਹੋਈ ਗੱਠਜੋੜ ਦੀ ਮੀਟਿੰਗ ਵਿੱਚ ਹੀ ਨਿਤੀਸ਼ ਨੂੰ ਕਨਵੀਨਰ ਬਣਾਉਣਾ ਚਾਹੁੰਦੀ ਸੀ, ਪਰ ਮਮਤਾ ਨੇ ਕਾਂਗਰਸ ਪ੍ਰਧਾਨ ਖੜਗੇ ਦਾ ਨਾਂ ਪ੍ਰਧਾਨ ਮੰਤਰੀ ਲਈ ਪੇਸ਼ ਕਰ ਦਿੱਤਾ ਸੀ। ਕੇਜਰੀਵਾਲ ਨੇ ਵੀ ਮਮਤਾ ਦੀ ਤਜਵੀਜ਼ ਦੀ ਪ੍ਰੋੜ੍ਹਤਾ ਕਰ ਦਿੱਤੀ ਸੀ। ਅਸਲ ਵਿੱਚ ਮਮਤਾ ਬੈਨਰਜੀ ਨਿਤੀਸ਼ ਕੁਮਾਰ ਦਾ ਰਾਹ ਰੋਕਣਾ ਚਾਹੁੰਦੀ ਸੀ, ਜਿਸ ਨਾਲ ਉਸ ਦੀ ਪੁਰਾਣੀ ਖਹਿਬਾਜ਼ੀ ਰਹੀ ਹੈ।

ਕਾਂਗਰਸ ਪਿਛਲੀ ਮੀਟਿੰਗ ਦੇ ਸਮੇਂ ਤੋਂ ਹੀ ਨਿਤੀਸ਼ ਕੁਮਾਰ ਉੱਤੇ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਕਾਂਗਰਸ ਦੇ ਅੰਦਰਲੇ ਸੂਤਰਾਂ ਅਨੁਸਾਰ ਐਨ ਸੀ ਪੀ ਮੁਖੀ ਸ਼ਰਦ ਪਵਾਰ ਤੇ ਸ਼ਿਵ ਸੈਨਾ ਆਗੂ ਊਧਵ ਠਾਕਰੇ ਨਿਤੀਸ਼ ਦੇ ਨਾਂ ਉੱਤੇ ਸਹਿਮਤ ਹਨ, ਪਰ ਮਮਤਾ ਅੜੀ ਹੋਈ ਹੈ। ਕਾਂਗਰਸ ਪ੍ਰਧਾਨ ਖੜਗੇ ਨੇ ਵੀ ਮਮਤਾ ਨਾਲ ਗੱਲ ਕੀਤੀ, ਪਰ ਉਹ ਮੰਨੀ ਨਹੀਂ। ਇਸ ਤੋਂ ਬਾਅਦ ਰਾਹੁਲ ਗਾਂਧੀ ਨੇ ਵੀ ਮਮਤਾ ਨਾਲ ਫੋਨ ਉੱਤੇ ਗੱਲ ਕੀਤੀ, ਪਰ ਉਸ ਨੇ ਹਾਮੀ ਨਹੀਂ ਭਰੀ। ਕਾਂਗਰਸ ਦਾ ਕਹਿਣਾ ਹੈ ਕਿ ਇਹ ਨਿਤੀਸ਼ ਕੁਮਾਰ ਹੀ ਸਨ, ਜਿਨ੍ਹਾਂ ਦੀ ਪਹਿਲਕਦਮੀ ਉੱਤੇ ਗੱਠਜੋੜ ਦੀ ਨੀਂਹ ਰੱਖੀ ਗਈ ਸੀ। ਨਿਤੀਸ਼ ਕੁਮਾਰ ਦੇ ਅੱਗੇ ਲੱਗਣ ਨਾਲ ਹੋਰ ਪਾਰਟੀਆਂ ਵੀ ਗੱਠਜੋੜ ਵਿੱਚ ਸ਼ਾਮਲ ਹੋ ਸਕਦੀਆਂ ਹਨ, ਜਿਹੜੀਆਂ ਕਾਂਗਰਸ ਦੀ ਅਗਵਾਈ ਕਬੂਲਣ ਲਈ ਰਾਜ਼ੀ ਨਹੀਂ ਹਨ। ਇਸ ਤੋਂ ਬਿਨਾਂ ਨਿਤੀਸ਼ ਕੁਮਾਰ ਹਿੰਦੀ ਪੱਟੀ ਦੇ ਰਾਜਾਂ ਵਿੱਚ ਭਾਜਪਾ ਨੂੰ ਸਖ਼ਤ ਚ[ਣੌਤੀ ਦੇ ਸਕਦੇ ਹਨ, ਜਿਹੜੇ ਭਾਜਪਾ ਦੀ ਮੁੱਖ ਟੇਕ ਹਨ। ਕਾਂਗਰਸ ਨਿਤੀਸ਼ ਕੁਮਾਰ ਨੂੰ ਕਨਵੀਨਰ ਬਣਾ ਕੇ ਬਿਹਾਰ ਅੰਦਰ ਸੀਟਾਂ ਦੀ ਵੰਡ ਵਿੱਚ ਲਾਹਾ ਲੈਣਾ ਚਾਹੁੰਦੀ ਹੈ। ਓਨਾ ਚਿਰ ਤੱਕ ਕਨਵੀਨਰ ਦੇ ਸੁਆਲ ਉੱਤੇ ਕਿਆਸਅਰਾਈਆਂ ਲਗਦੀਆਂ ਰਹਿਣਗੀਆਂ, ਜਿੰਨਾ ਚਿਰ ਮਮਤਾ ਬੈਨਰਜੀ ਵੱਲੋਂ ਹਰੀ ਝੰਡੀ ਨਹੀਂ ਮਿਲ ਜਾਂਦੀ। ਜਿੰਨੀ ਛੇਤੀ ਇਹ ਮਸਲਾ ਹੱਲ ਹੋ ਜਾਵੇ, ਗਠਜੋੜ ਲਈ ਓਨਾ ਹੀ ਲਾਹੇਵੰਦ ਰਹੇਗਾ।

**-ਚੰਦ ਫਤਿਹਪੁਰੀ**

# ਅਜਿੱਤ ਨਹੀਂ ਹੈ ਮੋਦੀ

(ਇਕਮੁੱਠ ਕਿਸਾਨ ਅੰਦੋਲਨ ਤੇ ਟਰੱਕ ਡਰਾਈਵਰਾਂ ਦੇ ਅੰਦੋਲਨ ਨੇ ਦਿਖਾ ਦਿੱਤਾ ਹੈ ਕਿ ਮੋਦੀ ਦੀ ਅਜਿੱਤਤਾ ਦੇ ਦਾਅਵੇ ਖੋਖਲੇ ਹਨ। ਮੋਦੀ ਨੂੰ ਢਾਹੁਣਾ ਕੋਈ ਔਖੀ ਗੱਲ ਨਹੀਂ; ਲੋੜ ਹੈ ਠਰ੍ਹੰਮੇ ਅਤੇ ਸਹੀ ਨਿਸ਼ਾਨੇ ਦੀ) ਭਾਜਪਾ ਤੇ ਉਸ ਦੇ ਅੰਧਭਗਤਾਂ ਵੱਲੋਂ ਲਗਾਤਾਰ ਇਹ ਪ੍ਰਚਾਰਿਆ ਜਾਂਦਾ ਹੈ ਕਿ ਮੋਦੀ ਨਹੀਂ ਤੋ ਕੌਣ ।ਭਾਵ ਕਿ ਮੋਦੀ ਦਾ ਕੋਈ ਬਦਲ ਨਹੀਂ ਹੈ, ਮੋਦੀ ਵਰਗਾ ਕੋਈ ਸਖਤ ਨਹੀਂ ਹੈ, ਮੋਦੀ ਵਰਗਾ ਕੋਈ ਸਿਆਣਾ ਨਹੀਂ ਹੈ, ਮੋਦੀ ਜੋ ਗੱਲ ਕਹਿੰਦਾ ਹੈ, ਉਸ ਨੂੰ ਕਰਕੇ ਦਿਖਾਂਦਾ ਹੈ, ਕਦੇ ਪਿੱਛੇ ਕਦਮ ਨਹੀਂ ਪੁੱਟਦਾ ਤੇ ਮੋਦੀ ਅਜਿੱਤ ਹੈ। ਇਸ ਬਾਬਤ ਉਹ ਧਾਰਾ 370 ਦਾ ਹਵਾਲਾ ਦਿੰਦੇ ਹਨ, ਰਾਮ ਮੰਦਰ ਦਾ ਹਵਾਲਾ ਦਿੰਦੇ ਹਨ, ਸੰਸਦ ਵਿੱਚ ਲਗਾਤਾਰ ਬਣਾਏ ਜਾ ਰਹੇ ਕਾਨੂੰਨਾਂ ਦਾ ਹਵਾਲਾ ਦਿੰਦੇ ਹਨ ਅਤੇ ਅਨੇਕਾਂ ਸੂਬਿਆਂ ਵਿੱਚ ਆਪਣੀਆਂ ਸਰਕਾਰਾਂ ਦੇ ਬਣਨ ਦਾ ਹਵਾਲਾ ਦਿੰਦੇ ਹਨ ਤੇ ਇਹ ਆਖਦੇ ਹਨ ਇਹ ਸਭ ਕੁਝ ਮੋਦੀ ਕਰਕੇ ਹੀ ਹੋ ਰਿਹਾ ਹੈ। ਭਗਤ ਤਾਂ ਆਪਣੀ ਚਮੜੀ ਬਚਾਉਣ ਲਈ ਵੀ ਇਹ ਸਭ ਕੁਝ ਕਰਦੇ ਹਨ।

ਪਰ ਇਹ ਸਮਝਣ ਦੀ ਲੋੜ ਹੈ ਕਿ ਇਹ ਬਕਾਇਦਾ ਗਿਣੀ-ਮਿੱਥੀ ਸਾਜ਼ਿਸ਼ ਦੇ ਤਹਿਤ ਕੀਤਾ ਜਾਂਦਾ ਹੈ। ਇਹ ਤਾਂ ਫਾਸ਼ੀਵਾਦ ਦੀ ਚਾਲ ਹੁੰਦੀ ਹੈ ਕਿ ਇਕ ਵਿਅਕਤੀ ਨੂੰ ਖੜਾ ਕਰੋ, ਉਸ ਨੂੰ ਦੈਂਤ ਦੇ ਸਮਾਨ ਸਭ ਨੂੰ ਦਿਖਾਓ ਤੇ ਉਹ ਦੈਂਤ ਸਭ ਨੂੰ ਭਾਰੀ ਪਏ, ਜਿਹੜਾ ਉਸ ਦੇ ਸਾਹਮਣੇ ਬੋਲੇ, ਉਸ ਦੇ ਖਿਲਾਫ ਹਿੰਸਕ ਕਾਰਵਾਈ ਕਰਕੇ ਉਸ ਨੂੰ ਸਮਾਪਤ ਕਰਨ ਤੋਂ ਵੀ ਗੁਰੇਜ਼ ਨਾ ਕਰੇ, ਕਿਸੇ ਦੇ ਕਸ਼ਟ ਜਾਂ ਮ੍ਰਿਤੂ ਤੱਕ ਦਾ ਵੀ ਉਸ 'ਤੇ ਕੋਈ ਪ੍ਰਭਾਵ ਨਾ ਪਏ। ਇਸ ਕਿਸਮ ਦੇ ਜਾਲ ਵਿੱਚ ਕਾਰਪੋਰੇਟ ਘਰਾਣੇ ਪੂਰੇ ਤੇ ਸੱਤਾਧਾਰੀ ਦੋਨੋਂ ਹਿੱਸੇਦਾਰ ਹੁੰਦੇ ਹਨ।

ਭਾਰਤ ਵਿੱਚ ਇਸ ਵੇਲੇ ਇਹੋ ਕੁਝ ਹੋ ਰਿਹਾ ਹੈ। ਇਕ ਵਿਅਕਤੀ ਨੂੰ ਖੜਾ ਕੀਤਾ ਗਿਆ ਹੈ ਉਸ ਨੂੰ ਦੇਵਤਿਆਂ ਦਾ ਵੀ ਦੇਵਤਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਪ੍ਰਚਾਰ ਮਾਧਿਅਮ ਦੇ ਰਾਹੀਂ ਇਸ ਸਾਰੀ ਮਨਘੜਤ ਕਹਾਣੀ ਨੂੰ ਅਸਲੀਅਤ ਬਣਾ ਕੇ ਦਰਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਰਥਿਕ ਨੀਤੀਆਂ ਚੰਦ ਕਾਰਪੋਰੇਟ ਘਰਾਣਿਆਂ ਦੇ ਹਿਸਾਬ ਨਾਲ ਚੱਲਦੀਆਂ ਹਨ, ਅਸਲ ਵਿੱਚ ਦੇਸ਼ ਦੀ ਆਰਥਿਕਤਾ 'ਤੇ ਚੰਦ ਘਰਾਣਿਆਂ ਦਾ ਕਬਜ਼ਾ ਹੋ ਰਿਹਾ ਹੈ ਅਤੇ ਉਹ ਹੀ ਸਾਰੀ ਸੱਤਾ ਨੂੰ ਚਲਾਉਂਦੇ ਹਨ। ਸਾਰੇ ਫੈਸਲੇ ਉਨ੍ਹਾਂ ਦੇ ਹਨ ਅਤੇ ਉਹਨਾਂ ਕੋਲ ਇੰਨਾ ਧਨ ਇਕੱਤਰ ਹੋ ਗਿਆ ਹੈ, ਜਿੰਨਾ ਕਿ ਸਾਰੇ ਦੇਸ਼ ਕੋਲ ਨਹੀਂ, ਤਾਂ ਲੋਕਤੰਤਰ ਦਾ ਘਾਣ ਹੋਣਾ ਸੁਭਾਵਕ ਹੈ।



ਡਾ. ਅਰੁਣ ਮਿੱਤਰਾ

ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਇਹ ਧਨੀ ਘਰਾਣੇ ਤੇ ਨਾਲ ਹੀ ਆਰ ਐੱਸ ਐੱਸ ਮੋਦੀ ਨੂੰ ਖੜਾ ਕਰਕੇ ਇਹ ਦਿਖਾ ਰਹੇ ਹਨ ਕਿ ਮੋਦੀ ਅਜਿੱਤ ਹੈ, ਜੇਤੂ ਹੈ, ਮੋਦੀ ਨੂੰ ਕੋਈ ਜਿੱਤ ਨਹੀਂ ਸਕਦਾ। ਇਸ ਪ੍ਰਚਾਰ ਨੂੰ ਵਾਰ-ਵਾਰ ਦਿਨ ਵਿੱਚ ਹਜ਼ਾਰਾਂ ਵਾਰ ਪ੍ਰਚਾਰਿਆ ਜਾ ਰਿਹਾ ਹੈ। ਦੂਜਾ ਕੋਈ ਹੈ ਹੀ ਨਹੀਂ, ਇਹ ਪ੍ਰਚਾਰ ਵੀ ਇਸ ਦੇ ਨਾਲ ਕੀਤਾ ਜਾ ਰਿਹਾ ਹੈ ਤਾਂ ਜੋ ਲੋਕ ਕੇਵਲ ਇੱਕਪਾਸੜ ਸੋਚ ਰੱਖਣ ਲੱਗ ਜਾਣ।

ਪਰ ਦੋ ਵੱਡੀਆਂ ਘਟਨਾਵਾਂ ਦੇਸ਼ ਵਿੱਚ ਐਸੀਆਂ ਹੋਈਆਂ ਹਨ, ਜਿਨ੍ਹਾਂ ਨੇ ਇਹ ਦਿਖਾ ਦਿੱਤਾ ਕਿ ਲੋਕ ਸ਼ਕਤੀ ਦੇ ਅੱਗੇ ਕੋਈ ਨਹੀਂ ਰਹਿ ਸਕਦਾ। ਕਿਸਾਨ ਮੋਰਚੇ ਨੇ ਮੋਦੀ ਨੂੰ ਐਸੇ ਹਾਲਾਤ ਵਿੱਚ ਲਿਆ ਕੇ ਖੜਾ ਕਰ ਦਿੱਤਾ ਕਿ ਉਸ ਨੂੰ ਗੋਡੇ ਟੇਕਣੇ ਪਏ ਅਤੇ ਅਣਮੰਨੇ ਮਨ ਨਾਲ ਕਿਸਾਨ ਨੂੰ ਅੰਦੋਲਨ ਵਾਪਸ ਕਰਨ ਲਈ ਕਿਹਾ ਤੇ ਉਹਨਾਂ ਬਾਰੇ ਲਿਆਂਦੇ ਬਿੱਲ ਸਮਾਪਤ ਕਰਨ ਦੀ ਗੱਲ ਕੀਤੀ। ਇਹ ਠੀਕ ਹੈ ਕਿ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਇਹ ਉਸ ਦੀ ਇਕ ਸਾਜ਼ਿਸ਼ ਸੀ, ਪਰ ਇਹ ਗੱਲ ਤਾਂ ਸਾਫ ਹੋ ਗਈ ਕਿ ਮੋਦੀ ਡਿਗ ਪਿਆ।

ਹੁਣ ਦੇਸ਼ ਭਰ ਦੇ ਟਰੱਕ ਡਰਾਈਵਰਾਂ ਨੇ ਮੋਦੀ ਨੂੰ ਫਿਰ ਝੁਕਾ ਕੇ ਰੱਖ ਦਿੱਤਾ ਅਤੇ ਇਸ ਵਾਰ ਤਾਂ 13 ਮਹੀਨੇ ਨਹੀਂ ਲਗਾਉਣੇ ਪਏ, 24 ਘੰਟਿਆਂ ਦੇ ਵਿੱਚ ਹੀ ਮੋਦੀ ਦੀ ਸੱਤਾ ਡਗਮਗਾ ਗਈ।

ਕਿਉਂਕਿ ਮੋਦੀ ਨੇ ਪਿਛਲੇ ਸਮੇਂ ਵਿੱਚ ਸੰਸਦ ਦਾ ਮਜ਼ਾਕ ਉਡਾਇਆ, ਪਾਰਲੀਮੈਂਟ ਦੇ ਮਹੱਤਵ ਨੂੰ ਹੀ ਖਤਮ ਕਰ ਦਿੱਤਾ, ਪਾਰਲੀਮੈਂਟ ਵਿੱਚ ਆਪ ਜਾਣਾ ਬੰਦ ਕਰਕੇ ਤੇ ਕਦੇ-ਕਦਾਈਂ ਦਰਸ਼ਨ ਦੇਣ 'ਤੇ ਹੀ ਆਪਣੇ-ਆਪ ਨੂੰ ਸੀਮਤ ਰੱਖਿਆ। ਇਹ ਪਹਿਲੀ ਵਾਰੀ ਹੋਇਆ ਕਿ ਵਿਰੋਧੀਆਂ ਨੂੰ ਬਾਹਰ ਕੱਢ ਕੇ ਤੇ ਸੰਸਦ ਦੇ ਵਿੱਚ ਬਿਨਾਂ ਚਰਚਾ ਦੇ ਅਨੇਕਾਂ ਕਾਨੂੰਨ ਪਾਸ ਕਰਾ ਲਏ। ਟਰੱਕਾਂ ਵਾਲਿਆਂ ਨਾਲ ਸੰਬੰਧਤ ਕਾਨੂੰਨ ਵੀ ਉਨ੍ਹਾਂ ਕਾਨੂੰਨਾਂ ਦੇ ਵਿੱਚੋਂ ਹੀ ਇੱਕ ਸੀ, ਜਿਸ ਦੇ ਖਿਲਾਫ ਦੇਸ਼ ਭਰ ਵਿੱਚ ਸਾਰੇ ਡਰਾਈਵਰ ਇਕੱਤਰ ਹੋ ਗਏ ਤੇ ਇੱਕ ਵਿਸ਼ਾਲ ਅੰਦੋਲਨ ਕੁਝ ਘੰਟਿਆਂ ਵਿੱਚ ਹੀ ਖੜਾ ਕਰਕੇ ਮੋਦੀ ਨੂੰ ਝੁਕਾਉਣ ਵਿੱਚ ਕਾਮਯਾਬ ਹੋ ਗਿਆ।

ਇਸ ਤੋਂ ਕੀ ਸਬਕ ਮਿਲਦਾ ਹੈ; ਇਕ ਤਾਂ ਜਿਹੜੇ ਇਹ ਕਹਿੰਦੇ ਹਨ ਕਿ ਮੋਦੀ ਨਹੀਂ ਤਾਂ ਕੌਣ ਤੇ 2024 'ਚ ਮੋਦੀ ਦਾ ਆਣਾ ਪੱਕਾ ਤੈਅ ਹੈ, ਉਹਨਾਂ ਨੂੰ ਇਹ ਦੱਸ ਦੇਣਾ ਚਾਹੀਦਾ ਕਿ ਉਹਨਾਂ ਦੇ ਇਹ ਸੁਪਨੇ, ਸੁਪਨੇ ਹੀ ਰਹਿ ਜਾਣਗੇ, ਪਰ ਇਸਦੇ ਲਈ ਇੰਡੀਆ ਗਰੁੱਪ ਨੂੰ ਮਜ਼ਬੂਤੀ ਨਾਲ ਅੱਗੇ ਆਉਣਾ ਪਏਗਾ। ਬਨਾਰਸ ਹਿੰਦੂ ਯੂਨੀਵਰਸਿਟੀ ਦੇ ਬਲਾਤਕਾਰੀਆਂ ਦੀ ਗੱਲ ਇੰਨੀ ਉਛਲ ਚੁੱਕੀ ਹੈ ਕਿ ਇਕ ਵੱਡੇ ਅੰਦੋਲਨ ਦੇ ਰੂਪ ਵਿੱਚ ਇਸ ਨੂੰ ਪ੍ਰਚਾਰਿਆ ਜਾਏ। ਇਹਨਾਂ ਬਲਾਤਕਾਰੀਆਂ ਦੀਆਂ ਮੋਦੀ ਸਮੇਤ ਭਾਜਪਾ ਦੇ ਅਨੇਕਾਂ ਲੀਡਰਾਂ ਦੇ ਨਾਲ ਤਸਵੀਰਾਂ ਹਨ ਤੇ ਸੰਬੰਧ ਹਨ ਅਤੇ ਉਹ ਬੀ ਜੇ ਪੀ ਦੇ ਆਈ ਟੀ ਸੈੱਲ ਦੇ ਕਾਰਕੁਨ ਹਨ। ਮੋਦੀ ਦਾ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਬਾਰੇ ਚੁੱਪ ਰਹਿਣਾ, ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਸ਼ਹਿ ਦੇਣਾ ਅਤੇ ਮਨੀਪੁਰ ਵਿੱਚ ਹੋਈ ਹਿੰਸਾ 'ਤੇ ਇਸਤਰੀਆਂ ਨਾਲ ਦੁਰਾਚਾਰ ਬਾਰੇ ਇਕ ਸ਼ਬਦ ਵੀ ਮੂੰਹੋਂ ਨਾ ਕੱਢਣਾ ਐਸੀਆਂ ਗੱਲਾਂ ਹਨ, ਜੇ ਇਹਨਾਂ ਨੂੰ ਸਹੀ ਢੰਗ ਦੇ ਨਾਲ ਪ੍ਰਚਾਰਿਆ ਜਾਏ ਤਾਂ ਮੋਦੀ ਨੂੰ ਡੇਗਣਾ ਆਸਾਨ ਹੋ ਜਾਏਗਾ। ਪੁਰਾਣੀਆਂ ਤਲਿਸਮੀ ਕਹਾਣੀਆਂ ਵਿੱਚ ਯਾਦ ਕਰੋ ਕਿ ਧੁੰਨੀ 'ਤੇ ਕਿਹੜਾ ਤੀਰ ਕਿਸ ਸਮੇਂ ਲਗਣਾ ਚਾਹੀਦਾ ਹੈ ਇਹ ਚੇਤੇ ਕਰਨ ਦੀ ਲੋੜ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਨਾ ਤਾਂ 15 ਲੱਖ ਹਰ ਇਕ ਦੀ ਜੇਬ ਵਿੱਚ ਆਏ ਤੇ ਨਾ ਹੀ ਦੋ ਕਰੋੜ ਨੌਕਰੀਆਂ ਅਰਜਿਤ ਹੋਈਆਂ। ਇਸ ਕਿਸਮ ਦੀਆਂ ਹੋਰ ਅਨੇਕਾਂ ਮਿਸਾਲਾਂ ਜਿਨ੍ਹਾਂ ਨੂੰ ਕਿ ਲੋਕ ਪੱਖੀ ਮੰਗਾਂ ਦੇ ਨਾਲ ਜੋੜ ਕੇ ਬੇਰੋਜ਼ਗਾਰੀ, ਸਿੱਖਿਆ ਤੇ ਸਿਹਤ ਦੇ ਮਸਲੇ, ਮਜ਼ਦੂਰਾਂ ਦੇ ਮਸਲੇ, ਕਿਸਾਨਾਂ, ਇਸਤਰੀਆਂ ਨਾਲ ਹੋ ਰਿਹਾ ਧੱਕਾ, ਇਹ ਸਾਰੇ ਮਸਲੇ ਉਜਾਗਰ ਕਰਕੇ ਮੋਦੀ ਨੂੰ ਡੇਗਣਾ ਕੋਈ ਔਖੀ ਗੱਲ ਨਹੀਂ। ਭਾਵੇਂ ਸਾਰੇ ਦਾ ਸਾਰਾ ਮੀਡੀਆ ਉਸ ਦੇ ਨਾਲ ਹੋਏ, ਸਾਰੀਆਂ ਲੋਕਤਾਂਤਰਿਕ ਸੰਵਿਧਾਨਕ ਸੰਸਥਾਵਾਂ ਨੂੰ ਉਸ ਨੇ ਤਹਿਸ-ਨਹਿਸ ਕਰ ਦਿੱਤਾ ਹੋਵੇ, ਇਥੋਂ ਤੱਕ ਕਿ ਨਿਆਂ ਪਾਲਿਕਾ ਦੇ ਇਕ ਵੱਡੇ ਹਿੱਸੇ ਵੀ ਕਮਜ਼ੋਰ ਪੈ ਗਏ ਹੋਣ ਤੇ ਜਿੰਨਾ ਮਰਜ਼ੀ ਹਿੰਦੂ ਰਾਸ਼ਟਰ ਦੇ ਨਾਂਅ 'ਤੇ ਜ਼ਹਿਰ ਉਗਲਿਆ ਜਾ ਰਿਹਾ ਹੋਏ, ਸਹੀ ਢੰਗ ਨਾਲ ਲੋਕ ਹੇਤੂ ਮਸਲੇ ਉਜਾਗਰ ਕਰਕੇ ਮੋਦੀ ਨੂੰ ਢਾਹੁਣਾ ਅੱਜ ਕੋਈ ਔਖੀ ਗੱਲ ਨਹੀਂ।

**# ਸੰਪਰਕ : 94170-00360**

# ਅਜ਼ਾਦੀ ਘੁਲਾਟੀਏ ਸੋਹਨ ਲਾਲ ਕੌਂਸਲਰ ਨੂੰ ਯਾਦ ਕਰਦਿਆਂ

ਭਾਰਤ ਦੇ ਬਟਵਾਰੇ ਤੋਂ ਪਹਿਲਾਂ ਪੰਜਾਬ ਦੇ ਬਹੁਤ ਸਾਰੇ ਸੁਤੰਤਰਤਾ ਸੰਗਰਾਮੀ ਲਾਹੌਰ ਜੇਲ੍ਹ ਵਿੱਚ ਬੰਦ ਸਨ। ਲਾਹੌਰ ਜੇਲ੍ਹ ਦਾ ਜੇਲ੍ਹਰ ਖ਼ਾਨ ਸੁਤੰਤਰਤਾ ਸੰਗਰਾਮੀਆਂ ਨਾਲ ਬਹੁਤ ਸਖ਼ਤੀ ਨਾਲ ਪੇਸ਼ ਆਉਂਦਾ ਸੀ। ਕੌਣ, ਕਿਹਨੂੰ ਕਦੋਂ ਮਿਲ ਕੇ ਜਾਂਦਾ, ਇਸ ਦੀ ਖ਼ੁਫੀਆ ਵਿਭਾਗ ਨੂੰ ਰਿਪੋਰਟ ਕਰਨਾ ਉਸ ਦੀ ਅਹਿਮ ਜ਼ਿੰਮੇਵਾਰੀ ਸੀ। ਲਾਹੌਰ ਜੇਲ੍ਹ ਵਿੱਚ ਹੀ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਸ਼ਹੀਦੀ ਪਾਈ। ਸੁਤੰਤਰਤਾ ਸੰਗਰਾਮੀ ਜਤਿੰਦਰ ਨਾਥ ਦਾਸ ਵੀ ਇਸੇ ਜੇਲ੍ਹ ਵਿਚ ਭੁੱਖ ਹੜਤਾਲ ਕਰਕੇ ਸ਼ਹੀਦ ਹੋਇਆ।

ਸੁਤੰਤਰਤਾ ਸੰਗਰਾਮੀ ਸੋਹਨ ਲਾਲ ਕੌਂਸਲਰ ਦਾ ਜਨਮ ਲਾਹੌਰ ਵਿੱਚ ਹੋਇਆ। ਉਹਨਾਂ ਦੇ ਪਿਤਾ ਗੰਡਾ ਰਾਮ ਲਾਹੌਰ ਜੇਲ੍ਹ ਵਿੱਚ ਸਫਾਈ ਮਜ਼ਦੂਰ ਦਾ ਕੰਮ ਕਰਦੇ ਸੀ। ਉੱਘੇ ਲੇਖਕ ਤੇ ਪੱਤਰਕਾਰ ਦੀਪਕ ਜਲੰਧਰੀ ਲਿਖਦੇ, 'ਜੇ ਕਿਧਰੇ ਗੰਡਾ ਰਾਮ ਤੋਂ ਬਿਮਾਰ ਹੋਣ ਕਾਰਨ ਜੇਲ੍ਹ ਦੀ ਸਫਾਈ ਲਈ ਨਾ ਜਾ ਹੋਣਾ ਤਾਂ ਉਸ ਨੂੰ ਸਫ਼ਾਈ ਵਾਸਤੇ ਆਪਣੇ ਲੜਕੇ ਸੋਹਨ ਲਾਲ ਨੂੰ ਭੇਜਣਾ ਪੈਂਦਾ ਸੀ। ਇੱਕ ਦਿਨ ਸੋਹਨ ਲਾਲ ਜਦੋਂ ਸਫਾਈ ਕਰਨ ਗਿਆ ਤਾਂ ਜੇਲ੍ਹ ਵਿੱਚ ਅੰਗਰੇਜ਼ੀ ਹਕੂਮਤ ਵਿਰੁੱਧ ਨਾਹਰੇ ਲੱਗ ਰਹੇ ਸੀ। ਸੋਹਨ ਲਾਲ ਵੀ ਮੁਜ਼ਾਹਰਾਕਾਰੀਆਂ ਦੇ ਨਜ਼ਦੀਕ ਜਾ ਕੇ ਖੜ ਗਿਆ। ਮੁਜ਼ਾਹਰਾਕਾਰੀਆਂ ਵਿੱਚ ਪ੍ਰਤਾਪ ਸਿੰਘ ਕੈਰੋਂ (ਬਾਅਦ 'ਚ ਬਣੇ ਪੰਜਾਬ ਦੇ ਮੁੱਖ ਮੰਤਰੀ) ਵੀ ਸੀ। ਕੈਰੋਂ ਨੇ ਸੋਹਨ ਲਾਲ ਨੂੰ ਪਿਆਰ ਨਾਲ ਆਪਣੇ ਕੋਲ ਬੁਲਾਇਆ ਤੇ ਕਿਹਾ, "ਯਾਰ ਤੂੰ ਇੱਕ ਕੰਮ ਕਰੂੰਗਾ ?" ਸੋਹਨ ਲਾਲ ਪਹਿਲਾਂ ਤਾਂ ਚੁੱਪ ਰਿਹਾ, ਫਿਰ ਉਸ ਕਿਹਾ, "ਕੰਮ ਦੱਸੋ।" ਕੈਰੋਂ ਨੇ ਪਰਦੇ ਨਾਲ ਇੱਕ ਗੁੰਮਨਾਮ ਪੱਤਰ ਸੋਹਨ ਲਾਲ ਨੂੰ ਦਿੱਤਾ ਅਤੇ ਕਿਹਾ, ਇਹ ਪੱਤਰ ...ਉਥੇ ਪਹੁੰਚਾ ਦੇਵੀ। ਸੋਹਨ ਲਾਲ ਨੇ ਪੱਤਰ ਉਥੇ ਪਹੁੰਚਾ ਦਿੱਤਾ। ਜੋ ਇੱਕ ਵੱਡੇ ਕਾਂਗਰਸੀ ਆਗੂ ਦੇ ਨਾਂਅ ਸੀ।"

ਜੇਲ੍ਹ ਸਫਾਈ ਮਜ਼ਦੂਰ ਗੰਡਾ ਰਾਮ ਦੀ ਸਿਹਤ ਜ਼ਿਆਦਾ ਖਰਾਬ ਹੋਣ ਕਾਰਨ ਉਸ ਦਾ ਬੇਟਾ ਸੋਹਨ ਲਾਲ ਆਪਣੇ ਪਿਤਾ ਦੀ ਥਾਂ ਜੇਲ੍ਹ ਦੀ ਸਫਾਈ ਕਰਨ ਰੋਜ਼ਾਨਾ ਜਾਣ ਲੱਗ ਪਿਆ। ਪ੍ਰਤਾਪ ਸਿੰਘ ਕੈਰੋਂ ਤੇ ਹੋਰ ਸੁਤੰਤਰਤਾ ਸੰਗਰਾਮੀ ਸੋਹਨ ਲਾਲ ਤੋਂ ਬਾਹਰ ਦਾ ਹਾਲ-ਚਾਲ ਪੁੱਛਣ ਲੱਗ ਪਏ ਤੇ ਕਿਹਾ, "ਸੋਹਨ ਲਾਲ ਸਾਨੂੰ ਕਿਸੇ ਤਰ੍ਹਾਂ ਬਾਹਰੋਂ ਉਰਦੂ ਦਾ ਅਖ਼ਬਾਰ ਲਿਆ ਦਿਆ ਕਰ।" ਦੂਜੇ ਦਿਨ ਸੋਹਨ ਲਾਲ ਨੇ ਟੋਕਰੀ ਵਿੱਚ ਅਖ਼ਬਾਰ ਰੱਖ ਉਸ ਉਤੇ ਠੀਪਾ ਪੁੱਠਾ ਮਾਰ, ਉਸ ਉਤੇ ਝਾੜੂ ਰੱਖ ਕੇ ਜੇਲ੍ਹ ਵਿੱਚ ਜਾ ਕੇ ਅਖ਼ਬਾਰ ਸੁਤੰਤਰਤਾ ਸੰਗਰਾਮੀਆਂ ਨੂੰ ਪਹੁੰਚਾ ਦੇਣਾ। ਇਸ ਤਰ੍ਹਾਂ ਰੋਜ਼ਾਨਾ ਅਖ਼ਬਾਰ ਜੇਲ੍ਹ ਵਿੱਚ ਪੁੱਜਣ ਲੱਗ ਪਏ।



ਐੱਸ ਐੱਲ ਵਿਰਦੀ

ਪ੍ਰਤਾਪ ਸਿੰਘ ਕੈਰੋਂ ਨੇ ਇੱਕ ਦਿਨ ਸੋਹਨ ਲਾਲ ਨੂੰ ਕਿਹਾ, "ਸੋਹਨ ਲਾਲ, ਬਰਫੀ ਖਾਣ ਨੂੰ ਜੀ ਕਰਦਾ ? ਉਸ ਕਿਹਾ, "ਬਰਫੀ ਆ ਜਾਓ।" ਜੇਲ੍ਹ ਤੋਂ ਵਾਪਸ ਆ, ਸੋਹਨ ਲਾਲ ਨੇ ਟੋਕਰੀ-ਝਾੜੂ ਨਵੇਂ ਖਰੀਦੇ। ਬਰਫੀ ਦਾ ਡੱਬਾ ਖਰੀਦ, ਅਖ਼ਬਾਰ ਵਿਚ ਲਪੇਟ ਕੇ ਟੋਕਰੀ 'ਚ ਰੱਖ, ਉਤੇ ਨਵਾਂ ਝਾੜੂ ਟਕਾ ਕੇ ਜੇਲ੍ਹ ਪਹੁੰਚ, ਬਰਫੀ ਸੁਤੰਤਰਤਾ ਸੰਗਰਾਮੀਆਂ ਨੂੰ ਪਹੁੰਚਾ ਦਿੱਤੀ। ਫਿਰ ਜਦ ਕਦੇ ਸੁਤੰਤਰਤਾ ਸੰਗਰਾਮੀਆਂ ਦਾ ਮਠਿਆਈ ਖਾਣ ਨੂੰ ਦਿਲ ਕਰਦਾ ਤਾਂ ਉਨ੍ਹਾਂ ਸੋਹਨ ਲਾਲ ਨੂੰ ਦੱਸ ਦੇਣਾ। ਸੋਹਨ ਲਾਲ ਨੇ ਟੋਕਰੀ, ਝਾੜੂ ਨਵੇਂ ਖਰੀਦਣੇ ਤੇ ਮਠਿਆਈ ਉਸੇ ਤਰ੍ਹਾਂ ਜੇਲ੍ਹ 'ਚ ਪਹੁੰਚਾ ਦੇਣੀ।

ਸੋਹਨ ਲਾਲ ਦੇ ਟੋਕਰੀ-ਝਾੜੂ ਵਾਰ-ਵਾਰ ਨਵੇਂ ਦੇਖ ਜੇਲ੍ਹਰ ਖ਼ਾਨ ਨੂੰ ਸ਼ੱਕ ਪੈ ਗਿਆ। ਉਸ ਰੋਕ ਕੇ ਇਕ ਦਿਨ ਤਲਾਸ਼ੀ ਲਈ ਤਾਂ ਉਹ ਅਖ਼ਬਾਰਾਂ ਵਿੱਚ ਲਪੇਟੇ ਮਠਿਆਈ ਦੇ ਡੱਬੇ ਨੂੰ ਦੇਖ ਕੇ ਦੰਗ ਰਹਿ ਗਿਆ। ਜੇਲ੍ਹਰ ਖ਼ਾਨ ਨੇ, ਜੇਲ੍ਹ ਦੇ ਸਫ਼ਾਈ ਮਜ਼ਦੂਰ ਸੋਹਨ ਲਾਲ ਨੂੰ ਫੜ ਕੇ ਉਸੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਤੇ ਉਸ ਦੇ ਪਿਤਾ ਗੰਡਾ ਰਾਮ ਦੀ ਨੌਕਰੀ ਖਤਮ ਕਰ ਦਿੱਤੀ। ਸੋਹਨ ਲਾਲ ਨੂੰ ਮੁਆਫੀ ਮੰਗਣ ਲਈ ਕਿਹਾ ਗਿਆ, ਪਰ ਉਸ ਨੇ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ। ਕੁਝ ਦਿਨਾਂ ਬਾਅਦ ਸੋਹਨ ਲਾਲ ਨੂੰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਕਾਂਗਰਸ ਨੇ ਲਾਹੌਰ ਕੌਂਸਲਰ ਲਈ ਸੋਹਨ ਲਾਲ ਨੂੰ ਉਥੋਂ ਉਮੀਦਵਾਰ ਖੜ੍ਹਾ ਕਰ ਦਿੱਤਾ ਤਾਂ ਉਹ ਚੋਣ ਜਿੱਤ ਗਿਆ ਤਾਂ ਲੋਕ ਉਸ ਨੂੰ ਮਾਣ ਨਾਲ ਸੋਹਨ ਲਾਲ ਕੌਂਸਲਰ ਕਹਿਣ ਲੱਗ ਪਏ।

ਦੇਸ਼ ਦੇ ਬਟਵਾਰੇ ਤੋਂ ਬਾਅਦ ਸੋਹਨ ਲਾਲ ਕੌਂਸਲਰ ਜਲੰਧਰ ਦੇ ਅਲੀ ਮੁਹੱਲਾ ਵਿੱਚ ਆ ਕੇ ਰਹਿਣ ਲੱਗ ਪਿਆ। ਸੰਨ 1954 ਵਿੱਚ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸਾਦ ਜਲੰਧਰ ਆਏ। ਜਦ ਉਹ ਕੰਪਨੀ ਬਾਗ ਜਲੰਧਰ ਤੋਂ ਗਾਂਧੀ ਬਨੀਆ ਆਸ਼ਰਮ ਵਿੱਚ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਬੱਘੀ ਵਿੱਚ ਬੈਠ ਕੇ ਜਾ ਰਹੇ ਸੀ ਤਾਂ ਭਗਵਾਨ ਵਾਲਮੀਕਿ ਮੰਦਰ ਅਲੀ ਮੁਹੱਲਾ ਮੂਹਰੇ ਸੋਹਨ ਲਾਲ ਨੇ ਬੱਘੀ ਨੂੰ ਰੋਕ ਲਿਆ ਤੇ ਰਾਸ਼ਟਰਪਤੀ ਜੀ ਨੂੰ ਰਮਾਇਣ ਗ੍ਰੰਥ ਭੇਟ ਕੀਤਾ।

ਦੇਸ਼ ਅਜ਼ਾਦ ਹੋਣ ਤੋਂ ਬਾਅਦ ਸ. ਪ੍ਰਤਾਪ ਸਿੰਘ ਕੈਰੋਂ ਜਦ ਮੁੱਖ ਮੰਤਰੀ ਬਣੇ ਤਾਂ ਉਹ ਜਲੰਧਰ ਆਏ। ਮੁੱਖ ਮੰਤਰੀ ਕੈਰੋਂ ਨੇ ਸੋਹਨ ਲਾਲ ਨੂੰ ਮਿਲਣ ਲਈ ਪੁਲਸ ਦੀ ਜੀਪ ਭੇਜ ਕੇ ਆਪਣੇ ਪਾਸ ਮੰਗਵਾ ਲਿਆ। ਸੋਹਨ ਲਾਲ ਜਿਉਂ ਹੀ ਸਾਹਮਣੇ ਹੋਇਆ ਤਾਂ ਸ. ਪ੍ਰਤਾਪ ਸਿੰਘ ਕੈਰੋਂ ਨੇ ਉੱਠ ਕੇ ਸੋਹਨ ਲਾਲ ਨੂੰ ਘੁੱਟ ਕੇ ਜੱਫੀ ਪਾਉਂਦਿਆਂ ਕਿਹਾ, "ਸੋਹਨ ਲਾਲ! ਮੈਂ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਹਾਂ, ਦੱਸ ਤੇਰੀ ਕੀ ਸੇਵਾ ਕਰਾਂ ?"

ਸੋਹਨ ਲਾਲ ਨੇ ਕਿਹਾ, "ਕੈਰੋਂ ਸਾਹਿਬ, ਮੈਨੂੰ ਕੁਝ ਨਹੀਂ ਚਾਹੀਦਾ, ਜੇ ਕਰ ਸਕਦਾ ਤਾਂ ਰਿਕਸ਼ੇ ਵਿੱਚ ਮੇਰੇ ਨਾਲ ਬੈਠਕੇ ਮੇਰੇ ਘਰ ਚਾਹ ਪੀਣ ਚੱਲ।" ਸ. ਪ੍ਰਤਾਪ ਸਿੰਘ ਕੈਰੋਂ ਨੇ ਰਿਕਸ਼ਾ ਬੁਲਾਇਆ ਤੇ ਰਿਕਸ਼ਾ 'ਚ ਸੋਹਨ ਲਾਲ ਨਾਲ ਬੈਠ, ਜੱਫੀ ਪਾ, ਅਲੀ ਮੁਹੱਲੇ ਨੂੰ ਚੱਲ ਪਿਆ। ਸੋਹਨ ਲਾਲ ਰਿਕਸ਼ੇ ਵਿਚ ਬੈਠਾ ਲੋਕਾਂ ਨੂੰ ਕਹਿ ਰਿਹਾ ਸੀ, "ਇਹ ਮੁੱਖ ਮੰਤਰੀ ਕੈਰੋਂ ਸਾਹਿਬ ਆ।"

ਸ. ਪ੍ਰਤਾਪ ਸਿੰਘ ਕੈਰੋਂ ਨੇ ਸੋਹਨ ਲਾਲ ਦੇ ਘਰ ਅਲੀ ਮੁਹੱਲੇ ਚਾਹ ਪੀਤੀ ਤੇ ਰਾਤ ਨੂੰ ਸੋਹਨ ਲਾਲ ਵੱਲੋਂ ਸ਼ਹਿਰ ਦੇ ਪਤਵੰਤਿਆਂ ਅਤੇ ਪ੍ਰਸ਼ਾਸਨ ਨੂੰ ਡਿਨਰ ਦਿੱਤਾ। ਜਲੰਧਰ ਸ਼ਹਿਰ ਵਿੱਚ ਸੋਹਨ ਲਾਲ ਦੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨਾਲ ਦੋਸਤੀ ਦੀ ਚਰਚਾ ਕਈ ਮਹੀਨੇ ਚੱਲਦੀ ਰਹੀ। ਇੱਥੇ ਇਹ ਵੀ ਸਲਾਹੁਣਯੋਗ ਹੈ ਕਿ ਸੋਹਨ ਲਾਲ ਨੇ ਮੁੱਖ ਮੰਤਰੀ ਤੋਂ ਆਪਣੇ ਲਈ ਕੁਝ ਨਾ ਮੰਗਿਆ। ਬਸ! ਇਹੋ ਗੱਲ ਸੋਹਨ ਲਾਲ ਕੌਂਸਲਰ ਨੂੰ ਮਹਾਨ ਬਣਾ ਗਈ। 22 ਜੁਲਾਈ, 1963 ਨੂੰ ਸੋਹਨ ਲਾਲ ਨਿਰਵਾਣ ਪ੍ਰਾਪਤ ਕਰ ਗਏ।

(**ਦੀਪਕ ਜਲੰਧਰੀ '125 ਕਰੋੜ ਭਾਰਤੀਆਂ 'ਚ 125 ਜਲੰਧਰੀ'**)

**# ਸੰਪਰਕ : 98145 17499**

# ਇਜ਼ਰਾਈਲੀ ਤੇ ਭਾਰਤੀ ਫਾਸ਼ੀਵਾਦੀਆਂ ਦੇ ਸਾਂਝੇ ਆਧਾਰ

**ਨਰਭਿੰਦਰ**

ਦੁਨੀਆ ਦੇ ਵੱਡੇ ਬਾਰਾਂ ਧਰਮਾਂ ਵਿੱਚੋਂ ਇੱਕ ਜਿਉਨਿਸਨ (ਯਹੂਦੀ) ਧਰਮ ਹੈ। ਵੈਸੇ ਇਸ ਦੀਆਂ ਵੀ ਕਈ ਸ਼ਾਖਾਵਾਂ ਹਨ। ਭਾਵ ਇਸ 'ਚ ਸੰਪਰਦਾਏ ਹਨ। ਯਹੂਦੀ ਪੂਰੇ ਯੂਰਪ ਤੋਂ ਇਲਾਵਾ ਅਮਰੀਕਾ ਕੈਨੇਡਾ ਵਿੱਚ ਖਿੰਡੇ ਹੋਏ ਹਨ। ਸਭ ਤੋਂ ਵੱਡੀ ਗਿਣਤੀ ਅਮਰੀਕਾ ਤੇ ਕੈਨੇਡਾ ਵਿੱਚ ਅਜੇ ਵੀ ਰਹਿੰਦੀ ਹੈ। ਦੂਸਰੀ ਸੰਸਾਰ ਜੰਗ ਦੇ ਖਾਤਮੇ ਪਿੱਛੋਂ ਇਨ੍ਹਾਂ ਯਹੂਦੀਆਂ ਨੂੰ ਇਜ਼ਰਾਈਲ ਵਿੱਚ ਵਸਾਉਣ ਦੀ ਭੂਮਿਕਾ ਸਾਮਰਾਜੀ ਤਾਕਤਾਂ ਵਿਸ਼ੇਸ਼ ਕਰਕੇ ਬਰਤਾਨੀਆ ਤੇ ਅਮਰੀਕਾ ਨੇ ਨਿਭਾਈ। ਇਜ਼ਰਾਈਲ ਨੂੰ ਅਮਰੀਕਾ ਦੀ ਨਜਾਇਜ਼ ਔਲਾਦ ਵੀ ਕਿਹਾ ਜਾਂਦਾ ਹੈ। ਯਹੂਦੀ ਭਾਵ ਜਿਉਨਵਾਦੀ ਧਰਮ ਦੇ ਲੋਕਾਂ ਨੇ ਪੂੰਜੀਵਾਦ ਦੇ ਮੁੱਢਲੇ ਵਿਕਾਸ ਸਮੇਂ ਅਹਿਮ ਭੂਮਿਕਾ ਨਿਭਾਈ ਸੀ। ਕਿਉਂਕਿ ਇਹ ਪੈਸੇ ਵਿਆਜੂ ਦਿੰਦੇ ਸਨ ਤੇ ਵਧੇਰੇ ਪੈਸਾ ਇਨ੍ਹਾਂ ਕੋਲ ਹੀ ਸੀ। ਦੂਸਰਾ ਇਹ ਲਗਾਤਾਰ ਉਜੜਦੇ ਰਹੇ। ਇਸ ਕਰਕੇ ਸਿਆਣੇ ਵੀ ਸਨ। ਭਾਵ ਬੌਧਿਕ ਤੌਰ 'ਤੇ ਵੀ ਸੰਪਨ ਸਨ ਅਤੇ ਆਰਥਿਕ ਤੌਰ 'ਤੇ ਵੀ। ਇਹੀ ਕਾਰਨ ਕਿ ਯੂਰਪ ਵਿੱਚ ਇਨ੍ਹਾਂ ਪ੍ਰਤੀ ਇੱਕ ਨਫ਼ਰਤ ਵੀ ਪਾਈ ਜਾਂਦੀ ਸੀ। ਇਹ ਸਦੀਆਂ ਤੋਂ ਹੈ। ਇਹਦੇ ਸਮਾਜਿਕ ਸੱਭਿਆਚਾਰਕ ਅਤੇ ਧਾਰਮਿਕ ਕਾਰਨ ਸਨ। ਇਸ ਨਫ਼ਰਤ ਨੂੰ ਸਮਝਣਾ ਹੋਵੇ ਤਾਂ ਯੂਰਪੀਨ ਸਾਹਿਤ ਨੂੰ ਵਿਸ਼ੇਸ਼ ਕਰਕੇ ਅੰਗਰੇਜ਼ੀ ਸਾਹਿਤ ਨੂੰ ਵੇਖਿਆ ਜਾ ਸਕਦਾ ਹੈ। ਭਾਰਤ ਵਿੱਚ ਅੰਗਰੇਜ਼ੀ ਸਾਹਿਤ ਹੀ ਵੱਡੀ ਗਿਣਤੀ 'ਚ ਪੜ੍ਹਿਆ ਅਤੇ ਪੜ੍ਹਾਇਆ ਜਾਂਦਾ ਹੈ। ਫਰੈਂਚ ਤੇ ਸਪੈਨਿਸ਼ ਘੱਟ ਹੈ। ਥਾਂ ਪੁਰ ਥਾਂ ਮਿਲਦੀ ਨਫ਼ਰਤ ਵਿੱਚ ਸ਼ੈਕਸਪੀਅਰ ਦਾ ਇੱਕ ਨਾਟਕ 'ਮਰਚੈਂਟ ਆਫ਼ ਵੈਨਿਸ' ਇਸ ਨਫ਼ਰਤ ਦੀ ਇੱਕ ਉੱਘੜਵੀਂ ਮਿਸਾਲ ਹੈ। ਇਹ ਪਰੰਪਰਾ ਸ਼ੈਕਸਪੀਅਰ ਤੋਂ ਪਹਿਲਾਂ ਚੌਸਰ ਅਤੇ ਪਿੱਛੋਂ ਚਾਰਲਸ ਡਿੰਕਨਜ਼, ਜਾਰਜ ਏਲੀਏਟ, ਵਰਜੀਨੀਅਰ ਵੂਲਫ਼, ਏਜਰਾ ਪਾਊਡ, ਟੀ ਐੱਸ ਈਲੀਆਟ ਅਤੇ ਗ੍ਰਾਹਮ ਗਰੀਨ ਵਰਗੇ ਵੱਡੇ ਲੇਖਕਾਂ ਵਿੱਚ ਵੀ ਬਰਕਰਾਰ ਮਿਲਦੀ ਹੈ। ਜੇ ਅੰਗਰੇਜ਼ੀ ਸਾਹਿਤ ਨਾ ਵੀ ਕਹੀਏ ਤਾਂ ਬਰਤਾਨਵੀ ਸਮਾਜ ਨਾਲ ਜੁੜਿਆ ਹੋਣ ਦੀ ਸਭ ਤੋਂ ਖ਼ਰਾਬ ਮਿਸਾਲ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਹੈ। ਜਿਹਦਾ ਨਾਵਲ 'ਚ ਸੈਵਨਟੀ ਟੂ ਵਰਜ਼ਿਨਜ਼ : ਏ ਕਮੇਡੀ ਆਫ਼ ਏਰਿਸ' ਸਿਰੇ ਦਾ ਯਹੂਦੀ ਵਿਰੋਧੀ ਹੈ। ਇਹ ਨਾਵਲ 2004 ਵਿੱਚ ਹੀ ਪ੍ਰਕਾਸ਼ਤ ਹੋਇਆ ਹੈ।

ਇਸੇ ਨਫ਼ਰਤ ਦਾ ਸਿੱਟਾ ਸੀ, ਜਿਸ ਨੂੰ ਹਿਟਲਰ ਨੇ ਵਰਤਿਆ ਤੇ ਯਹੂਦੀਆਂ ਦਾ ਜਿਹੜਾ ਕਤਲੇਆਮ (60 ਲੱਖ) ਕੀਤਾ, ਉਸ ਜਬਰ ਦੀ ਮਿਸਾਲ ਨਹੀਂ ਮਿਲਦੀ। ਹੁਣ ਫਲਸਤੀਨੀਆਂ ਨਾਲ ਯਹੂਦੀ ਜੋ ਕਰ ਰਹੇ ਹਨ, ਉਹ ਇਹ ਦਰਸਾ ਰਿਹਾ ਹੈ ਕਿ ਇਜ਼ਰਾਈਲੀਆਂ ਜਾਂ ਯਹੂਦੀਆਂ ਨਾਲ ਜੋ ਈਸਾਈਆਂ ਜਾਂ ਯੂਰਪ ਵਾਲਿਆਂ ਨੇ ਕੀਤਾ, ਉਹਦਾ ਬਦਲਾ ਫਲਸਤੀਨੀਆਂ ਤੋਂ ਲੈ ਰਹੇ ਹਨ। ਚਰਚ, ਮਸਜਿਦ, ਹਸਪਤਾਲ ਕੁਝ ਨਹੀਂ ਛੱਡਿਆ ਜਾ ਰਿਹਾ। ਬੱਚਿਆਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦਾ ਇਜ਼ਰਾਈਲ ਦੇ ਇਸ ਕਰੂਰਪੁਣੇ ਪ੍ਰਤੀ ਕੀ ਨਜ਼ਰੀਆ ਤੇ ਕੀ ਸੰਬੰਧ ਹਨ। ਇਹ ਨੂੰ ਅਸੀਂ ਇਥੇ ਨਹੀਂ ਵਿਚਾਰਾਂਗੇ। ਸਭ ਨੂੰ ਪਤਾ ਹੈ ਅਮਰੀਕਾ ਪੂਰੀ ਤਰ੍ਹਾਂ ਨਾਲ ਖਲੋਤਾ ਹੈ। ਬਰਤਾਨਵੀ ਤੇ ਫਰਾਂਸ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਯੇਰੁਸ਼ਲਮ ਇਕਦਮ ਭੱਜੇ ਆਏ ਜਦੋਂ ਹਮਾਸ ਨੇ ਹਮਲੇ ਕੀਤੇ ਸਨ। ਇੱਥੇ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਹਿੰਦੂ ਫਾਸ਼ੀਵਾਦੀਆਂ ਦੇ ਯਹੂਦੀਆਂ ਜਾਂ ਜਿਉਨਵਾਦੀਆਂ ਨਾਲ ਕੀ ਸੰਬੰਧ ਹਨ ਜਾਂ ਕੀ ਰਿਸ਼ਤੇ ਹਨ।

ਇਜ਼ਰਾਈਲ ਦੇ ਜਿਉਨਵਾਦੀ ਹਾਕਮਾਂ ਵੱਲੋਂ ਗਾਜ਼ਾ ਪੱਟੀ 'ਤੇ ਤਾਜ਼ਾ ਬੇਰਹਿਮੀ ਨਾਲ ਕੀਤੇ ਜਾ ਰਹੇ ਕਤਲੇਆਮ ਦੌਰਾਨ ਭਾਰਤ ਦੇ ਹਿੰਦੂ ਫਾਸ਼ੀਵਾਦੀਆਂ ਦੀ ਪ੍ਰਤੀਕ੍ਰਿਆ ਕਾਬਲੇਗੌਰ ਹੈ। ਭਾਜਪਾ ਦੇ ਆਈ ਟੀ ਸੈੱਲ ਤੋਂ ਲੈ ਕੇ ਪੂੰਜੀਵਾਦੀ ਪ੍ਰਚਾਰਤੰਤਰ ਤੱਕ ਸਾਰਾ ਸਰਕਾਰ ਹਮਾਇਤੀ ਮੀਡੀਆ ਇੱਕ ਵੱਢਿਉਂ ਜਿਉਨਵਾਦੀ ਹਾਕਮਾਂ ਦੀ ਹਮਾਇਤ ਵਿੱਚ ਲਾਮਬੰਦ ਹੋ ਚੁੱਕਾ ਹੈ। ਦੁਨੀਆ ਭਰ ਦੇ ਲੋਕ ਇਹ ਵੀ ਵੇਖ ਰਹੇ ਕਿ ਜ਼ਿਆਦਾਤਰ ਝੂਠੀਆਂ ਖ਼ਬਰਾਂ ਭਾਰਤ ਵਿੱਚ ਹੀ ਪ੍ਰਚਾਰਿਤ-ਪ੍ਰਸਾਰਿਤ ਹੋ ਰਹੀਆਂ ਹਨ। ਇਹਦਾ ਪਹਿਲਾ ਕਾਰਨ ਸਮਝ ਆਉਂਦਾ ਹੈ, ਕਿਉਂਕਿ ਇਜ਼ਰਾਈਲ ਦੇ ਜਿਉਨਵਾਦੀਆਂ ਦੇ ਹਮਲੇ ਦਾ ਸ਼ਿਕਾਰ ਫਲਸਤੀਨੀ ਲੋਕ, ਮੁਸਲਮਾਨ ਹਨ। ਇਸ ਲਈ ਮੁਸਲਮਾਨਾਂ ਨਾਲ ਅੰਦਰੋਂ ਨਫ਼ਰਤ ਕਰਨ ਵਾਲੇ ਹਿੰਦੂ ਫਾਸ਼ੀਵਾਦੀ ਜਿਉਨਵਾਦੀ ਕਰੂਰ ਹਾਕਮਾਂ ਨਾਲ ਖਲੋਤੇ ਹਨ। ਦੋਹਾਂ ਦੀ ਸੋਚ ਤੇ ਦ੍ਰਿਸ਼ਟੀਕੋਨ ਵਿੱਚ ਇੱਕ ਸਮਾਨਤਾ ਹੈ। ਉਹ ਇਹ ਕਿ ਦੋਵੇਂ ਹੀ ਮੁਸਲਮਾਨਾਂ ਪ੍ਰਤੀ ਅਥਾਹ ਨਫ਼ਰਤ ਰੱਖਦੇ ਹਨ।

ਉਂਝ ਇਤਿਹਾਸ ਦਾ ਆਈਨਾ (ਸ਼ੀਸ਼ਾ) ਵੀ ਅਜੀਬ ਹੈ। ਜਿਹੜੇ ਯਹੂਦੀ ਕਿਸੇ ਵੇਲੇ ਨਾਜ਼ੀ ਜਰਮਨੀ ਦਾ ਸ਼ਿਕਾਰ ਰਹੇ, ਅੱਜ ਉਹੀ ਨਾਜ਼ੀਆਂ ਦੇ ਪੈਰ ਚਿੰਨ੍ਹਾਂ 'ਤੇ ਚੱਲ ਰਹੇ ਹਨ ਅਤੇ ਜਿਨ੍ਹਾਂ ਹਿੰਦੂ ਫਾਸ਼ੀਵਾਦੀਆਂ ਦਾ ਆਦਰਸ਼ ਹਿਟਲਰ ਹੁੰਦਾ ਸੀ, ਉਹ ਅੱਜ ਯਹੂਦੀ ਜਿਉਨਵਾਦੀਆਂ ਦੇ ਪਿੱਛੇ ਖਲੋਤੇ ਹਨ। ਯਾਦ ਕਰਨਾ ਚਾਹੀਦਾ ਹੈ ਹਿੰਦੂ ਫਾਸ਼ੀਵਾਦੀਆਂ ਦੇ ਗੁਰੂ ਗੋਲਵਲਕਰ ਨੇ ਹਿਟਲਰ ਦੇ ਜ਼ਮਾਨੇ ਵਿੱਚ ਖੁੱਲ੍ਹੇਆਮ ਕਿਹਾ ਸੀ ਕਿ, "ਹਿੰਦੂਆਂ ਨੂੰ ਭਾਰਤ ਦੇ ਮੁਸਲਮਾਨਾਂ ਨਾਲ ਉਹੀ ਵਿਉਹਾਰ ਕਰਨਾ ਚਾਹੀਦਾ ਹੈ, ਜਿਹੜਾ ਜਰਮਨ ਵਿੱਚ ਯਹੂਦੀਆਂ ਨਾਲ ਹੋ ਰਿਹਾ ਹੈ।" ਜੋ ਗੋਲਵਲਕਰ ਬੀਜ ਕੇ ਗਿਆ ਸੀ। ਸੰਘ ਦਾ ਆਦਰਸ਼ ਉਹੀ ਹੈ, ਪਰ ਇਹ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਸਾਰੇ ਯਹੂਦੀ ਫਾਸ਼ਿਸਟ ਨਹੀਂ, ਸਿਰਫ਼ ਜਿਉਨਵਾਦੀ ਹੀ ਅਜਿਹੀ ਸੋਚ ਰੱਖਦੇ ਹਨ। ਜਿਵੇਂ ਸਾਰੇ ਹਿੰਦੂ ਫਾਸ਼ਿਸਟ ਨਹੀਂ ਸਿਰਫ਼ ਸੰਘੀ ਲਾਣਾ ਹੀ ਹੈ। ਸੋ ਭਾਰਤੀ ਹਿੰਦੂ ਫਾਸ਼ਿਸਟਾਂ ਦਾ ਮੋਹ ਸਮੁੱਚੀ ਯਹੂਦੀ ਕੌਮ ਨਾਲ ਨਹੀਂ, ਸਿਰਫ਼ ਜਿਉਨਵਾਦੀਆਂ ਨਾਲ ਹੀ ਹੈ। ਹਾਲਾਂਕਿ ਉਹ ਘੱਟ ਗਿਣਤੀ ਵਿੱਚ ਹਨ।

ਦੂਸਰੀ ਗੱਲ ਜਿਹੜੀ ਦੇਖਣ ਵਾਲੀ ਹੈ ਜਿਹੜੀ ਹੈ ਵੀ ਅਜੀਬ ਕਿ ਜਿਉਨਵਾਦੀ ਮੁਸਲਮਾਨਾਂ ਪ੍ਰਤੀ ਬੇਕਿਰਕ ਨਫ਼ਰਤ ਨਾਲ ਭਰੇ ਪੀਤੇ ਹਨ ਅਤੇ ਇਸਾਈ ਹਾਕਮ ਜਿਉਨਵਾਦੀਆਂ ਦੀ ਡਟਵੀਂ ਹਮਾਇਤ ਕਰ ਰਹੇ ਹਨ। ਇਤਿਹਾਸ ਦੇ ਦੋ ਹਜ਼ਾਰ ਸਾਲ ਈਸਾਈਆਂ ਵੱਲੋਂ ਯਹੂਦੀਆਂ ਪ੍ਰਤੀ ਨਫ਼ਰਤ ਅਤੇ ਜਬਰ ਦੀ ਚਸ਼ਮਦੀਦ ਗਵਾਹੀ ਹਨ। ਦੂਸਰੇ ਪਾਸੇ ਪਿਛਲੇਰੇ 1400 ਸਾਲ ਇਸਲਾਮਿਕ ਹਕੂਮਤਾਂ ਵਿੱਚ ਵੀ ਯਹੂਦੀ ਜ਼ਿਆਦਾਤਰ ਸੁਰੱਖਿਅਤ ਹੀ ਰਹੇ ਸਨ। ਇਸਲਾਮ ਧਰਮ ਯਹੂਦੀ ਧਰਮ ਦੀ ਸਿਧੀ ਪਰੰਪਰਾ ਤੋਂ ਪੈਦਾ ਹੋਇਆ ਹੈ ਅਤੇ ਇਹਨੇ ਬਹੁਤ ਸਾਰੀਆਂ ਚੀਜ਼ਾਂ ਉਸੇ ਤੋਂ ਹੀ ਲਈਆਂ ਹਨ। ਇਸਲਾਮ ਦੀ ਨਜ਼ਰ ਵਿੱਚ ਯਹੂਦੀ ਪੈਗੰਬਰ ਇਬਰਾਹੀਮ ਅਤੇ ਆਸਮਾਨੀ ਕਿਤਾਬ ਵਾਲੇ ਲੋਕ ਸਨ, ਜਿਨ੍ਹਾਂ ਨੂੰ ਵਿਸ਼ੇਸ਼ ਦਰਜਾ ਹਾਸਲ ਸੀ। ਦੂਸਰੇ ਪਾਸੇ ਈਸਾਈਆਂ ਵਿੱਚ ਇਹ ਰੋਗ ਸਦਾ ਰਿਹਾ ਕਿ ਈਸਾ ਮਸੀਹ ਨੂੰ ਸੂਲੀ ਉਤੇ ਚੜ੍ਹਾਉਣ ਵਾਲੇ ਯਹੂਦੀ ਹੀ ਹਨ। ਇਹੋ ਈਸਾਈਆਂ ਦੀ ਯਹੂਦੀਆਂ ਪ੍ਰਤੀ ਨਫ਼ਰਤ ਦਾ ਪ੍ਰਮੁੱਖ ਕਾਰਨ ਸੀ, ਜਿਹੜੀ ਹਿਟਲਰ ਦੇ ਦੌਰ ਵਿੱਚ ਸਿਖ਼ਰ ਉੱਤੇ ਸੀ।

ਸੋ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਜਮਾਤਾਂ ਵਿੱਚ ਵੰਡੇ ਹੋਏ ਸਮਾਜ ਅਨਿਆਂ ਤੇ ਜ਼ੁਲਮ ਵਾਲੇ ਸਮਾਜਾਂ ਵਿੱਚ ਆਪਣੇ ਉਤੇ ਹੋਣ ਵਾਲੇ ਅਨਿਆਂ ਤੇ ਜ਼ੁਲਮ ਦੇ ਵਿਰੋਧ ਦਾ ਮਤਲਬ ਇਹ ਨਹੀਂ ਹੁੰਦਾ ਕਿ ਇਹ ਵਿਰੋਧ ਕਰਨ ਵਾਲੇ ਲੋਕ ਅਨਿਆਂ ਤੇ ਜ਼ੁਲਮ ਦਾ ਵਿਰੋਧ ਕਰਦੇ ਹਨ। ਉਹ ਬੱਸ ਆਪਣੇ ਉਤੇ ਹੋਣ ਵਾਲੇ ਅਨਿਆਂ ਤੇ ਜ਼ੁਲਮ ਦਾ ਹੀ ਵਿਰੋਧ ਕਰਦੇ ਹਨ। ਅਜਿਹਾ ਵੀ ਹੁੰਦਾ ਹੈ ਕਿ ਉਹ ਠੀਕ ਉਸੇ ਸਮੇਂ ਦੂਸਰੇ ਦੇ ਉਤੇ ਹੋਣ ਵਾਲੇ ਅਨਿਆਂ ਤੇ ਜ਼ੁਲਮ ਦੇ ਹੱਕ 'ਚ ਖਲੋ ਜਾਣ। ਇਤਿਹਾਸ ਵਿੱਚ ਹਮੇਸ਼ਾ ਇਹੋ ਹੀ ਹੁੰਦਾ ਰਿਹਾ ਹੈ ਕਿ ਪੀੜਤ ਜਦੋਂ ਹਾਕਮ ਬਣ ਗਏ ਤਾਂ ਉਨ੍ਹਾਂ ਨੇ ਪੁਰਾਣੇ ਹਾਕਮਾਂ ਦੇ ਵਾਂਗੂੰ ਹੀ ਅਨਿਆਂ ਤੇ ਜ਼ੁਲਮ ਢਾਹੇ। ਗੁਲਾਮ ਵੀ ਜੇ ਵਿਦਰੋਹ ਵਿੱਚ ਸਫ਼ਲ ਹੋ ਜਾਂਦੇ ਤਾਂ ਉਹ ਆਪਣੇ ਮਾਲਕਾਂ ਨੂੰ ਗੁਲਾਮ ਬਣਾ ਲੈਂਦੇ।

ਇਹੋ ਕਾਰਨ ਹੈ ਕਿ ਜਦੋਂ ਹਜ਼ਾਰਾਂ ਸਾਲਾਂ ਤੋਂ ਪੀੜਾ ਸਹਿ ਰਹੇ ਯਹੂਦੀ ਇੱਕ ਕੌਮ ਦੇ ਰੂਪ ਵਿੱਚ ਇੱਕ ਰਾਸ਼ਟਰ ਦੇ ਰੂਪ ਵਿੱਚ ਸੰਗਠਿਤ ਹੋ ਕੇ ਤਾਕਤਵਰ ਹੋ ਗਏ ਤਾਂ ਉਨ੍ਹਾਂ ਨੇ ਉਸੇ ਤਰ੍ਹਾਂ ਦੀ ਕਰੂਰਤਾ ਦਾ ਦਿਖਾਵਾ ਕੀਤਾ। ਜੇ ਇਹ ਕਰੂਰਤਾ (ਮੁਸਲਮਾਨਾਂ) ਉਨ੍ਹਾਂ ਪ੍ਰਤੀ ਹੈ ਜਿਹੜੇ ਇਤਿਹਾਸ ਵਿੱਚ ਇੱਕ ਤਰ੍ਹਾਂ ਨਾਲ ਉਨ੍ਹਾ ਦੇ ਹਮਦਰਦ ਰਹੇ ਸਨ, ਤਾਂ ਇਹ ਸੰਯੋਗ ਹੀ ਹੈ। ਤੇ ਜੇ ਕਿਤੇ ਇਹੋ ਕਰੂਰਤਾ ਜਿਉਨਵਾਦੀਆਂ ਦੀ ਈਸਾਈਆਂ ਪ੍ਰਤੀ ਹੁੰਦੀ, ਜਿਨ੍ਹਾ ਨੇ ਉਨ੍ਹਾਂ ਨਾਲ ਲਗਾਤਾਰ ਜਬਰ ਤੇ ਅਨਿਆਂ ਕੀਤਾ ਸੀ ਤਾਂ ਕੀ ਵਿਸ਼ਵ ਦੇ ਈਸਾਈ ਦੇਸ਼ਾਂ ਦਾ ਇਹੋ ਹੀ ਰਵੱਈਆ ਹੁੰਦਾ, ਜਿਹੜਾ ਅੱਜ ਫਲਸਤੀਨੀ ਮੁਸਲਮਾਨਾਂ ਪ੍ਰਤੀ ਅਪਣਾਇਆ ਹੈ ? ਸਾਫ਼ ਹੈ ਕਿ ਉਦੋਂ ਉਹ ਵੀ ਅਰਬ ਦੇਸ਼ਾਂ ਵਾਂਗੂੰ ਦੋਗਲੇ ਵਿਉਹਾਰ ਦਾ ਪ੍ਰਗਟਾਅ ਹੀ ਕਰਦੇ। ਇਹ ਵੀ ਧਿਆਨ ਦੇਣ ਵਾਲਾ ਹੈ ਕਿ ਯੂਕਰੇਨ ਅਤੇ ਰੂਸ ਦੇ ਲੋਕ ਇੱਕ ਹੀ ਧਰਮ ਨੂੰ ਮੰਨਣ ਵਾਲੇ ਹਨ, ਪਰ ਉਨ੍ਹਾਂ ਦੇ ਦਰਮਿਆਨ ਜੰਗ ਵਿੱਚ ਪ੍ਰਮੁੱਖ ਭੂਮਿਕਾ ਈਸਾਈ ਹੀ ਨਿਭਾਅ ਰਹੇ ਹਨ।

ਸੋ ਇਹ ਸੋਚਣਾ ਹੀ ਬੇਮਾਇਨਾ ਹੈ ਕਿ ਜੇ ਕੋਈ ਕੌਮ ਜਾਂ ਵਰਗ ਜੋ ਹਜ਼ਾਰਾਂ ਸਾਲ ਜ਼ੁਲਮ ਅਤੇ ਅੱਤਿਆਚਾਰ ਸਹੇ, ਉਹ ਨਿਆਂ ਪਸੰਦ ਤੇ ਮਾਨਵਤਾਵਾਦੀ ਗੁਣਾਂ ਨਾਲ ਓਤਪੋਤ ਹੋ ਜਾਂਦਾ ਹੈ ਗਲਤ ਹੈ। ਯਹੂਦੀ ਜਿਨ੍ਹਾਂ ਨੇ ਨਾਜ਼ੀ ਤਸੀਹਾ ਕੇਂਦਰਾਂ ਅਤੇ ਨਰਸੰਹਾਰ ਦੇ ਭਿਆਨਕ ਦੌਰ ਨੂੰ ਹੰਢਾਇਆ, ਤੋਂ ਇਹ ਆਸ ਰੱਖਣੀ ਕਿ ਉਹ ਅਜਿਹੀ ਕਰੂਰਤਾ, ਅਨਿਆਂ ਤੇ ਅੱਤਿਆਚਾਰ ਤੋਂ ਪਰ੍ਹਾਂ ਰਹਿਣਗੇ, ਇਹ ਇਤਿਹਾਸ ਤੇ ਸਮਾਜ ਪ੍ਰਤੀ ਕੱਚੀ ਸਮਝ ਹੈ। ਲੁੱਟੇ ਜਾਣ ਵਾਲੇ ਤੇ ਜਬਰ, ਅਨਿਆਂ ਨਾਲ ਪੀੜਤ ਲੋਕਾਂ ਦਾ ਵਿਉਹਾਰ ਆਪਣੀ ਵਾਰੀ ਵਿੱਚ ਕਿਹੋ ਜਿਹਾ ਹੋਵੇਗਾ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਹੋ ਜਿਹਾ ਸਮਾਜ ਬਣਾਉਂਦੇ ਹਨ ਜਾਂ ਲੋਚਦੇ ਹਨ। ਜੇ ਉਹ ਉਸੇ ਤਰ੍ਹਾਂ ਦਾ ਲੁਟੇਰਾ ਵਰਗਾਂ 'ਚ ਵੰਡਿਆ, ਜਾਬਰ ਤੇ ਅੱਤਿਆਚਾਰ ਵਾਲੇ ਸਮਾਜ ਵਿੱਚ ਖੁਦ ਸੱਤਾ 'ਤੇ ਕਾਬਜ਼ ਹੁੰਦੇ ਹਨ ਤਾਂ ਉਹੀ ਵਰਤਾਅ ਹੋਵੇਗਾ, ਜਿਹੜਾ ਅੱਜ ਯਹੂਦੀਆਂ ਦਾ ਸਾਹਮਣੇ ਆ ਰਿਹਾ ਹੈ।

1948 'ਚ ਜਦੋਂ ਯਹੂਦੀਆਂ ਨੂੰ ਸੰਯੁਕਤ ਰਾਸ਼ਟਰ ਦੇ ਥਾਪੜੇ ਨਾਲ ਇੱਕ ਰਾਸ਼ਟਰ-ਇਜ਼ਰਾਈਲ ਬਣਾਉਣ ਦਾ ਮੌਕਾ ਮਿਲਿਆ ਤਾਂ ਉਨ੍ਹਾ ਦਾ ਟੀਚਾ ਕੋਈ ਲੁੱਟ ਰਹਿਤ, ਅਨਿਆਂ ਤੇ ਜ਼ੁਲਮ ਤੋਂ ਮੁਕਤ ਸਮਾਜ ਬਣਾਉਣ ਦਾ ਨਹੀਂ ਸੀ। ਉਹ ਸਾਮਰਾਜੀਆਂ ਦੀ ਦੇਖ-ਰੇਖ ਵਿੱਚ ਉਨ੍ਹਾਂ ਵਰਗਾ ਹੀ ਰਾਸ਼ਟਰ ਬਣਾਉਣਾ ਚਾਹੁੰਦੇ ਸਨ ਅਤੇ ਉਵੇਂ ਹੀ ਉਨ੍ਹਾਂ ਆਪਣੇ ਰਾਸ਼ਟਰ ਦੇ ਨਿਰਮਾਣ ਪਿੱਛੋਂ ਉਸੇ ਕਰੂਰਤਾ ਦਾ ਦਿਖਾਵਾ ਕੀਤਾ ਤੇ ਕਰ ਰਹੇ ਹਨ, ਜਿਹੋ ਜਿਹਾ ਉਨ੍ਹਾਂ ਨੇ ਹਿਟਲਰ ਵੱਲੋਂ ਜਰਮਨੀ ਵਿੱਚ ਉਨ੍ਹਾਂ ਨਾਲ ਕੀਤਾ ਸੀ।

ਅਮਰੀਕਾ ਵਾਂਗੂੰ ਹੀ ਇਜ਼ਰਾਈਲ ਵਿੱਚ ਵੀ ਦੋ ਪਾਰਟੀਆਂ ਹੀ ਹਨ। ਇਹ ਇਜ਼ਰਾਈਲ ਦੇ ਬਣਨ ਤੋਂ ਲੈ ਕੇ ਅੱਜ ਤੱਕ ਚੱਲ ਰਿਹਾ ਹੈ। ਜਿਉਨਵਾਦੀ ਹਾਕਮਾਂ ਵਿੱਚ ਵੀ ਦੋ ਤਰ੍ਹਾਂ ਦੀ ਸੋਚ ਹੈ। ਇੱਕ ਜਮਹੂਰੀ ਅਖਵਾਉਂਦੇ ਹਨ, ਦੂਸਰੇ ਫਾਸ਼ਿਸਟ ਚਿਹਰੇ 'ਤੇ ਰਾਜਨੀਤੀ ਵਾਲੇ ਹਨ। ਫਲਸਤੀਨੀਆਂ ਅਤੇ ਅਰਬਾਂ ਦੇ ਪ੍ਰਤੀ ਦੋਹਾਂ ਦਾ ਹੀ ਇਕੋ ਜੇਰਾ ਜਿਉਨਵਾਦੀ ਰੁਖ ਹੈ। ਫ਼ਰਕ ਐਨਾ ਹੈ ਕਿ ਜਿੱਥੇ ਜਮਹੂਰੀ ਗਲਾਫ਼ ਵਾਲੇ ਜਿਉਨਵਾਦੀ ਸਹਿਜੇ-ਸਹਿਜੇ ਫਲਸਤੀਨੀਆਂ ਦੀ ਜ਼ਮੀਨ ਹੜੱਪ ਰਹੇ ਸਨ ਤੇ ਉਨ੍ਹਾਂ ਨੂੰ ਬਾਹਰ ਧੱਕ ਰਹੇ ਸਨ, ਉਥੇ ਫਾਸ਼ੀਵਾਦੀ ਜ਼ੁਲਮ ਤੇ ਕਰੂਰਤਾ ਦਾ ਲੰਮਾ ਚਿੱਟਾ ਪ੍ਰਗਟਾਅ ਕਰਕੇ ਫਲਸਤੀਨੀਆਂ ਨੂੰ ਮਲੀਆਮੇਟ ਕਰਨ ਉੱਤੇ ਤੁਲੇ ਹੋਏ ਹਨ। ਇਹਨੂੰ ਸਮਝਣ ਲਈ ਭਾਰਤੀ ਹਾਕਮਾਂ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਵੱਲੋਂ ਜੰਮੂ ਕਸ਼ਮੀਰ ਪ੍ਰਤੀ ਅਪਣਾਏ ਰਵੱਈਏ ਤੋਂ ਪ੍ਰਤੱਖ ਸਮਝਿਆ ਜਾ ਸਕਦਾ ਹੈ। ਇਹੋ ਪੂੰਜੀਵਾਦੀ ਜਮਹੂਰੀਅਤ ਦਾ ਚਰਿੱਤਰ ਹੈ। ਇਹਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿੱਚ ਅਤੇ ਮੁਸਲਮਾਨਾਂ ਪ੍ਰਤੀ ਉਸੇ ਨੀਤੀ ਨੂੰ ਅਪਣਾਉਣ ਦੇ ਰਾਹ ਤੁਰ ਰਹੀ ਹੈ, ਜਿਹੜਾ ਜਿਉਨਵਾਦੀ ਫਲਸਤੀਨ ਵਿੱਚ ਅਪਣਾਉਂਦੇ ਆ ਰਹੇ ਹਨ।

ਜਿਉਨਵਾਦੀ ਯਹੂਦੀ ਹਾਕਮਾਂ ਦੀ ਧਾਰਨਾ ਹੈ ਕਿ ਵਿਸਥਾਰਤ ਇਜ਼ਰਾਈਲ ਜਿਸ ਵਿੱਚ ਇਜ਼ਰਾਈਲ, ਫਲਸਤੀਨ, ਮਿਸਰ, ਸੀਰੀਆ, ਜਾਰਡਨ ਤੇ ਲਿਬਨਾਨ ਦੇ ਕੁਝ ਹਿੱਸੇ ਹਨ, ਖੁਦ ਈਸ਼ਵਰ ਵੱਲੋਂ ਯਹੂਦੀਆਂ ਨੂੰ ਸੌਂਪੀ ਗਈ ਜ਼ਮੀਨ ਹੈ, ਜਿਹੜੀ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਇਹ ਇੱਕ ਕੱਟੜ ਧਾਰਮਿਕ ਵਿਸ਼ਵਾਸ ਹੈ। ਜਿਹਦਾ ਕੋਈ ਧਾਰਮਿਕ ਆਧਾਰ ਨਹੀਂ ਹੈ, ਪਰ ਜਿਉਨਵਾਦੀ ਇਸੇ ਆਸਥਾ ਦੇ ਆਧਾਰ ਉਤੇ ਆਪਣੇ ਸੁਪਨਿਆਂ ਦਾ ਇਜ਼ਰਾਈਲ ਬਣਾਉਣਾ ਚਾਹੁੰਦੇ ਹਨ। ਬਿਲਕੁੱਲ ਅਜਿਹੀ ਧਾਰਨਾ ਹੀ ਹਿੰਦੂ ਫਾਸ਼ੀਵਾਦੀਆਂ ਦੀ ਵੀ ਹੈ। ਉਨ੍ਹਾਂ ਦਾ ਵੀ ਕਹਿਣਾ ਹੈ ਕਿ ਭਾਰਤ ਇੱਕ ਹਿੰਦੂਆਂ ਦਾ ਦੇਸ਼ ਹੈ।

ਜਿਉਨਵਾਦੀ ਅੰਦੋਲਨ ਯੂਰਪ ਵਿੱਚ 19ਵੀਂ ਸਦੀ ਦੇ ਆਖਰ ਵਿੱਚ ਪੈਦਾ ਹੋਇਆ ਸੀ ਅਤੇ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਯੂਰਪ ਵਿੱਚ ਯਹੂਦੀਆਂ ਉਤੇ ਅੱਤਿਆਚਾਰਾਂ ਦੇਨ ਾਲ ਹੀ ਜ਼ੋਰ ਫੜਦਾ ਗਿਆ। ਅਸੀਂ ਪਹਿਲਾਂ ਕਹਿ ਆਏ ਹਾਂ ਕਿ ਯਹੂਦੀ ਪੈਸੇ ਪੱਖੋਂ ਇੱਕ ਅਮੀਰ ਵਰਗ ਵੀ ਸੀ ਤੇ ਹੈ, ਜਿਸ ਦੀ ਪੂੰਜੀ ਨੇ ਯੂਰਪ ਵਿੱਚ ਸਨਅਤੀ ਇਨਕਲਾਬ ਦੀ ਨੀਂਹ ਰੱਖਣ ਵਿੱਚ ਭੂਮਿਕਾ ਨਿਭਾਈ ਸੀ। ਸੋ ਅਮੀਰ ਯਹੂਦੀਆਂ ਦੇ ਸਹਿਯੋਗ ਨਾਲ ਆਮ ਯਹੂਦੀ ਫਲਸਤੀਨ ਵਿੱਚ ਜਾ ਕੇ ਵੱਸਦੇ ਰਹੇ। ਫਲਸਤੀਨ ਦਾ ਇਹ ਖੇਤਰ ਉਨ੍ਹੀਂ ਦਿਨੀਂ ਬ੍ਰਿਟਿਸ਼ ਸਾਮਰਾਜ ਦੇ ਅਧੀਨ ਸੀ। ਉਨ੍ਹਾਂ ਵੀ ਸ਼ਾਤਿਰ ਢੰਗ ਨਾਲ ਯਹੂਦੀਆਂ ਨੂੰ ਇਧਰ ਆਉਣ ਲਈ ਧੱਕਿਆ ਅਤੇ ਇਹ ਪਰਵਾਸ 1948 ਤੱਕ ਫਲਸਤੀਨ ਦੀ ਆਬਾਦੀ ਦਾ ਇੱਕ ਤਿਹਾਈ ਹਿੱਸਾ ਹੋ ਚੁੱਕੀ ਸੀ, ਜਦੋਂ ਕਿ ਇਸ ਸਦੀ ਦੇ ਸ਼ੁਰੂ ਵਿੱਚ ਇਹ ਸਿਰਫ਼ ਛੇ ਫੀਸਦੀ ਹੀ ਸੀ। ਆਖਿਰ 1948 'ਚ ਯੂ ਐੱਨ ਓ ਦੇ ਪ੍ਰਸਤਾਵ ਰਾਹੀਂ ਇਜ਼ਰਾਈਲ ਦੇ ਗਠਨ ਨਾਲ ਜਿਉਨਵਾਦੀਆਂ ਦਾ ਇੱਕ ਟੀਚਾ ਪੂਰਾ ਹੋ ਗਿਆ ਅਤੇ ਉਹ ਉੱਥੇ ਆਪਣੀ ਹਕੂਮਤ ਕਰਨ ਲੱਗੇ।

ਜਿਉਨਵਾਦੀਆਂ 'ਚ ਜਮਹੂਰੀ ਢੰਗ ਵਾਲਿਆਂ ਦੇ ਨਾਲ-ਨਾਲ ਫਾਸ਼ੀਵਾਦੀ ਧੜਾ ਵੀ ਸ਼ੁਰੂ ਤੋਂ ਹੀ ਮੌਜੂਦ ਰਿਹਾ ਹੈ। ਬੀਬੀ ਯਾਨੀ ਬੈਨਜ਼ਮਿਨ ਨੇਤਨਯਾਹੂ ਦੇ ਪਿਤਾ ਨੇ 1948 ਵਿੱਚ ਹੋਰ ਕੱਟੜਵਾਦੀ ਲੋਕਾਂ ਨਾਲ ਮਿਲ ਕੇ ਇੱਕ ਪਾਰਟੀ ਬਣਾਈ ਸੀ, ਜਿਸ ਦਾ ਨਾਂਅ ਸੀ-ਹੈਰੂਤ ਪਾਰਟੀ। ਇਹ ਇੱਕ ਤਰ੍ਹਾਂ ਦੀ ਫਾਸ਼ੀਵਾਦੀ ਪਾਰਟੀ ਸੀ। ਉਸ ਸਮੇਂ ਆਈਨਸਟਾਈਨ ਅਤੇ ਅੰਨਾ ਆਟਰਨ ਨੇ ਨਿਊਯਾਰਕ ਟਾਈਮਜ਼ ਨੂੰ ਇੱਕ ਚਿੱਠੀ ਲਿਖੀ ਸੀ ਅਤੇ ਇਹਨੂੰ ਖ਼ਤਰਨਾਕ ਕਿਹਾ ਸੀ ਤੇ ਇਸ ਦੇ ਗਠਨ ਦੀ ਨਿੰਦਾ ਕੀਤੀ ਸੀ। ਉਨ੍ਹਾਂ ਹੀ ਸਭ ਤੋਂ ਪਹਿਲਾਂ ਨੋਟ ਕੀਤਾ ਸੀ ਕਿ ਇਹ ਆਪਣੀ ਸੋਚ ਤੇ ਵਿਉਹਾਰ ਵਿੱਚ ਹਿਟਲਰ ਤੇ ਨਾਜ਼ੀਆਂ ਦੇ ਪੈਰ ਚਿੰਨ੍ਹ 'ਤੇ ਹੀ ਚੱਲੇਗੀ। ਸੋ ਜਿਹੋ ਜਿਹੀ ਬਾਪ ਦੀ ਸੋਚ ਸੀ, ਉਹੀ ਸੋਚ ਨੇਤਨਯਾਹੂ ਅਮਲ ਵਿੱਚ ਲਿਆ ਰਿਹਾ ਹੈ। ਨੇਤਨਯਾਹੂ ਇਜ਼ਰਾਈਲ ਵਿੱਚ ਜਿਉਨਵਾਦੀਆਂ ਦਾ ਪ੍ਰਮੁੱਖ ਨੇਤਾ ਬਣ ਕੇ ਉੱਭਰਿਆ ਹੈ।

ਇਹ ਕਹਾਵਤ ਹੈ ਕਿ ਤੁਸੀਂ ਜੇ ਦੂਸਰਿਆਂ ਨੂੰ ਗੁਲਾਮ ਬਣਾ ਕੇ ਰੱਖਦੇ ਹੋ ਤਾਂ ਖੁਦ ਆਜ਼ਾਦ ਨਹੀਂ ਰਹਿ ਸਕਦੇ। ਇਹ ਸੱਚਾਈ ਹੈ, ਜਿਹੜੀ ਵਿਅਕਤੀਆਂ ਤੋਂ ਲੈ ਕੇ ਦੇਸ਼ ਪੱਧਰ ਤੱਕ ਲਾਗੂ ਹੁੰਦੀ ਹੈ। ਇਜ਼ਰਾਈਲ ਨੇ ਆਪਣੀ ਹੋਂਦ ਤੋਂ ਹੀ ਫਲਸਤੀਨ ਉਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ। ਅੱਜ ਲੱਗਭੱਗ ਸਮੁੱਚਾ ਫਲਸਤੀਨ ਹੀ ਉਹਦੇ ਕਬਜ਼ੇ ਵਿੱਚ ਹੈ। ਇਹ ਜਿਉਨਵਾਦੀ ਹਾਕਮਾਂ ਦੇ ਸੁਪਨਿਆਂ ਦੇ ਅਨੁਕੂਲ ਹੈ। ਇਜ਼ਰਾਈਲ ਦੇ ਆਮ ਲੋਕਾਂ ਨੇ ਸੁਰੱਖਿਆ ਦੇ ਨਾਂਅ ਹੇਠ ਇਸ ਕਬਜ਼ੇ ਨੂੰ ਸਵੀਕਾਰ ਕੀਤਾ ਹੈ। ਉਹ ਇਸ ਗ਼ਲਤ-ਫਹਿਮੀ 'ਚ ਰਹੇ ਹਨ ਕਿ ਇਜ਼ਰਾਈਲੀ ਹਾਕਮ ਫਲਸਤੀਨੀਆਂ ਦੇ ਹਰ ਅਧਿਕਾਰ ਨੂੰ ਕੁੱਚਲ ਕੇ ਸਾਡੇ ਅਧਿਕਾਰਾਂ ਦੀ ਰਾਖੀ ਕਰ ਰਹੇ ਹਨ ਕਿ 'ਉਨ੍ਹਾਂ ਦੀ ਜ਼ਿੰਦਗੀ ਹੋਰ ਸੁਰੱਖਿਅਤ ਹੋਵੇਗੀ।' ਪਰ ਆਖਰ ਬਾਹਰ ਵਾਲੀ ਅੱਗ ਘਰ ਵਿੱਚ ਵੀ ਪਹੁੰਚ ਗਈ ਹੈ। ਇਸ ਸਾਲ ਦੇ ਸ਼ੁਰੂ ਵਿੱਚ ਇਜ਼ਰਾਈਲੀ ਲੋਕਾਂ ਨੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਫਲਸਤੀਨੀਆਂ ਨੂੰ ਮਿੱਟੀ 'ਚ ਮਿਲਾ ਦੇਣ ਦੀ ਸਹੁੰ ਖਾਣ ਵਾਲਾ ਨੇਤਨਯਾਹੂ ਖੁਦ ਉਨ੍ਹਾਂ ਦੇ ਅਧਿਕਾਰਾਂ ਨੂੰ ਪੈਰਾਂ ਹੇਠ ਕੁਚਲਣ ਉੱਤੇ ਆ ਗਿਆ ਹੈ। ਉਹ ਲੱਖਾਂ ਦੀ ਗਿਣਤੀ ਵਿੱਚ ਸੜਕਾਂ ਉਤੇ ਉੱਤਰੇ। ਵਿਰੋਧ ਪ੍ਰਦਰਸ਼ਨ ਦਾ ਇਹ ਸਿਲਸਿਲਾ ਛੇ ਮਹੀਨਿਆਂ ਤੱਕ ਚਲਦਾ ਰਿਹਾ। ਆਖਿਰ ਵਿੱਚ ਫਾਸ਼ੀਵਾਦੀ ਜਿਉਨਵਾਦੀ ਨੇਤਨਯਾਹੂ ਨੇ ਆਪਣੇ ਬਚਾਅ ਦਾ ਇਹੋ ਰਾਹ ਲੱਭਿਆ ਕਿ ਇਜ਼ਰਾਈਲ ਨੂੰ ਫਲਸਤੀਨ ਦੇ ਵਿਰੁੱਧ ਯੁੱਧ ਵਿੱਚ ਝੋਕ ਦਿੱਤਾ ਜਾਵੇ। ਅਤੇ ਉਹ ਕਾਮਯਾਬ ਵੀ ਰਿਹਾ। ਉਹਨੇ ਇਜਰਾਈਲ ਉਤੇ ਹਮਾਸ ਦਾ ਹਮਲਾ ਹੋਣ ਦਿੱਤਾ ਅਤੇ ਹੁਣ ਸਾਰਾ ਦੇਸ਼ ਸੁਰੱਖਿਆ ਦੇ ਮੁੱਦੇ ਉਤੇ ਇਸ ਫਾਸੀਵਾਦੀ ਨੇਤਨਯਾਹੂ ਦੇ ਪਿਛੇ ਖਲੋਤਾ ਹੈ।

ਫਾਸ਼ੀਵਾਦੀਆਂ ਦਾ ਇਹ ਅਜ਼ਮਾਇਆ ਹੋਇਆ ਨੁਖਸਾ ਹੈ। ਭਾਰਤ ਵਿੱਚ ਪਲਵਾਮਾ-ਬਾਲਾਕੋਟ ਦੀ ਕਾਰਵਾਈ ਨੂੰ ਯਾਦ ਰੱਖਣਾ ਚਾਹੀਦਾ ਹੈ, ਜਿਹਨੇ ਹਿੰਦੂ ਫਾਸ਼ੀਵਾਦੀਆਂ ਨੂੰ ਇੱਕ ਹਾਰੀ ਹੋਈ ਚੋਣ ਜਿੱਤਣ ਦਿੱਤੀ ਸੀ, ਜਿਵੇਂ ਭਾਰਤ ਵਿੱਚ ਆਮ ਲੋਕ ਹਮਲੇ ਦੀ ਸਾਜ਼ਿਸ਼ ਨੂੰ ਸਮਝ ਨਹੀਂ ਸਕੇ, ਉਵੇਂ ਹੀ ਇਜ਼ਰਾਈਲੀ ਵੀ ਸਮਝ ਨਹੀਂ ਸਕੇ। ਜਿਹੜੇ ਕਰੂਰ ਹਾਕਮ ਵਿਰੁੱਧ 6 ਮਹੀਨੇ ਪਹਿਲਾਂ ਸੜਕਾਂ ਉਤੇ ਸਨ, ਉਹ ਫਲਸਤੀਨੀਆ ਦੇ ਨਰਸੰਹਾਰ ਤੇ ਜਬਰ, ਅੱਤਿਆਚਾਰਾਂ ਦੇ ਵਿਰੋਧ ਵਿੱਚ ਉਵੇਂ ਨਹੀਂ ਆਏ, ਜਿਵੇਂ ਆਵਾਜ਼ ਉਠਣੀ ਚਾਹੀਦੀ ਸੀ।

ਇਜ਼ਰਾਈਲੀ ਲੋਕ ਅੱਜ ਆਪਣੇ ਜਿਉਨਵਾਦੀ ਵਿਸ਼ੇਸ਼ ਕਰਕੇ ਫਾਸ਼ਿਸਟ ਜਿਉਨਵਾਦੀ ਹਾਕਮਾਂ ਦੀਆਂ ਕਰਤੂਤਾਂ ਦੀ ਕੀਮਤ ਅਦਾ ਕਰ ਰਹੇ। ਇਹ ਗੱਲ ਇਜ਼ਰਾਈਲ ਦੇ ਬਹੁਤ ਸਾਰੇ ਲੋਕ ਸਮਝਣ ਲੱਗੇ ਹਨ। ਉਨ੍ਹਾਂ ਨੂੰ ਇਹ ਸਮਝ ਆ ਗਿਆ ਹੈ ਕਿ ਨੇਤਨਯਾਹੂ ਦੀ ਹਕੂਮਤ ਵੱਲੋਂ ਹਜ਼ਾਰਾਂ ਕਰੋੜ ਦੇ ਖਰੀਦੇ ਜਾ ਰਹੇ ਅਮਰੀਕਾ ਤੋਂ ਹਥਿਆਰ ਉਨ੍ਹਾਂ ਦੀ ਆਰਥਿਕਤਾ ਤੇ ਜ਼ਿੰਦਗੀ ਨੂੰ ਪ੍ਰਭਾਵਤ ਕਰ ਰਹੇ ਹਨ, ਪਰ ਉਹ ਅੱਜ ਇਸ ਰੂਪ ਵਿੱਚ ਖੁੱਲ੍ਹ ਕੇ ਨਹੀਂ ਬੋਲ ਰਹੇ ਕਿ ਇਸ ਸਮੱਸਿਆ ਦਾ ਹੱਲ ਫਲਸਤੀਨੀਆਂ ਦੀ ਮੁਕਤੀ ਵਿੱਚ ਹੈ। ਜੇ ਫਲਸਤੀਨੀਆਂ ਦੀ ਮੁਕਤੀ ਤੇ ਖੁਦਮੁਖਤਿਆਰੀ ਨੂੰ ਇਜ਼ਰਾਈਲੀ ਲੋਕ ਪ੍ਰਵਾਨ ਕਰ ਲੈਣ ਤਾਂ ਖੁਦ ਇਜ਼ਰਾਈਲ ਦੀ ਮੁਕਤੀ ਵੀ ਇਸੇ ਵਿੱਚ ਹੈ।

ਭਾਰਤ ਤੇ ਜਿਉਨਵਾਦੀਆਂ ਦੀ ਸਾਂਝ ਦਾ ਇੱਕ ਅਧਾਰ ਇਹ ਵੀ ਹੈ ਕਿ ਭਾਰਤੀ ਪੂੰਜੀਪਤੀਆਂ ਨੇ ਇਜ਼ਰਾਈਲ ਵਿੱਚ ਬੰਦਰਗਾਹਾਂ ਵਿਕਸਤ ਕਰਨ ਵਿੱਚ ਤੇ ਹੋਰ ਜਗ੍ਹਾ ਪੈਸਾ ਲਾਇਆ ਹੈ। ਇਜ਼ਰਾਈਲ ਨੇ ਵੀ ਇਵੇਂ ਹੀ ਕੀਤਾ ਹੈ। ਭਾਰਤ-ਇਜ਼ਰਾਈਲ ਆਰਥਿਕ ਰਿਸ਼ਤੇ ਬਾਰੇ ਅਲੱਗ ਲਿਖਤ ਦੀ ਲੋੜ ਹੈ।

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਫਾਸ਼ੀਵਾਦੀਆਂ ਚਰਿੱਤਰ ਇੱਕੋ ਜਿਹਾ ਹੀ ਹੁੰਦਾ ਹੈ। ਉਹ ਸੱਚ ਨੂੰ ਪ੍ਰਵਾਨ ਨਹੀਂ ਕਰਦੇ, ਉਹ ਜਿਉਨਵਾਦੀ ਹੋਣ ਜਾਂ ਹਿੰਦੂ ਫਾਸ਼ੀਵਾਦੀ, ਉਹ ਕਰੂਰਤਾ ਤੇ ਅਮਾਨਵਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਨ ਅਤੇ ਭਿਆਨਕ ਤਰਾਸਦੀਆਂ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਨ ਅਤੇ ਫਿਰ ਖੁਦ ਇਨ੍ਹਾਂ ਭਿਆਨਕ ਤ੍ਰਾਸਦੀਆਂ ਨਾਲ ਹੀ ਤਬਾਹ ਹੋ ਜਾਂਦੇ ਹਨ। ਮੁਸੋਲਿਨੀ, ਹਿਟਲਰ ਤੇ ਹੋਰ ਫਾਸ਼ੀਵਾਦੀ, ਨਾਜ਼ੀਵਾਦੀਆਂ ਦਾ ਇਵੇਂ ਹੀ ਅੰਤ ਹੋਇਆ ਹੈ। ਹਰ ਫਾਸ਼ੀਵਾਦੀ ਦਾ ਇਹੋ ਅੰਤ ਹੈ। ਅਜੇ ਇਜ਼ਰਾਈਲ ਦੇ ਹਾਕਮ ਫਲਸਤੀਨੀ ਧਰਤੀ ਨੂੰ ਮੁਰਦਾਘਾਟ ਵਿੱਚ ਤਬਦੀਲ ਕਰਨ ਲਈ ਅਮਾਦਾਂ ਹਨ ਅਤੇ ਭਾਰਤੀ ਫਾਸ਼ੀਵਾਦੀ ਉਸ ਮੁਰਦਾਘਾਟ 'ਤੇ ਨੱਚ ਰਹੇ ਹਨ। ਇਹ ਯਾਦ ਰੱਖਣ ਇਜਰਾਈਲ ਤੇ ਭਾਰਤ ਦੇ ਲੋਕ ਤੇ ਦੁਨੀਆ ਦੇ ਲੋਕ ਵੀ ਇਹਨੂੰ ਭਲੀਭਾਂਤ ਦੇਖ ਰਹੇ ਹਨ ਤੇ ਉਨ੍ਹਾਂ ਦਾ ਹਸ਼ਰ ਵੀ ਹਿਟਲਰ ਤੇ ਮੁਸੋਲਿਨੀ ਵਾਲਾ ਹੀ ਹੋਵੇਗਾ।

**# ਸੰਪਰਕ : 93544-30211**

# ਵਰ੍ਹਿਆਂ ਤੋਂ ਚਲਦੇ ਨਿੱਜੀ ਬੱਸ ਕੰਪਨੀਆਂ ਦੇ ਹਨੇਰ ਖਾਤੇ ਦਾ ਪਰਦਾ ਲੀਰੋ ਲੀਰ

**■ ਪੀ ਆਰ ਟੀ ਸੀ ਚੇਅਰਮੈਨ ਰਣਜੋਧ ਹਡਾਣਾ ਨੇ ਮਾਰਿਆ ਤਲਵੰਡੀ ਸਾਬੋ ਵਿਖੇ ਛਾਪਾ ■ ਮਨਦੀਪ, ਔਰਬਿਟ ਤੇ ਕਈ ਹੋਰ ਕੰਪਨੀਆਂ ਦੀਆਂ ਦਰਜਨਾਂ ਬੱਸਾਂ ਥਾਣੇ ਬੰਦ ■ ਜੀ ਐੱਮ ਪੀ ਆਰ ਟੀ ਸੀ ਨੇ ਕੀਤੀ ਦਾਲ 'ਚ ਕਾਲਾ ਹੋਣ ਦੀ ਪੁਸ਼ਟੀ**



**ਤਲਵੰਡੀ ਸਾਬੋ (ਜਗਦੀਪ ਗਿੱਲ)**

ਸ਼ਹਿਨਸ਼ਾਹੀ ਜ਼ਿੰਦਗੀਆਂ ਜਿਉਂ ਰਹੇ ਕਈ ਉੱਚ ਘਰਾਣਿਆਂ ਦੇ ਉਨ੍ਹਾਂ ਧਨਾਢ ਲੋਕਾਂ, ਜਿਨ੍ਹਾਂ ਦੀ ਪਿਛਲੇ ਰਾਜਾਂ ਵਿੱਚ ਵੱਡੇ ਤੋਂ ਵੱਡੇ ਅਧਿਕਾਰੀ ਵੀ ਲੀਕ ਨਹੀਂ ਸਨ ਉਲੰਘਦੇ, ਦੀਆਂ ਬਿਨਾਂ ਲਾਇਸੰਸੋਂ ਚੱਲ ਰਹੀਆਂ ਦਰਜਨਾਂ ਅਣ-ਅਧਿਕਾਰਤ ਬੱਸਾਂ ਨੂੰ ਤਲਵੰਡੀ ਸਾਬੋ ਵਿਖੇ ਆਪਣੀ ਟੀਮ ਸਮੇਤ ਉਚੇਚਾ ਪੁੱਜੇ ਚੇਅਰਮੈਨ ਪੀ ਆਰ ਟੀ ਸੀ ਸ੍ਰ. ਰਣਜੋਧ ਸਿੰਘ ਹਡਾਣਾ ਵੱਲੋਂ ਥਾਣੇ ਬੰਦ ਕਰ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਨਿੱਜੀ ਕੰਪਨੀਆਂ, ਜਿਨ੍ਹਾਂ ਵਿੱਚ ਮਨਦੀਪ ਬੱਸ ਸਰਵਿਸ ਤੇ ਔਰਬਿਟ ਪ੍ਰਮੁੱਖ ਹਨ, ਦੇ ਮਾਲਕਾਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬਿਨਾਂ ਅਧਿਕਾਰਤ ਰੂਟ ਪਰਮਿਟਾਂ ਤੋਂ ਨਾ ਸਿਰਫ ਕਈ ਕਈ ਬੱਸਾਂ ਲੰਬੇ ਰੂਟਾਂ ਉੱਪਰ ਚਲਾਈਆਂ ਜਾ ਰਹੀਆਂ ਸਨ, ਸਗੋਂ ਕਈ ਕਈ ਬੱਸਾਂ ਤਾਂ ਬਿਨਾਂ ਨੰਬਰਾਂ ਤੋਂ ਵੀ ਚਲਦੀਆਂ ਹੋਣ ਦੀ ਪੁਸ਼ਟੀ ਹੋ ਗਈ ਦੱਸੀ ਜਾ ਰਹੀ ਹੈ।ਮਨਦੀਪ ਬੱਸ ਸਰਵਿਸ ਕੰਪਨੀ ਦੀ ਇੱਕ ਉਹ ਬੱਸ ਵੀ ਜ਼ਬਤ ਕੀਤੀ ਗਈ ਹੈ, ਬਾਵਜੂਦ ਚਾਰ ਸਾਲ ਪੁਰਾਣੀ ਹੋਣ ਦੇ ਵੀ ਜਿਸ ਦੀ ਨੰਬਰ ਪਲੇਟ ਉੱਪਰ 'ਏ ਐੱਫ' ਲਿਖਿਆ ਹੋਇਆ ਪਾਇਆ ਗਿਆ ਹੈ।

ਦਿਲਚਸਪ ਮਾਜਰਾ ਤਾਂ ਇਹ ਵੀ ਹੈ ਕਿ ਉਕਤ ਕੰਪਨੀਆਂ ਦੀਆਂ ਉਨ੍ਹਾਂ ਤਮਾਮ ਬੱਸਾਂ, ਜੋ ਜ਼ਬਤ ਕੀਤੀਆਂ ਗਈਆਂ, ਦੇ ਚਾਲਕਾਂ ਤੇ ਮਾਲਕਾਂ ਨੂੰ ਤਿੰਨ ਤੋਂ ਚਾਰ ਘੰਟੇ ਦਾ ਸਮਾਂ ਦਿੱਤਾ ਗਿਆ ਤਾਂ ਕਿ ਉਹ ਆਪਣੇ ਆਪਣੇ ਅਧਿਕਾਰਤ ਕਾਗਜ਼ ਵਿਖਾ ਸਕਣ, ਪ੍ਰੰਤੂ ਜ਼ਬਤ ਕੀਤੀਆਂ ਗਈਆਂ ਇਨ੍ਹਾਂ ਕੰਪਨੀਆਂ ਦੀਆਂ ਉਕਤ ਬੱਸਾਂ ਦੇ ਮਾਲਕਾਂ ਵੱਲੋਂ ਕੋਈ ਵੀ ਅਧਿਕਾਰਤ ਪ੍ਰਮਾਣ ਪੱਤਰ ਨਾ ਪੇਸ਼ ਕਰ ਸਕਣ ਦੀ ਸੂਰਤ ਵਿੱਚ ਇਨ੍ਹਾਂ ਖਿਲਾਫ ਬਾਕਾਇਦਾ ਕਾਰਵਾਈ ਸ਼ੁਰੂ ਕੀਤੀ ਗਈ।ਹਨੇਰ ਖਾਤਾ ਚਲਾਈ ਜਾਣ ਲਈ ਧਨਾਢ ਕੰਪਨੀਆਂ ਵੱਲੋਂ ਸਮੁੱਚੇ ਪ੍ਰਬੰਧਕੀ ਢਾਂਚੇ ਉੱਪਰ ਕਿਸ ਤਰ੍ਹਾਂ ਗਲਘੋਟੂ ਕਬਜ਼ਾ ਕਰੀ ਰੱਖਣ ਦੇ ਯਤਨ ਕੀਤੇ ਜਾਂਦੇ ਹਨ, ਇਹ ਜਾਣ ਕੇ ਕੁਝ ਚੋਣਵੇਂ ਪੱਤਰਕਾਰਾਂ ਦੀ ਉਸ ਵੇਲੇ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਤਲਵੰਡੀ ਸਾਬੋ ਦੇ ਇੱਕ ਉੱਘੇ ਯੂਥ ਅਕਾਲੀ ਆਗੂ ਜਿਹੜਾ ਪਿਛਲੇ ਦਿਨੀਂ ਇਕ ਸੰਸਥਾ ਦਾ ਪ੍ਰਧਾਨ ਵੀ ਚੁਣਿਆ ਗਿਆ ਹੈ, ਨੇ ਫੋਨ ਕਰਕੇ ਮਾਮਲੇ ਦੀ ਕਵਰੇਜ ਕਰ ਰਹੇ ਇੱਕ ਚੋਣਵੇਂ ਪੱਤਰਕਾਰ ਨੂੰ ਇੱਕ ਨਿੱਜੀ ਬੱਸ ਕੰਪਨੀ ਦੇ ਮਾਲਕ ਨਾਲ ਉਸ ਦਾ ਨਾਂ ਲੈ ਕੇ ਗੁਫ਼ਤਗੂ ਕਰ ਲੈਣ ਦਾ ਸੁਨੇਹਾ ਵੀ ਦੇ ਮਾਰਿਆ।

ਉਧਰ ਅਣ-ਅਧਿਕਾਰਤ ਤੌਰ 'ਤੇ ਚਲਾਈਆਂ ਜਾ ਰਹੀਆਂ ਇਨ੍ਹਾਂ ਬੱਸਾਂ ਖਿਲਾਫ ਹੁੰਦੀ ਕਾਰਵਾਈ ਦੇ ਚਲਦਿਆਂ ਕੁਝ ਪੀ ਆਰ ਟੀ ਸੀ ਮੁਲਾਜ਼ਮਾਂ ਉੱਪਰ ਲਗਭਗ ਇੱਕ ਦਹਾਕਾ ਪਹਿਲਾਂ ਇੱਕ ਕੰਪਨੀ ਦੇ ਲੱਠਮਾਰ ਗੁੰਡਿਆਂ ਵੱਲੋਂ ਕੀਤੇ ਕੁੱਟ ਕੁਟਾਪੇ ਤੇ ਲੁੱਟਾਂ-ਖੋਹਾਂ ਨਾਲ ਸਬੰਧਤ ਦਰਜ ਪੁਲਸ ਮੁਕੱਦਮਿਆਂ ਦੀ ਵੀ ਖੁੱਲ੍ਹ ਕੇ ਚਰਚਾ ਹੋਈ।ਚਰਚਾ ਅਧੀਨ ਇਨ੍ਹਾਂ ਮੁਕੱਦਮਿਆਂ ਵਿੱਚੋਂ ਥਾਣਾ ਤਲਵੰਡੀ ਸਾਬੋ ਵਿਖੇ ਦਰਜ ਇੱਕ ਮੁਕੱਦਮਾ ਨੰਬਰ 71 (2014) ਉਹ ਵੀ ਹੈ, ਜਿਸ ਦਾ ਉਕਤ ਧਨਾਢ ਕੰਪਨੀਆਂ ਦੀ ਸਰਕਾਰੇ ਦਰਬਾਰੇ ਪਹੁੰਚ ਦੇ ਚਲਦਿਆਂ ਪੂਰੇ ਨੌਂ ਸਾਲਾਂ ਬਾਅਦ ਬੜੀਆਂ ਮੁਸ਼ਕਲਾਂ ਝੱਲ ਕੇ ਪੀ ਆਰ ਟੀ ਸੀ ਦੇ ਪੀੜਤ ਕਾਮਿਆਂ ਵੱਲੋਂ ਅਦਾਲਤ ਵਿੱਚ ਚਲਾਨ ਪੇਸ਼ ਕਰਵਾਇਆ ਜਾ ਸਕਿਆ ਦੱਸਿਆ ਜਾਂਦਾ ਹੈ।ਅਣ-ਅਧਿਕਾਰਤ ਬੱਸਾਂ ਚਲਾਉਣ ਲਈ ਇਹ ਧਨਾਢ ਕੰਪਨੀਆਂ ਵੱਲੋਂ ਕਿਵੇਂ ਅਪਰਾਧਕ ਬਿਰਤੀ ਵਾਲੇ ਲੋਕਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ, ਇਸ ਦੀ ਝਲਕ ਇਸ ਤੱਥ ਤੋਂ ਪੈ ਜਾਂਦੀ ਹੈ ਕਿ ਉਕਤ 71 ਨੰਬਰ ਮੁਕਦਮੇ ਵਿੱਚ ਉਸ ਮਸ਼ਹੂਰ ਗੈਂਗਸਟਰ ਦਾ ਨਾਂ ਵੀ ਮੁਲਜ਼ਮਾਂ ਵਜੋਂ ਸ਼ਾਮਲ ਹੈ, ਜਿਹੜਾ ਗੈਂਗਸਟਰ 'ਮੰਨਾ ਸਿੰਘ' ਮੂਸੇ ਵਾਲੇ ਗਾਇਕ ਦੇ ਕਤਲ ਕੇਸ ਵਿੱਚ ਕਥਿਤ ਕਾਤਲਾਂ ਨੂੰ ਗੱਡੀਆਂ ਮੁਹੱਈਆ ਕਰਵਾਉਣ ਦੇ ਦੋਸ਼ ਹੇਠ ਮੁਲਜ਼ਮ ਵਜੋਂ ਪੁਲਸ ਵੱਲੋਂ ਸ਼ਾਮਲ ਕੀਤਾ ਗਿਆ ਹੈ।ਹੋਰ ਤਾਂ ਹੋਰ ਉਕਤ ਨਿੱਜੀ ਬੱਸ ਕੰਪਨੀਆਂ ਦੇ ਧਨਾਢ ਲੋਕਾਂ ਦੀ ਮਹਿਕਮਾ ਪੀ ਆਰ ਟੀ ਸੀ ਦੇ ਉੱਚ ਅਦਾਰਿਆਂ ਵਿੱਚ ਕਿੰਨੀ ਤੂਤੀ ਬੋਲਦੀ ਹੈ, ਇਸ ਦੀ ਇੱਕੋ ਮਿਸਾਲ ਕਾਫੀ ਹੈ ਕਿ ਉਦੋਂ 2014 ਵਿੱਚ ਇੱਕ ਨਿੱਜੀ ਕੰਪਨੀ ਦੇ ਲੱਠਮਾਰ ਵਜੋਂ ਉਕਤ ਮੁਕੱਦਮਾ ਨੰਬਰ 71 ਵਿੱਚ ਸ਼ਾਮਲ ਇੱਕ ਹੋਰ ਮੁਲਜ਼ਮ ਚਤਰ ਸਿੰਘ ਨੂੰ ਮੁਕੱਦਮੇ ਦੇ ਚਲਦਿਆਂ ਪੀ ਆਰ ਟੀ ਸੀ ਵਿੱਚ ਹੀ ਡਰਾਈਵਰ ਭਰਤੀ ਕਰ ਲਿਆ ਗਿਆ, ਜਿਸ ਨੂੰ ਮਹਿਕਮੇ ਵੱਲੋਂ ਸੀ ਬੀ ਕੇ ਐੱਮ 504 ਨੰਬਰ ਅਲਾਟ ਕੀਤਾ ਗਿਆ ਦੱਸਿਆ ਜਾ ਰਿਹਾ ਹੈ। ਸਿਤਮਜ਼ਰੀਫੀ ਇਹ ਕਿ ਹੁਣ ਇਕੋ ਵੇਲੇ ਉਕਤ ਚਤਰ ਸਿੰਘ ਮਹਿਕਮਾ ਪੀ ਆਰ ਟੀ ਸੀ ਦੀ ਮੁਲਾਜ਼ਮਸ਼ਿਪ ਦਾ ਆਨੰਦ ਵੀ ਮਾਣ ਰਿਹਾ ਹੈ ਤੇ ਉਕਤ ਮੁਕੱਦਮਾ ਨੰਬਰ 71 ਵਿੱਚ ਪੁਲਸ ਵੱਲੋਂ ਉਸ ਨੂੰ ਪੀ ਆਰ ਟੀ ਸੀ ਕਾਮਿਆਂ ਦੇ ਸੱਟਾਂ ਮਾਰਨ ਤੇ ਪੀ ਆਰ ਟੀ ਸੀ ਦੀ ਬੱਸ ਲੁੱਟਣ ਦਾ ਦੋਸ਼ੀ ਵੀ ਗਰਦਾਨਿਆ ਹੋਇਆ ਹੈ। ਪੱਖ ਜਾਨਣ ਲਈ ਜਦੋਂ ਮੌਕੇ ਉੱਪਰ ਮੌਜੂਦ ਪੀ ਆਰ ਟੀ ਸੀ ਦੇ ਜ਼ਿਲ੍ਹਾ ਜਨਰਲ ਮੈਨੇਜਰ ਸ੍ਰ. ਬਲਵਿੰਦਰ ਸਿੰਘ ਤੋਂ ਸਵਾਲ ਪੁੱਛਿਆ ਗਿਆ ਤਾਂ ਪਹਿਲਾਂ ਤਾਂ ਉਹ ਕੋਈ ਜਵਾਬ ਦੇਣ ਤੋਂ ਕੰਨੀ ਖਿਸਕਾ ਗਏ, ਪ੍ਰੰਤੂ ਵਾਰ ਵਾਰ ਕੁਰੇਦਣ 'ਤੇ ਉਨ੍ਹਾ ਵੀ ਆਖਰ ਇਹ ਮੰਨਿਆ ਕਿ ਇੱਥੇ ਕਈ ਥਾਵਾਂ 'ਤੇ ਦਾਲ ਵਿੱਚ ਕਾਲਾ ਨਜ਼ਰ ਆ ਰਿਹਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਵਿੱਚ ਸੱਤਾ ਬਦਲੀ ਪਿੱਛੋਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਦੇ ਚਲਦਿਆਂ ਮਹਿਕਮਾ ਪੀ ਆਰ ਟੀ ਸੀ ਖਾਸ ਕਰ ਬਠਿੰਡਾ ਡੀਪੂ ਵਿੱਚ ਹੋ ਵਾਪਰ ਰਹੇ ਅਤੇ ਸੜਕਾਂ 'ਤੇ ਘੁੰਮਦੀਆਂ ਨਿੱਜੀ ਕੰਪਨੀਆਂ ਦੀਆਂ ਤਮਾਮ ਆਣ-ਅਧਿਕਾਰਤ ਬੱਸਾਂ ਉੱਪਰ ਸਰਕਾਰ ਸ਼ਿਕੰਜਾ ਕੱਸੇਗੀ, ਇਸ ਸਵਾਲ ਦਾ ਉੱਤਰ ਹਾਲੇ ਵੀ ਭਵਿੱਖ ਦੇ ਗਰਭ ਵਿੱਚ ਨਜ਼ਰ ਆ ਰਿਹਾ ਹੈ।

# ਪੁਲਸ ਵੱਲੋਂ 24 ਘੰਟਿਆਂ 'ਚ ਡਕੈਤੀ ਦੀ ਵਾਰਦਾਤ ਟਰੇਸ, ਅਸਲੇ ਸਮੇਤ ਮੁਲਜ਼ਮ ਗ੍ਰਿਫਤਾਰ



ਪ੍ਰੈੱਸ ਕਾਨਫਰੰਸ 'ਚ ਵਿਵੇਕਸ਼ੀਲ ਸੋਨੀ ਸੀਨੀਅਰ ਕਪਤਾਨ ਪੁਲਸ ਫੜੇ ਗਏ ਮੁਲਜ਼ਮ ਬਾਰੇ ਜਾਣਕਾਰੀ ਦਿੰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਵੇਕਸ਼ੀਲ ਸੋਨੀ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਤੇ ਡੀਜੀਪੀ ਪੰਜਾਬ ਅਤੇ ਰਣਜੀਤ ਸਿੰਘ ਢਿੱਲੋਂ ਆਈਪੀਐੱਸ ਡਿਪਟੀ ਇੰਸਪੈਕਟਰ ਜਨਰਲ ਪੁਲਸ ਫਿਰੋਜ਼ਪੁਰ ਰੇਂਜ, ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਸੰਬਧੀ ਜ਼ਿਲ੍ਹਾ ਪੁਲਸ ਦੁਆਰਾ ਜ਼ਿਲ੍ਹਾ ਦੇ ਸਮੂਹ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ। ਪ੍ਰਿਕਸਤ ਜੈਸਵਾਲ ਪੁੱਤਰ ਰਾਮ ਸਨੇਹੀ ਜੈਸਵਾਲ ਵਾਸੀ ਹਾਊਸ ਨੰਬਰ 38/22 ਗੰਗਾਮੰਦਰ ਵਾਲੀ ਗਲੀ ਬਾਂਸੀ ਗੇਟ ਫਿਰੋਜ਼ਪੁਰ ਸ਼ਹਿਰ 3 ਜਨਵਰੀ 2024 ਨੂੰ ਰਾਤ ਵਕਤ ਕਰੀਬ 10.30 ਵਜੇ ਆਪਣੀ ਪਤਨੀ ਖੁਸ਼ਬੂ ਸਮੇਤ ਆਪਣੀ ਦੁਕਾਨ 'ਤੇ ਹਾਜ਼ਰ ਸੀ ਤਾਂ ਤਿੰਨ ਅਣਪਛਾਤੇ ਵਿਅਕਤੀ ਮੋਟਰਸਾਈਕਲ ਤੇ ਇਨ੍ਹਾਂ ਦੀ ਦੁਕਾਨ ਤੇ ਆਏ, ਜਿਨ੍ਹਾਂ ਨੇ ਪਿਸਟਲ ਕੱਢ ਕੇ ਪੈਸੇ ਦੇਣ ਲਈ ਡਰਾਇਆ ਧਮਕਾਇਆ ਤੇ ਦੁਕਾਨ ਦੇ ਗੱਲੇ ਵਿੱਚੋਂ ਦਿਨ ਦੀ ਵਟਕ ਦੇ ਪੈਸੇ ਤੇ ਖੁਸ਼ਬੂ ਦੀਆਂ ਜੇਬਾਂ ਵਿੱਚੋ ਪੈਸੇ ਕੱਢਵਾ ਲਏ ਜੋ ਕੁੱਲ ਪੈਸੇ ਕਰੀਬ 25,000 ਰੁਪਏ ਖੋਹ ਕਰਕੇ ਮੋਟਰਸਾਈਕਲ 'ਤੇ ਫਰਾਰ ਹੋ ਗਏ, ਜਿਨ੍ਹਾਂ ਵਿਚੋਂ ਇੱਕ ਵਿਅਕਤੀ ਦਾ ਨਾਮ ਵਿਸ਼ਾਲ ਉਰਫ ਭੋਲਾ ਪੁੱਤਰ ਛਿੰਦਾ ਵਾਸੀ ਬਸਤੀ ਆਵਾ ਫਿਰੋਜ਼ਪੁਰ ਸ਼ਹਿਰ ਥਾਣਾ ਸਿਟੀ ਫਿਰੋਜ਼ਪੁਰ ਸੀ, ਜਿਸ 'ਤੇ ਵਿਸ਼ਾਲ ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਥਾਣਾ ਸਿਟੀ ਫਿਰੋਜ਼ਪੁਰ ਦਰਜ ਕੀਤਾ ਗਿਆ। ਰਣਧੀਰ ਕੁਮਾਰ ਆਈ ਪੀ ਐੱਸ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਫਿਰੋਜ਼ਪੁਰ ਅਤੇ ਬਲਕਾਰ ਸਿੰਘ, ਪੀਪੀਐੱਸ ਉਪ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਫਿਰੋਜ਼ਪੁਰ ਦੀ ਨਿਗਰਾਨੀ ਹੇਠ ਬਣੀ ਸਪੈਸ਼ਲ ਟੀਮ ਨੂੰ ਉਸ ਸਮੇਂ ਸਫਲਤਾ ਹਾਸਲ ਹੋਈ, ਜਦੋਂ ਉਕਤ ਡਿਕੈਤੀ ਦੀ ਵਾਰਦਾਤ ਨੂੰ 24 ਘੰਟੇ ਦੇ ਅੰਦਰ ਟਰੇਸ ਕੀਤਾ ਗਿਆ। ਐੱਸਆਈ ਮਨਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਫਿਰੋਜ਼ਪੁਰ ਵੱਲੋਂ ਸਮੇਤ ਸਾਥੀ ਕ੍ਰਮਚਾਰੀਆਂ ਮੁਖਬਰੀ ਦੇ ਅਧਾਰ 'ਤੇ ਵਿਸ਼ਾਲ ਉਰਫ ਭੋਲਾ ਉਕਤ ਨੂੰ ਅੱਜ ਗੋਲਬਾਗ ਸਿਟੀ ਫਿਰੋਜ਼ਪੁਰ ਤੋ ਗ੍ਰਿਫਤਾਰ ਕੀਤਾ ਗਿਆ ਤੇ ਉਸ ਪਾਸੋਂ ਵਾਰਦਾਤ ਸਮੇਂ ਵਰਤਿਆ ਗਿਆ ਮੋਟਰਸਾਈਕਲ ਸਪੈਂਲਡਰ ਪਲੱਸ ਬਿਨਾਂ ਨੰਬਰੀ, 01 ਸਟਾਰ ਪਿਸਟਲ, 02 ਜਿੰਦਾ ਰੌਂਦ ਅਤੇ 8550 ਰੁਪਏ ਬਰਾਮਦ ਕੀਤੇ।ਦੋਸ਼ੀ ਦਾ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ, ਇਨ੍ਹਾਂ ਵੱਲੋਂ ਕੀਤੀਆਂ ਹੋਰ ਵਾਰਦਾਤਾਂ ਦਾ ਪਤਾ ਲਗਾਇਆ ਜਾਵੇਗਾ ਤੇ ਬਾਕੀ ਰਹਿੰਦੇ ਦੋਸ਼ੀਆਂ ਨੂੰ ਵੀ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

## ਕਾਤਰਾਂ

### ਇੰਤਕਾਲਾਂ ਦੇ ਲੰਬਿਤ ਪਏ ਮਾਮਲੇ ਨਿਪਟਾਉਣ ਲਈ ਵਿਸ਼ੇਸ਼ ਕੈਂਪ ਅੱਜ : ਡੀ ਸੀ



**ਮੋਗਾ (ਅਮਰਜੀਤ ਬੱਬਰੀ)**-ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ ਨੇ ਦੱਸਿਆ ਕਿ ਵੱਖ-ਵੱਖ ਤਹਿਸੀਲਾਂ ਤੇ ਸਬ-ਤਹਿਸੀਲਾਂ ਵਿੱਚ ਇੰਤਕਾਲਾਂ ਦੇ ਮਾਮਲੇ ਲੰਮੇ ਸਮੇਂ ਤੋਂ ਲੰਬਿਤ ਪਏ ਹਨ।ਪੰਜਾਬ ਸਰਕਾਰ ਵੱਲੋਂ ਮਿਲੇ ਆਦੇਸ਼ਾਂ ਦੀ ਪਾਲਣਾ ਤੇ ਲੋਕਹਿਤ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਦੀਆਂ ਸਮੂਹ ਤਹਿਸੀਲਾਂ/ਸਬ-ਤਹਿਸੀਲਾਂ ਦੇ ਅਧਿਕਾਰੀ/ਕਰਮਚਾਰੀਆਂ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਛੁੱਟੀ ਵਾਲੇ ਦਿਨ 6 ਜਨਵਰੀ 2024 (ਸ਼ਨੀਵਾਰ) ਨੂੰ ਇੱਕ ਵਿਸ਼ੇਸ਼ ਕੈਂਪ ਲਗਾ ਕੇ ਆਪਣੇ-ਆਪਣੇ ਦਫਤਰਾਂ ਵਿੱਚ ਬੈਠ ਕੇ ਇਨ੍ਹਾਂ ਇੰਤਕਾਲਾਂ ਦਾ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ।ਉਨ੍ਹਾ ਸਮੂਹ ਅਧਿਕਾਰੀ/ਕਰਮਚਾਰੀਆਂ ਨੂੰ ਇਹ ਲੰਬਿਤ ਮਾਮਲੇ ਤੁਰੰਤ ਨਿਪਟਾਉਣ ਦੇ ਆਦੇਸ਼ ਦਿੱਤੇ ਹਨ।

### ਮੁਫਤ ਚੈੱਕਅਪ ਕੈਂਪ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜ ਸੇਵੀ ਸੰਸਥਾ ਐਂਟੀ ਕਰਾਈਮ ਐਂਟੀ ਡਰੱਗ ਇੰਡੀਆ ਵਿੰਗ ਐੱਨ.ਜੀ.ਓ. ਦੀ ਟੀਮ ਵੱਲੋਂ ਸਰਕਾਰੀ ਸਕੂਲ ਗੱਟੀ ਰਾਜੋਕੇ ਵਿਖੇ ਨਵੇਂ ਸਾਲ ਦੇ ਮੌਕੇ 'ਤੇ 7 ਜਨਵਰੀ ਨੂੰ ਸਵੇਰੇ 10 ਵਜੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਸੰਸਥਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੈਂਪ ਵਿੱਚ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਸਮੂਹ ਪਿੰਡ ਵਾਸੀਆਂ ਤੇ ਨੇੜਲੇ ਪਿੰਡਾਂ ਦੇ ਲੋਕਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

### ਲੰਬਿਤ ਪਏ ਇੰਤਕਾਲਾਂ ਦੇ ਨਿਪਟਾਰੇ ਲਈ ਕੈਂਪ

**ਕੋਟ ਈਸੇ ਖਾਂ (ਅਰੋੜਾ)**-ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੰਬਿਤ ਪਏ ਇੰਤਕਾਲਾਂ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ 6 ਜਨਵਰੀ ਨੂੰ ਤਹਿਸੀਲ ਤੇ ਸਬ ਤਹਸੀਲ ਪੱਧਰ 'ਤੇ ਵਿਸ਼ੇਸ਼ ਕੈਂਪ ਲਗਾ ਕੇ ਇਨ੍ਹਾਂ ਕੇਸਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਇੱਥੋਂ ਦੇ ਨਾਇਬ ਤਹਿਸੀਲਦਾਰ ਗੁਰਤੇਜ ਸਿੰਘ ਗਿੱਲ ਨੇ ਕਿਹਾ ਕਿ ਇਥੋਂ ਦੇ ਸਾਰੇ ਕਾਨੂੰਗੋ, ਪਟਵਾਰੀ ਤੇ ਫਰਦ ਕੇਂਦਰ ਦੇ ਸਟਾਫ ਨੂੰ ਇਹ ਹਦਾਇਤ ਕੀਤੀ ਗਈ ਹੈ ਕਿ ਉਹ 6 ਜਨਵਰੀ ਨੂੰ ਆਮ ਵਾਂਗ ਸਬੰਧਤ ਰਿਕਾਰਡ ਸਮੇਤ ਆਪਣੀ ਡਿਊਟੀ 'ਤੇ ਸਬ ਤਹਸੀਲ ਦਫਤਰ ਵਿਖੇ ਹਾਜ਼ਰ ਆਉਣਗੇ ਤਾਂ ਜੋ ਲੋੜਵੰਦ ਇਲਾਕਾ ਨਿਵਾਸੀਆਂ ਦੇ ਲੰਬਿਤ ਪਏ ਇੰਤਕਾਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਸਕੇ।

### ਸੁਖਮਨੀ ਸਾਹਿਬ ਦਾ ਪਾਠ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਨਵੇਂ ਸਾਲ ਦੇ ਆਗਮਨ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਪੀ ਡਬਲਯੂ ਡੀ ਬਲਾਕ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਗੁਰੂ ਘਰ ਦੇ ਕੀਰਤਨੀਆਂ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣ ਉਪਰੰਤ ਸਮੂਹ ਵਿਭਾਗਾਂ ਦੇ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ।

# 'ਆਪ' ਤੇ ਕਾਂਗਰਸ ਨੂੰ ਛੱਡ ਕੇ ਬੀ ਜੇ ਪੀ 'ਚ ਸ਼ਾਮਲ



**ਰਾਜਪੁਰਾ (ਰਮੇਸ਼ ਕਟਾਰੀਆ)**-ਬੀਜੇਪੀ ਸੂਬਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਦੀ ਅਗਵਾਈ ਵਿੱਚ ਹਲਕਾ ਰਾਜਪੁਰਾ ਦੇ ਪਤਵੰਤੇ ਸੱਜਣ ਆਮ ਆਦਮੀ ਪਾਰਟੀ ਤੇ ਕਾਂਗਰਸ ਛੱਡ ਕੇ ਬੀਜੇਪੀ ਵਿੱਚ ਸ਼ਾਮਲ ਹੋਏ। ਸ਼ਾਮਲ ਹੋਣ ਵਾਲੇ ਸਾਥੀਆਂ ਨੂੰ ਮੁਬਾਰਕਬਾਦ ਤੇ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਹ ਜਾਣਕਾਰੀ ਦਿੰਦਿਆਂ ਰਾਜਪੁਰਾ ਭਾਜਪਾ ਹਲਕਾ ਇਚਾਰਜ ਜਗਦੀਸ਼ ਜੱਗਾ ਨੇ ਕਿਹਾ ਕਿ ਇਸ ਮੌਕੇ ਸੀਨੀਅਰ ਨੇ ਰੁਪਿੰਦਰ ਸਿੰਘ ਰੂਬੀ ਸਾਬਕਾ ਪ੍ਰਧਾਨ ਅਨਾਜ ਮੰਡੀ ਰਾਜਪੁਰਾ ਤੇ ਸਾਬਕਾ ਬਲਾਕ ਸੰਮਤੀ ਮੈਂਬਰ, ਐਡਵੋਕੇਟ ਇਕਬਾਲ ਸਿੰਘ ਕੰਬੋਜ ਸਾਬਕਾ ਵਾਈਸ ਚੇਅਰਮੈਨ ਲੀਗਲ ਸੈੱਲ ਕਾਂਗਰਸ, ਅਵਤਾਰ ਸਿੰਘ ਟਾਇਗਰ ਸਾਬਕਾ ਸਰਪੰਚ, ਦਲਵੀਰ ਸਿੰਘ ਸਾਬਕਾ ਸਰਪੰਚ, ਐਡਵੋਕੇਟ ਮਨਿੰਦਰ ਵਾਲੀਆ, ਮਲਕੀਤ ਸਿੰਘ ਪੰਚ, ਜਸਵਿੰਦਰ ਸਿੰਘ, ਮਾਲਵਿੰਦਰ ਸਿੰਘ, ਟੋਨੀ ਅਹੂਜਾ, ਸੰਜੇ ਅਹੂਜਾ, ਨਰੇਸ਼ ਕੱਕੜ, ਸੁਭਾਸ਼ ਸ਼ਰਮਾ, ਸਤੀਸ਼ ਕੁਮਾਰ, ਗੁਰਪਾਲ ਸਿੰਘ ਦੇਵੀਨਗਰ, ਹਰਜਿੰਦਰ ਸਿੰਘ, ਹਰੀ ਸਿੰਘ ਤੇ ਵੱਡੀ ਗਿਣਤੀ ਵਿੱਚ ਹੋਰ ਲੋਕ ਭਾਜਪਾ ਵਿੱਚ ਸ਼ਾਮਲ ਹੋਏ। ਇਸ ਮੌਕੇ ਹੋਰ ਭਾਜਪਾ ਨੇਤਾ ਹਾਜ਼ਰ ਸਨ।

## ਲੋਕ ਮੋਰਚਾ ਪੰਜਾਬ ਵੱਲੋਂ ਕਿਰਤ ਕਾਨੂੰਨ 'ਚ ਸੋਧਾਂ ਦੇ ਵਿਰੋਧ 'ਚ ਕਨਵੈਨਸ਼ਨ 9 ਨੂੰ

**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਹਾਕਮਾਂ ਵੱਲੋਂ 'ਕਿਰਤ ਕਾਨੂੰਨ' ਵਿੱਚ ਸੋਧਾਂ ਕਰਕੇ ਸਨਅਤੀ ਕਾਮਿਆਂ 'ਤੇ ਕੀਤੇ ਹਮਲਿਆਂ ਖਿਲਾਫ ਵਿਸ਼ਾਲ ਕਨਵੈਨਸ਼ਨ ਲੋਕ ਮੋਰਚਾ ਪੰਜਾਬ (ਇਕਾਈ ਸਮਰਾਲਾ) ਵੱਲੋਂ 9 ਜਨਵਰੀ ਨੂੰ ਸਵੇਰੇ 11 ਵਜੇ, ਧਰਮਸ਼ਾਲਾ (ਸਮਾਧੀ ਰੋਡ) ਖੰਨਾ ਵਿਖੇ ਕੀਤੀ ਜਾ ਰਹੀ ਹੈ।ਇਸ ਸਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਮੋਰਚੇ ਦੇ ਕਨਵੀਨਰ ਕੁਲਵੰਤ ਸਿੰਘ ਤਰਕ ਨੇ ਦੱਸਿਆ ਕਿ ਦੇਸ਼ ਦੇ ਹਾਕਮਾਂ ਵੱਲੋਂ ਨਵੇਂ ਤਿੰਨ ਖੇਤੀ ਕਾਨੂੰਨਾਂ ਵਾਂਗ ਦੇਸ਼ ਦੇ ਪੂੰਜੀਪਤੀਆਂ ਤੇ ਸਾਮਰਾਜੀਆਂ ਦੀਆਂ ਲੋੜਾਂ ਤਹਿਤ ਜੰਗਲ ਕਾਨੂੰਨ, ਕਿਰਤ ਕਾਨੂੰਨ ਆਦਿ ਵਿੱਚ ਸੋਧਾਂ ਕਰਕੇ ਕਿਰਤੀ ਲੋਕਾਂ ਤੇ ਚੌਤਰਫਾ ਹਮਲਾ ਵਿੱਢਿਆ ਹੋਇਆ ਹੈ।ਇਸੇ ਦਿਸ਼ਾ ਵਿੱਚ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਅਗਵਾਈ ਵਾਲੀ ਸਰਕਾਰ ਵੀ ਘੱਟ ਨਹੀਂ।ਪੰਜਾਬ ਸਰਕਾਰ ਨੇ ਮਜ਼ਦੂਰ ਵਿਰੋਧੀ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਮਜ਼ਦੂਰਾਂ ਤੋਂ 10 ਘੰਟੇ ਦੀ ਬਜਾਏ 13 ਘੰਟੇ ਕੰਮ ਲੈਣ ਦੇ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੇ ਲਾਗੂ ਹੋਣ ਨਾਲ ਮਜ਼ਦੂਰਾਂ ਦੀ ਲੁੱਟ ਹੋਰ ਵੀ ਤੇਜ਼ ਹੋਵੇਗੀ। ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਲੋਕ ਮੋਰਚਾ ਪੰਜਾਬ ਦੇ ਸੂਬਾ ਜਨਰਲ ਸਕੱਤਰ ਜਗਮੇਲ ਸਿੰਘ ਹੋਣਗੇ।ਉਨ੍ਹਾਂ ਇਸ ਲੋਕ ਵਿਰੋਧੀ ਕਿਰਤੀ ਕਾਨੂੰਨ ਵਿੱਚ ਸੋਧਾਂ ਖਿਲਾਫ ਸਮੂਹ ਕਿਰਤੀ ਲੋਕਾਂ ਨੂੰ ਇਸ ਕਨਵੈਨਸ਼ਨ ਵਿੱਚ ਪਹੁੰਚਣ ਦੀ ਅਪੀਲ ਕੀਤੀ।

# ਮੱਖ ਮੰਤਰੀ ਦੀ ਕੋਠੀ ਨੇੜੇ ਮਜ਼ਦੂਰਾਂ ਵੱਲੋਂ ਹੱਕੀ ਮੰਗਾਂ ਲਈ ਪ੍ਰਦਰਸ਼ਨ

**ਸੰਗਰੂਰ (ਪ੍ਰਵੀਨ ਸਿੰਘ)**-ਮਜ਼ਦੂਰਾਂ ਸਿਰ ਚੜ੍ਹੇ ਸਰਕਾਰੀ ਤੇ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ਼ ਕਰਵਾਏ ਜਾਣ, ਮੋਦੀ ਸਰਕਾਰ ਵੱਲੋਂ ਮਨਰੇਗਾ ਮਜ਼ਦੂਰਾਂ ਦੇ ਬਜਟ 'ਚ ਕੀਤੀ ਕਟੌਤੀ ਖਿਲਾਫ, ਮਨਰੇਗਾ ਕਾਨੂੰਨ ਤਹਿਤ ਦੋ ਸੌ ਦਿਨ ਕੰਮ ਤੇ ਸੱਤ ਸੌ ਰੁਪਏ ਦਿਹਾੜੀ ਦਿੱਤੇ ਜਾਣ, ਕਾਨੂੰਨਣ ਕੰਮ ਦਿਹਾੜੀ ਛੇ ਘੰਟੇ ਕੀਤੇ ਜਾਣ, ਦਲਿਤ ਵਿਦਿਆਰਥੀਆਂ ਦੀ ਸਕਾਲਰਸ਼ਿਪ ਸਕੀਮ ਤੁਰੰਤ ਜਾਰੀ ਕੀਤੇ ਜਾਣ, ਪੰਚਾਇਤੀ ਜ਼ਮੀਨ 'ਚ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਮਜ਼ਦੂਰਾਂ ਨੂੰ ਦਿੱਤੇ ਜਾਣਾ ਯਕੀਨੀ ਬਣਾਏ ਜਾਣ, ਦਲਿਤਾਂ 'ਤੇ ਹੋ ਰਹੇ ਜਬਰ ਖਿਲਾਫ ਕਾਨੂੰਨੀ ਕਾਰਵਾਈ ਕੀਤੇ ਜਾਣ ਸਬੰਧੀ ਆਦਿ ਮੰਗਾਂ ਨੂੰ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਬੈਨਰ ਹੇਠ ਹਜ਼ਾਰਾਂ ਪੇਂਡੂ ਗਰੀਬਾਂ, ਔਰਤਾਂ, ਮਜ਼ਦੂਰਾਂ ਨੇ ਮੁੱਖ ਮੰਤਰੀ ਪੰਜਾਬ ਦੀ ਕੋਠੀ ਨੇੜੇ ਰੋਹ ਭਰਪੂਰ ਰੋਸ ਰੈਲੀ ਕਰਕੇ ਮੰਗ ਪੱਤਰ ਸੌਂਪਿਆ।ਇਸ ਮੌਕੇ ਵਿਸ਼ਾਲ ਮਜ਼ਦੂਰ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਤੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਰੂੜੇਕੇ ਨੇ ਕਿਹਾ ਕਿ ਜਿੱਥੇ ਮੋਦੀ ਸਰਕਾਰ ਨੇ ਮਜ਼ਦੂਰਾਂ ਖਿਲਾਫ ਕਾਲੇ ਕਿਰਤ ਕਾਨੂੰਨਾਂ ਤਹਿਤ ਸੰਘਰਸ਼ ਰਾਹੀਂ ਬਣਵਾਏ ਕਾਨੂੰਨਾਂ ਨੂੰ ਪੁੱਠਾ ਗੇੜਾ ਦੇ ਕੇ ਕੰਮ ਦੇ ਘੰਟੇ ਅੱਠ ਦੀ ਬਜਾਇ ਬਾਰਾਂ ਘੰਟੇ ਕੰਮ ਦਿਹਾੜੀ ਕੀਤੀ ਹੈ, ਉੱਥੇ ਭਗਵੰਤ ਮਾਨ ਸਰਕਾਰ ਨੇ ਸਭ ਤੋਂ ਪਹਿਲਾਂ ਇਸ ਮਜ਼ਦੂਰ ਵਿਰੋਧੀ ਕਾਨੂੰਨ ਦੇ ਹੱਕ 'ਚ ਨੋਟੀਫਿਕੇਸ਼ਨ ਜਾਰੀ ਕੀਤਾ ਹੈ।ਇਸ ਮੌਕੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਪ੍ਰਸ਼ੋਤਮ ਸ਼ਰਮਾ, ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤੂਪੁਰਾ ਆਦਿ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਦੇ ਬਜਟ 'ਚ ਕਟੌਤੀ ਕਰਕੇ ਤੇ ਆਨਲਾਈਨ ਸਿਸਟਮ ਕਰਕੇ ਮਜ਼ਦੂਰਾਂ ਦੇ ਇੱਕ ਹਿੱਸੇ ਨੂੰ ਮਨਰੇਗਾ 'ਚੋਂ ਬਾਹਰ ਧੱਕ ਦਿੱਤਾ ਹੈ।ਇਸ ਤੋਂ ਇਲਾਵਾ ਨਿਰਮਲ ਸਿੰਘ ਛੱਜਲਵੱਡੀ, ਵੀਜੇ ਭੀਖੀ, ਕਿਸਾਨ ਆਗੂ ਗੁਰਨਾਮ ਸਿੰਘ ਭੀਖੀ, ਬਿੰਦਰ ਕੌਰ ਉਡਤ ਭਗਤ ਰਾਮ, ਤਰਸੇਮ ਸਿੰਘ ਬਹਾਦਰਪੁਰ, ਦਰਸ਼ਨ ਸਿੰਘ ਦਾਨੇਵਾਲਾ, ਘੁੰਮਡ ਸਿੰਘ ਖਾਲਸਾ, ਵਿਜੇ ਸੋਹਲ, ਬਿੱਟੂ ਖੋਖਰ, ਧਰਮਪਾਲ ਸੁਨਾਮ, ਸਿੰਦਰ ਕੌਰ ਹਰੀਗੜ੍ਹ, ਸਵਰਨ ਸਿੰਘ ਜੰਗੀਆਣਾ ਨੇ ਵੀ ਸੰਬੋਧਨ ਕੀਤਾ।ਸਟੇਜ ਦੀ ਕਾਰਵਾਈ ਗੁਰਮੀਤ ਨੰਦਗੜ੍ਹ ਨੇ ਨਿਭਾਈ।

# ਪ੍ਰੈਕਟੀਸ਼ਨਰਾਂ ਨੂੰ ਨਵੇਂ ਕੋਰੋਨਾ ਵੇਰੀਐਂਟ ਬਾਰੇ ਜਾਣੂ ਕਰਵਾਇਆ



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਦੀ ਪ੍ਰਧਾਨਗੀ ਤੇ ਸੀਨੀਅਰ ਆਗੂ ਡਾਕਟਰ ਬਲਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜੋ ਮੈਡੀਕਲ ਅਫ਼ਸਰ ਡਾਕਟਰ ਜਗਦੀਪ ਸਿੰਘ ਕਰੀਰ ਤੇ ਡਾਕਟਰ ਵਿਕਰਮਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਰੱਖੀ ਗਈ।ਬਲਾਕ ਜ਼ੀਰਾ ਦੇ ਵੱਖ ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਮੈਡੀਕਲ ਅਫ਼ਸਰ ਡਾਕਟਰ ਜਗਦੀਪ ਸਿੰਘ ਕਰੀਰ ਨੇ ਨਵੇਂ ਆਏ ਕੋਰੋਨਾਂ ਵੇਰੀਐਂਟ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਜੇਕਰ ਕਿਸੇ ਮਰੀਜ਼ ਦੇ ਇਸ ਕੋਰੋਨਾਂ ਵੇਰੀਐਂਟ ਦੇ ਲੱਛਣ ਦਿਸਣ ਤਾਂ ਉਸ ਨੂੰ ਨੇੜੇ ਦੇ ਸਰਕਾਰੀ ਹਸਪਤਾਲ ਭੇਜੋ ਤਾਂ ਕਿ ਉਸ ਦਾ ਸਹੀ ਸਮੇਂ 'ਤੇ ਸਹੀ ਇਲਾਜ ਕੀਤਾ ਜਾ ਸਕੇ ਤੇ ਮਰੀਜ਼ ਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਬਚਾਇਆ ਜਾ ਸਕੇ।ਡਾਕਟਰ ਵਿਕਰਮਜੀਤ ਸਿੰਘ ਨੇ ਸਰਕਾਰ ਵੱਲੋਂ ਵੱਖ ਵੱਖ ਕਿਸਮ ਦੀਆਂ ਬੀਮਾਰੀਆਂ ਲਈ ਚਲਾਏ ਜਾ ਰਹੇ ਵੈਕਸੀਨੇਸ਼ਨ ਅਭਿਆਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਤਰ੍ਹਾਂ ਦੀ ਵੈਕਸੀਨ ਸਰਕਾਰੀ ਹਸਪਤਾਲ ਵਿੱਚ ਫ੍ਰੀ ਲਗਾਈ ਜਾਂਦੀ ਹੈ।ਇਸ ਲਈ ਤੁਸੀਂ ਸਮਾਜ ਨੂੰ ਜਾਗਰੂਕ ਕਰ ਕੇ ਵੈਕਸੀਨ ਲਗਵਾਉਣ ਲਈ ਪ੍ਰੇਰਿਤ ਕਰੋ ਤਾਂ ਕਿ ਖਤਰਨਾਕ ਬੀਮਾਰੀਆਂ ਤੋਂ ਬਚਾਇਆ ਜਾ ਸਕੇ।ਇਸ ਤੋਂ ਇਲਾਵਾ ਸਰਕਾਰ ਵੱਲੋਂ ਨਿਰੋਗ ਸਮਾਜ ਬਣਾਉਣ ਲਈ ਹੋਰ ਗੰਭੀਰ ਬੀਮਾਰੀਆਂ ਜਿਵੇਂ ਕਿ ਟੀ. ਬੀ, ਕਾਲਾ ਪੀਲੀਆ ਤੇ ਏਡਜ਼ ਦਾ ਇਲਾਜ ਵੀ ਫ੍ਰੀ ਕੀਤਾ ਜਾਂਦਾ ਹੈ।ਅਖੀਰ ਤੇ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਵੱਲੋਂ ਮੈਡੀਕਲ ਅਫ਼ਸਰ ਡਾਕਟਰ ਜਗਦੀਪ ਸਿੰਘ ਕਰੀਰ ਤੇ ਡਾਕਟਰ ਵਿਕਰਮਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ।ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੋਂ ਇਲਾਵਾ ਇਸ ਵਿਸ਼ੇਸ਼ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਪ੍ਰੈਕਟੀਸ਼ਨਰ ਆਤਮਾ ਸਿੰਘ, ਜਸਵੰਤ ਸਿੰਘ ਭੱਟੀ, ਰਣਜੀਤ ਸਿੰਘ, ਜਸਵਿੰਦਰ ਸਿੰਘ ਸੁੱਖੇਵਾਲਾ, ਜਸਵਿੰਦਰ ਸਿੰਘ ਸੋਢੀ ਵਾਲਾ, ਜਰਨੈਲ ਸਿੰਘ, ਬੋਹੜ ਸਿੰਘ, ਧਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ, ਡਾਕਟਰ ਜਗਮੀਤ ਸਿੰਘ, ਇਕਬਾਲ ਸਿੰਘ, ਹਰਬੇਲ ਸਿੰਘ, ਰਾਜਬੀਰ ਸਿੰਘ, ਪੂਰਨ ਸਿੰਘ, ਸਲਵਿੰਦਰ ਸਿੰਘ, ਗੁਰਜੀਤ ਸਿੰਘ ਪੰਡੋਰੀ, ਸੁਰਜੀਤ ਸਿੰਘ, ਹਰਬੰਸ ਸਿੰਘ, ਸ਼ਮਸ਼ੇਰ ਸਿੰਘ, ਧਰਮਿੰਦਰ ਸਿੰਘ ਬਲਖੰਡੀ, ਜਸਵੰਤ ਸਿੰਘ, ਸੁਖਚੈਨ ਸਿੰਘ, ਸੰਤੋਖ ਸਿੰਘ ਆਦਿ ਸ਼ਾਮਲ ਹੋਏ।

# ਜ਼ਮੀਨੀ ਕੁਰਕੀਆਂ ਖਿਲਾਫ ਕਿਸਾਨਾਂ ਨੇ ਮੋਰਚੇ ਮੱਲੇ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਇਕਾਈ ਚੱਠੇ ਵਾਲਾ ਦੇ ਦੋ ਕਿਸਾਨ ਤੇ ਇੱਕ ਕਿਸਾਨ ਮੇਘ ਸਿੰਘ ਪੁੱਤਰ ਭਾਗ ਸਿੰਘ ਰਾਈਆ ਦੀ ਜ਼ਮੀਨ ਦੀ ਕੁਰਕੀ ਜੋ 470000 ਰੁਪਏ ਚ ਰਾਮਾਂ ਮੰਡੀ ਦੇ ਆੜ੍ਹਤੀਏ ਭੋਲ਼ੀ ਸ਼ੇਕੀ ਦੁਆਰਾ ਲਿਆਂਦੀ ਗਈ ਤੇ ਚੱਠੇਵਾਲਾ ਦੇ ਕਿਸਾਨ ਮਾਂਸਾ ਸਿੰਘ ਪੁੱਤਰ ਬਲਾਂਡਾ ਸਿੰਘ ਹਰਭਗਵਾਨ ਸਿੰਘ ਵੱਲੋਂ ਲਿਆਂਦੀ ਅਤੇ ਕਿਸਾਨ ਗੁਰਮੇਲ ਸਿੰਘ ਪੁੱਤਰ ਕਰਤਾਰ ਸਿੰਘ ਦੀ ਕੁਰਕੀ ਰਾਮਾਂ ਮੰਡੀ ਦੇ ਸੂਦਖੋਰ ਆੜ੍ਹਤੀਏ ਵੇਦ ਪ੍ਰਕਾਸ ਵੱਲੋਂ ਤਹਿਸੀਲਦਾਰ ਤਲਵੰਡੀ ਸਾਬੋ ਵੱਲੋਂ ਕਰਵਾਈ ਜਾਣੀ ਸੀ, ਜਿਸ ਦੀ ਜਾਣਕਾਰੀ ਜਥੇਬੰਦੀ ਨੂੰ ਜਦੋਂ ਹੋਈ ਤਾਂ ਤੁਰੰਤ ਐਕਸ਼ਨ ਵਿੱਚ ਆਉਂਦੇ ਹੋਏ ਕਚਹਿਰੀਆਂ ਵਿੱਚ ਪਹੁੰਚ ਕੇ ਕੁਰਕੀ ਕਰਨ ਤੋਂ ਰੋਕ ਦਿੱਤਾ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਤਹਿਸੀਲ ਕੰਪਲੈਕਸ ਦੇ ਅੱਗੇ ਸਾਰਾ ਦਿਨ ਧਰਨਾ ਜਾਰੀ ਰਿਹਾ ਤੇ ਕਿਸਾਨਾਂ ਦੀ ਕੁਰਕੀ ਨਹੀਂ ਹੋਣ ਦਿੱਤੀ।ਕਿਸਾਨ ਆਗੂ ਕਾਲਾ ਸਿੰਘ ਚੱਠੇਵਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਪਿਛਲੀਆਂ ਸਰਕਾਰਾਂ ਵਾਂਗ ਕਿਸਾਨ ਮਾਰੂ ਨੀਤੀਆਂ ਨੂੰ ਲਾਗੂ ਕਰਨ 'ਤੇ ਆਈਆਂ ਹੋਈਆਂ ਹਨ, ਜਿਨ੍ਹਾਂ ਦਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਹਮੇਸ਼ਾ ਡੱਟਵਾਂ ਵਿਰੋਧ ਕੀਤਾ ਜਾਂਦਾ ਰਹੇਗਾ।

## ਮਾਮਲਾ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਅਣਦੇਖੀ ਕਰਨ ਦਾ

# ਫਰੀਦਕੋਟ 'ਚ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਰੈਲੀਆਂ ਕਰਨ ਦਾ ਫੈਸਲਾ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਕੋਆਰਡੀਨੇਸ਼ਨ ਕਮੇਟੀ ਜ਼ਿਲ੍ਹਾ ਫਰੀਦਕੋਟ ਦੀ ਮੀਟਿੰਗ ਪੈਨਸ਼ਨਰ ਆਗੂ ਬਲਵਿੰਦਰ ਰਾਮ ਸ਼ਰਮਾ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਪੈਨਸ਼ਨਰ ਭਵਨ ਨੇੜੇ ਖਜ਼ਾਨਾ ਦਫਤਰ ਵਿਖੇ ਹੋਈ ।ਮੀਟਿੰਗ ਦੌਰਾਨ ਹੋਏ ਫੈਸਲੇ ਸਾਂਝੇ ਕਰਦਿਆਂ ਮੁਲਾਜ਼ਮ ਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਵੀਰ ਇੰਦਰਜੀਤ ਸਿੰਘ ਪੁਰੀ, ਸੁਖਦਰਸ਼ਨ ਸਿੰਘ, ਬਲਵੀਰ ਸਿੰਘ ਸਿਵੀਆਂ, ਕੁਲਵੰਤ ਸਿੰਘ ਚਾਨੀ, ਗਗਨ ਪਾਹਵਾ, ਗੁਰਮੀਤ ਸਿੰਘ ਜੈਤੋ, ਇਕਬਾਲ ਸਿੰਘ ਢੁੱਡੀ ਤੇ ਚਿਤਰੰਜਨ ਗਾਭਾ ਨੇ ਦੱਸਿਆ ਕਿ ਸਾਂਝਾ ਫਰੰਟ ਦੀ ਸੂਬਾ ਕਾਰਜਕਾਰਨੀ ਦੇ ਫੈਸਲੇ ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਫਰੀਦਕੋਟ ਜ਼ਿਲ੍ਹੇ ਦੇ ਆਮ ਆਦਮੀ ਪਾਰਟੀ ਦੇ ਤਿੰਨਾਂ ਐਮ ਐਲ ਏਜ਼ ਦੇ ਘਰਾਂ ਅੱਗੇ ਰੋਸ ਰੈਲੀਆਂ ਤੇ ਮੁਜ਼ਾਹਰੇ ਕਰਨ ਦੇ ਐਕਸ਼ਨ ਪ੍ਰੋਗਰਾਮ ਉਲੀਕੇ ਗਏ ਜਿਸ ਅਨੁਸਾਰ 21 ਜਨਵਰੀ ਨੂੰ ਹਲਕਾ ਫਰੀਦਕੋਟ ਦੇ ਐਮ ਐਲ ਏ ਗੁਰਦਿੱਤ ਸਿੰਘ ਸੇਖੋਂ ਦੇ ਘਰ ਅੱਗੇ, 10 ਫਰਵਰੀ ਨੂੰ ਕੋਟਕਪੂਰਾ ਵਿਖੇ ਲਾਲਾ ਲਾਜਪਤ ਰਾਏ ਪਾਰਕ ਵਿੱਚ ਇਕੱਠੇ ਹੋਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਘਰ ਅੱਗੇ ਅਤੇ 18 ਫਰਵਰੀ ਨੂੰ ਵਿਧਾਨ ਸਭਾ ਜੈਤੋ ਦੇ ਹਲਕਾ ਵਿਧਾਇਕ ਅਮੋਲਕ ਸਿੰਘ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ।ਫਰੰਟ ਵਿੱਚ ਸਾਰੀਆਂ ਸ਼ਾਮਲ ਜਥੇਬੰਦੀਆਂ ਨੂੰ ਰੋਸ ਰੈਲੀਆਂ ਵਿੱਚ ਸ਼ਮੂਲੀਅਤ ਕਰਨ ਲਈ ਕੋਟੇ ਲਗਾਉਣ ਵਾਸਤੇ ਅਤੇ ਸਾਰੇ ਐਕਸ਼ਨਾਂ ਨੂੰ ਸਫਲ ਬਣਾਉਣ ਲਈ ਤਹਿਸੀਲ ਵਾਰ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਅਨੁਸਾਰ ਫਰੀਦਕੋਟ ਤਹਿਸੀਲ ਦੀ ਮੀਟਿੰਗ 15 ਜਨਵਰੀ ਨੂੰ ਪੈਨਸ਼ਨਰ ਭਵਨ ਫਰੀਦਕੋਟ ਵਿਖੇ, ਕੋਟਕਪੂਰਾ ਤਹਿਸੀਲ ਦੀ ਮੀਟਿੰਗ 3 ਫਰਵਰੀ ਨੂੰ ਸ਼ਹੀਦ ਭਗਤ ਸਿੰਘ ਪਾਰਕ ਪੁਰਾਣਾ ਕਿਲਾ ਕੋਟਕਪੂਰਾ ਦੇ ਪੈਨਸ਼ਨਰ ਭਵਨ ਵਿੱਚ ਅਤੇ ਜੈਤੋ ਤਹਿਸੀਲ ਦੀ ਮੀਟਿੰਗ 11 ਫਰਵਰੀ ਨੂੰ ਪੈਨਸ਼ਨਰ ਭਵਨ ਨੇੜੇ ਬੱਸ ਸਟੈਂਡ ਜੈਤੋ ਵਿਖੇ ਕੀਤੀ ਜਾਵੇਗੀ।ਮੀਟਿੰਗ ਵਿੱਚ ਭਗਵੰਤ ਮਾਨ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਬੇਰੁਖੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਸਾਰੇ ਸ਼ਾਮਲ ਸਾਥੀਆਂ ਨੇ ਪੰਜਾਬ ਸਰਕਾਰ ਖਿਲਾਫ ਕੀਤੇ ਜਾ ਰਹੇ ਇਨ੍ਹਾਂ ਐਕਸ਼ਨਾਂ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ।ਸਮੂਹ ਆਗੂਆਂ ਨੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੇਂਦਰੀ ਪੈਟਰਨ 'ਤੇ ਡੀ. ਏ 46 % ਕਰਨ ਪੈਨਸ਼ਨਰਾਂ ਲਈ 2. 59 ਦਾ ਗੁਣਾਕ ਅਤੇ ਨੋਸ਼ਨਲ ਸੋਧ ਵਿਧੀ ਲਾਗੂ ਕਰਨ, ਕਾਂਗਰਸ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਖੋਹੇ ਗਏ 37 ਭੱਤੇ ਤੁਰੰਤ ਬਹਾਲ ਕਰਨ ਅਤੇ ਪੁਰਾਣੀ ਪੈਨਸ਼ਨ 1972 ਦੇ ਨਿਯਮਾਂ ਅਨੁਸਾਰ ਤੁਰੰਤ ਲਾਗੂ ਕਰਨ, ਹਰ ਤਰਾਂ ਦੇ ਕੱਚੇ, ਠੇਕਾ, ਆਊਟਸੋਰਸ ਮੁਲਾਜ਼ਮਾਂ ਅਤੇ ਸਕੀਮ ਵਰਕਰਾਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨ ਅਤੇ ਘੱਟੋ ਘੱਟ ਉਜਰਤ 26000 ਰੁਪਏ ਦੇਣ, ਛੇਵੇਂ ਪੇਅ ਕਮਿਸ਼ਨ ਦੇ ਸਾਢੇ ਪੰਜ ਸਾਲ ਦੇ ਬਣਦੇ ਬਕਾਏ ਅਤੇ ਸੋਧੀ ਹੋਈ ਲੀਵ ਇਨਕੈਸ਼ਮੈਂਟ ਦਾ ਲਾਭ ਤੁਰੰਤ ਜਾਰੀ ਕਰਨ, ਪਰਖ ਕਾਲ ਦੇ ਸਮੇਂ ਦੌਰਾਨ ਘੱਟ ਤਨਖਾਹਾਂ ਦੇਣ ਸਬੰਧੀ 15 ਜਨਵਰੀ 2015 ਦਾ ਪੱਤਰ ਰੱਦ ਕਰਨ ਅਤੇ ਕੇਂਦਰੀ ਪੈਟਰਨ ਅਨੁਸਾਰ ਤਨਖਾਹਾਂ ਦੇਣ ਸਬੰਧੀ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕਰਨ ਸਮੇਤ ਸਾਰੀਆਂ ਲਟਕਦੀਆਂ ਮੰਗਾਂ ਦੀ ਪੂਰਤੀ ਤੱਕ ਸਾਂਝੇ ਫਰੰਟ ਦੇ ਝੰਡੇ ਹੇਠ ਸੰਘਰਸ਼ ਜਾਰੀ ਰੱਖਣ ਅਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਦੀ ਰੂਪ ਰੇਖਾ ਹੋਰ ਤਿੱਖੀ ਕਰਨ ਦਾ ਐਲਾਨ ਕੀਤਾ ਗਿਆ ।

# ਤੀਜਾ ਵਾਤਾਵਰਣ ਸੰਭਾਲ ਮੇਲਾ 3 ਤੇ 4 ਫਰਵਰੀ ਨੂੰ

**ਲੁਧਿਆਣਾ (ਰਾਜ ਸਿੰਗਲਾ)**-ਤੀਜਾ ਵਾਤਾਵਰਣ ਸੰਭਾਲ ਮੇਲਾ-2024 ਸਥਾਨਕ ਨਹਿਰੂ ਰੋਜ਼ ਗਾਰਡਨ ਲੁਧਿਆਣਾ ਵਿਖੇ ਬਾਬਾ ਗੁਰਮੀਤ ਸਿੰਘ ਦੀ ਰਹਿਨੁਮਾਈ ਹੇਠ 3 ਤੇ 4 ਫਰਵਰੀ 2024 ਨੂੰ ਨਗਰ ਨਿਗਮ ਲੁਧਿਆਣਾ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿੱਚ ਵਾਤਾਵਰਨ ਸੰਭਾਲ ਸਬੰਧੀ 100 ਤੋਂ ਵਧੇਰੇ ਸਟਾਲਾਂ ਲਗਾਈਆਂ ਜਾਣਗੀਆਂ, ਜਿਨ੍ਹਾਂ ਵਿੱਚ ਦੇਸੀ ਪ੍ਰਜਾਤੀ ਵਾਲੇ ਵੱਧ ਤੋਂ ਵੱਧ ਦਰੱਖਤਾਂ ਸਬੰਧੀ, ਪਾਣੀ ਦੀ ਸੰਭਾਲ ਸਬੰਧੀ, ਮਿੱਟੀ ਦੀ ਸੰਭਾਲ ਸਬੰਧੀ, ਜੈਵਿਕ ਰਸੋਈ ਬਾਗਬਾਨੀ ਸਬੰਧੀ, ਪਾਣੀ ਪ੍ਰਬੰਧਨ ਤੇ ਕੰਪੋਸਟਿੰਗ ਸਬੰਧੀ, ਹਵਾ ਪ੍ਰਦੂਸ਼ਣ ਵਿੱਚ ਕਮੀ, ਆਵਾਜ਼ ਪ੍ਰਦੂਸ਼ਣ, ਊਰਜਾ ਦੀ ਬੱਚਤ, ਸੋਲਰ ਐਨਰਜੀ, ਬਾਜਰੇ 'ਤੇ ਵਿਸ਼ੇਸ਼ ਜ਼ੋਰ ਨਾਲ ਸਿਹਤਮੰਦ ਭੋਜਨ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਨੇ ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਚੋ (ਵਾਤਾਵਰਨ ਦੇ ਇਲਾਜ ਤੇ ਸੰਭਾਲ ਵਾਲੀ ਸੁਸਾਇਟੀ) ਇੱਕ ਨਾਨ-ਪ੍ਰੋਫਿਟ ਸੰਸਥਾ ਹੈ, ਜਿਹੜੀ ਕਿ ਕੁਦਰਤੀ ਸਰੋਤਾਂ ਦੀ ਸੰਭਾਲ ਤੇ ਲੋਕਾਂ ਨੂੰ ਮੁੜ ਤੋਂ ਕੁਦਰਤ ਨਾਲ ਜੋੜਨ ਲਈ ਕੰਮ ਕਰ ਰਹੀ ਹੈ। ਇਹ ਸੰਸਥਾ ਪਿਛਲੇ ਦੋ ਸਾਲਾਂ ਤੋਂ ਵਾਤਾਵਰਨ ਸੰਭਾਲ ਮੇਲੇ ਕਰਵਾ ਰਹੀ ਹੈ, ਜਿਸ ਰਾਹੀਂ ਲੋਕਾਂ 'ਚ ਕੁਦਰਤੀ ਸਰੋਤਾਂ ਦੀ ਸੰਭਾਲ ਪ੍ਰਤੀ ਚੇਤਨਤਾ ਪੈਦਾ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਇਸ ਵਾਤਾਵਰਨ ਸੰਭਾਲ ਮੇਲੇ ਵਿੱਚ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੀਆਂ ਗ੍ਰਾਮ ਪੰਚਾਇਤਾਂ, ਐੱਨ.ਜੀ.ਓ, ਵਿਅਕਤੀਗਤ ਲੋਕਾਂ, ਵਿਦਿਆਰਥੀਆਂ ਆਦਿ ਨੂੰ 10 ਐਵਾਰਡਾਂ ਨਾਲ ਸਨਮਾਨਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਐਵਾਰਡਾਂ ਲਈ ਅਪਲਾਈ ਕਰਨ ਦੀ ਆਖਰੀ ਮਿਤੀ, ਅਪਲਾਈ ਕਰਨ ਵਾਲੇ ਪ੍ਰੋਫਾਰਮੇ ਜਾਂ ਹੋਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 82839-33002 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਤੇ ਐਵਾਰਡਾਂ ਲਈ ਜ਼ਰੂਰ ਅਪਲਾਈ ਕਰਨ।

# ਕਰਾਟੇ 'ਚ ਅੰਤਰਾਸ਼ਟਰੀ ਪੱਧਰ 'ਤੇ ਮੈਡਲ ਲੈਣ ਵਾਲੇ ਬੱਚਿਆਂ ਦਾ ਪਿੰਡ ਪੁੱਜਣ 'ਤੇ ਸਨਮਾਨ



ਜੇਤੂ ਬੱਚਿਆਂ ਦਾ ਸਨਮਾਨ ਕਰਦੇ ਪਤਵੰਤੇ।

**ਭੀਖੀ (ਧਰਮਵੀਰ ਸ਼ਰਮਾ)**

ਬੀਤੇ ਦਿਨੀਂ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਖੇ ਆਯੋਜਤ ਕੀਤੀ ਅੰਤਰਰਾਸ਼ਟਰੀ (ਗੋਜੂ-ਰੋ) ਕਰਾਟੇ ਚੈਂਪੀਅਨਸ਼ਿਪ-2023 ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਜੇਤੂ ਹੋਣ ਤੋਂ ਬਾਅਦ ਭੀਖੀ ਪੁੱਜਣ 'ਤੇ ਵੱਖ ਵੱਖ ਥਾਵਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਵਾਈਕਿੰਗ ਮਾਰਸ਼ਲ ਕਰਾਟੇ ਅਕੈਡਮੀ ਦੇ ਕੋਚ ਅਕਾਸ਼ਦੀਪ ਸਿੰਘ ਬਾਵਾ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਵੱਲੋਂ 7 ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਗੁਰਪ੍ਰੀਤ ਸਿੰਘ ਵਿਰਕ, ਵਰਿੰਦਰ ਸਿੰਘ ਢੈਪਈ, ਖੁਸ਼ਪ੍ਰੀਤ ਕੌਰ ਨੇ ਗੋਲਡ ਮੈਡਲ ਤੇ ਸਹਿਜਦੀਪ ਸਿੰਘ ਪੁੱਤਰ ਡਾ. ਮਨਪ੍ਰੀਤ ਸਿੰਘ ਸਿੱਧੂ, ਪ੍ਰਭਨੂਰ ਸਿੰਘ, ਖੁਸ਼ਕਰਨ ਸਿੰਘ ਤੇ ਸ਼ਿਵਾਨੀ ਨੇ ਬਰੌਂਜ ਮੈਡਲ ਹਾਸਲ ਕਰਕੇ ਪੰਜਾਬ ਦਾ ਨਾਮ ਅੰਤਰਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਮਾਨਸਾ ਜ਼ਿਲ੍ਹੇ ਤੇ ਭੀਖੀ ਇਲਾਕੇ ਲਈ ਮਾਣ ਵਾਲੀ ਗੱਲ ਹੈ, ਜਿਸ ਵਿੱਚ ਪੇਂਡੂ ਇਲਾਕੇ ਤੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੇ ਮੱਲਾਂ ਮਾਰੀਆਂ ਹਨ। ਇਸ ਮੌਕੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਇੰਚਾਰਜ ਰਾਜਿੰਦਰ ਸਿੰਘ, ਡਾ. ਮਨਪ੍ਰੀਤ ਸਿੰਘ ਸਿੱਧੂ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਅਰਸ਼ਦੀਪ ਸਿੰਘ ਮਾਇਕਲ, ਕੱਪੜਾ ਐਸੋਸੀਏਸ਼ਨ ਭੀਖੀ ਦੇ ਪ੍ਰਧਾਨ ਵਿਨੋਦ ਕੁਮਾਰ ਗਾਂਧੀ ਨੇ ਕਿਹਾ ਕਿ ਭੀਖੀ ਵਰਗੇ ਛੋਟੇ ਇਲਾਕੇ ਲਈ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣਾ ਕਾਫ ਜੋਖਮ ਭਰਿਆ ਹੈ, ਜਿਸ ਨੂੰ ਭੀਖੀ ਦੇ ਛੋਟੇ ਛੋਟੇ ਬੱਚਿਆਂ ਨੇ ਸੱਚ ਕਰ ਦਿਖਾਇਆ ਹੈ। ਉਨ੍ਹਾ ਕਿਹਾ ਕਿ ਇਸ ਦੀ ਪ੍ਰਸੰਸਾ ਜਿੰਨੀ ਕੀਤੀ ਜਾਵੇ, ਥੋੜ੍ਹੀ ਹੈ। ਇਸ ਮੌਕੇ ਜਿੱਥੇ ਭੀਖੀ, ਹਮੀਰਗੜ੍ਹ ਢੈਪਈ ਤੇ ਸਮਾਉਂ ਵਾਸੀਆਂ ਨੇ ਉਕਤ ਬੱਚਿਆਂ ਦਾ ਨਿੱਘਾ ਸਵਾਗਤ ਕੀਤਾ, ਉੱਥੇ ਪਿੰਡ ਅੰਦਰ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਸੀ। ਇਸ ਮੌਕੇ ਦੇਸ ਰਾਜ ਮੰਘਾਣੀਆ, ਰਜਨੀਸ਼ ਸ਼ਰਮਾ ਕਾਲਾ, ਬਲਰਾਜ ਬਾਂਸਲ, ਧੰਨਜੀਤ ਸਿੰਘ ਤੇ ਮਲਕੀਤ ਸਿੰਘ ਸਾਬਕਾ ਐੱਮ ਸੀ ਨੇ ਕਿਹਾ ਕਿ ਕਰਾਟੇ ਸਵੈ-ਰੱਖਿਆ ਦੀ ਖੇਡ ਹੈ, ਇਸ ਨੂੰ ਸਿੱਖਣ ਲਈ ਲੜਕੀਆਂ ਦੇ ਨਾਲ ਨਾਲ ਲੜਕਿਆਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਆਪ ਆਗੂ ਸਿਕੰਦਰ ਸਿੰਘ, ਇੰਦਰਜੀਤ ਸਿੰਘ, ਮਾ. ਵਰਿੰਦਰ ਸੋਨੀ, ਬੱਬੂ ਸਿਤਾਰੇ ਕਾ, ਰਾਮ ਸਿੰਘ ਚਹਿਲ, ਬਲਵਿੰਦਰ ਸ਼ਰਮਾ, ਸੁਖਦੀਪ ਸਿੰਘ, ਵਿਵੇਕ ਜੈਨ ਬੱਬੂ, ਵਿਨੋਦ ਗਾਂਧੀ, ਗਗਨ ਗਰਗ, ਨੀਟਾ ਜੋਸ਼ੀ, ਸੰਦੀਪ ਮਹਿਤਾ, ਗੋਧਾ ਰਾਮ, ਬਲਵੀਰ ਸਿੰਘ ਸਰਪੰਚ ਅਨੂਪਗੜ੍ਹ, ਗੁਰਨਾਮ ਸਿੰਘ ਭੀਖੀ, ਕਾ. ਧਰਮਪਾਲ ਨੀਟਾ, ਰਾਮ ਸਿੰਘ ਅਕਲੀਆ, ਨੌਜਵਾਨ ਸੇਵਾ ਕਲੱਬ ਦੇ ਪ੍ਰਧਾਨ ਰਣਧੀਰ ਸਿੰਘ ਧੀਰਾ ਹਾਜ਼ਰ ਸਨ।

## ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਉਨ੍ਹਾ ਕਿਹਾ ਕਿ ਜਥੇਦਾਰ ਨੰਦਗੜ੍ਹ ਨਿਧੜਕ ਪੰਥਕ ਆਗੂ ਸਨ ਤੇ ਸਿੱਖੀ ਅਸੂਲਾਂ ਤੇ ਮਰਯਾਦਾ ਦੇ ਪਹਿਰੇਦਾਰ ਸਨ, ਉਨ੍ਹਾ ਸਿੱਖੀ ਦੇ ਮੂਲ ਸਿਧਾਂਤਾਂ ਦੀ ਭੰਨਤੋੜ ਸਬੰਧੀ ਕਦੀ ਕਿਸੇ ਨਾਲ ਸਮਝੌਤਾ ਜਾਂ ਨਰਮ ਰਵੱਈਆ ਨਹੀਂ ਸੀ ਰੱਖਿਆ।ਉਹ ਸੱਚੇ ਸੁੱਚੇ ਪੂਰਨ ਗੁਰਸਿੱਖ ਸਨ।ਪਿਛਲੇ ਕੁੱਝ ਸਮੇਂ ਤੋਂ ਸਿਹਤ ਪੱਖੋਂ ਢਿੱਲੇ ਚਲ ਰਹੇ ਸਨ ਤੇ ਡਾਕਟਰਾਂ ਦੇ ਜ਼ੇਰੇ ਇਲਾਜ ਸਨ।

ਉਨ੍ਹਾ ਦੇ ਅਕਾਲ ਚਲਾਣਾ ਕਰ ਜਾਣ ਨਾਲ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਬਾਬਾ ਬਲਬੀਰ ਸਿੰਘ ਨੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ ਤੇ ਪਿੱਛੇ ਪਰਿਵਾਰ, ਰਿਸ਼ਤੇਦਾਰ ਤੇ ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਬੀ ਕੇ ਯੂ ਦੋਆਬਾ 'ਹਿੱਟ ਐਂਡ ਰਨ' ਵਿਰੁੱਧ ਟਰੱਕ ਅਪਰੇਟਰਾਂ ਦੇ ਹੱਕ 'ਚ ਡਟ ਕੇ ਖੜ੍ਹੀ : ਖੀਰਨੀਆਂ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੀ ਮਹੀਨਾਵਾਰ ਮੀਟਿੰਗ ਸਥਾਨਕ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਵਿਖੇ ਯੂਨੀਅਨ ਦੇ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਖੀਰਨੀਆਂ ਨੇ ਬੀਤੇ ਦਿਨੀਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਟਰੱਕ ਡਰਾਈਵਰਾਂ ਵਿਰੁੱਧ 'ਹਿੱਟ ਐਂਡ ਰਨ' ਸਬੰਧੀ ਬਿੱਲ ਪਾਸ ਕਰਕੇ ਕਾਨੂੰਨ ਬਣਾਇਆ ਗਿਆ ਸੀ, ਦੇ ਵਿਰੋਧ ਵਿੱਚ ਟਰੱਕ ਓਪਰੇਟਰਾਂ ਵੱਲੋਂ ਆਪਣੀ ਏਕਤਾ ਦਾ ਸਬੂਤ ਦਿੰਦੇ ਹੋਏ, ਚੱਕਾ ਜਾਮ ਕਰ ਦਿੱਤਾ ਸੀ, ਜਿਸ ਕਾਰਨ ਇੱਕ ਵਾਰ ਫਿਰ ਮੋਦੀ ਸਰਕਾਰ ਨੂੰ ਮੂੰਹ ਦੀ ਖਾਣੀ ਪਈ।ਇਸ ਲਈ ਸਾਡੀ ਯੂਨੀਅਨ ਸਮੂਹ ਟਰੱਕ ਓਪਰੇਟਰਾਂ ਦੇ ਹੱਕ ਵਿੱਚ ਖੜੀ ਹੈ ਤੇ ਮੋਦੀ ਸਰਕਾਰ ਦੇ ਇਸ ਕਾਨੂੰਨ ਦਾ ਵਿਰੋਧ ਕਰਦੀ ਹੈ।ਜ਼ਿਲ੍ਹਾ ਜਨਰਲ ਸਕੱਤਰ ਜਰਨੈਲ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਵਿਭਾਗ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਚੱਲ ਰਹੀ ਸੀਤ ਲਹਿਰ ਦੇ ਮੱਦੇਨਜ਼ਰ ਉਹ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੂੰ ਕੁਝ ਦਿਨਾਂ ਦੀਆਂ ਛੁੱਟੀਆਂ ਦਾ ਐਲਾਨ ਕਰੇ, ਤਾਂ ਜੋ ਛੋਟੇ ਛੋਟੇ ਬੱਚਿਆਂ ਦਾ ਸਰਦੀ ਤੋਂ ਬਚਾਅ ਹੋ ਸਕੇ।ਉਨ੍ਹਾ ਕਿਹਾ ਕਿ ਦੁਨੀਆ ਵਿੱਚ ਵਿਕਸਤ ਦੇਸ਼ਾਂ 'ਚ ਚੋਣਾਂ ਮੌਕੇ ਈ. ਵੀ. ਐੱਮ. ਮਸ਼ੀਨਾਂ ਦੀ ਬਜਾਏ ਬੈਲਟ ਪੇਪਰਾਂ ਨਾਲ ਵੋਟਾਂ ਪਾਈਆਂ ਜਾਂਦੀਆਂ ਹਨ, ਕਿਉਂਕਿ ਈ. ਵੀ. ਐੱਮ. ਮਸ਼ੀਨਾਂ ਨਾਲ ਘਪਲਾ ਹੁੰਦਾ ਹੈ ਤੇ ਇਨ੍ਹਾਂ ਦੇਸ਼ਾਂ ਨੇ ਇਹ ਮਸ਼ੀਨਾਂ ਰਿਜੈਕਟ ਕਰ ਦਿੱਤੀਆਂ ਹਨ, ਪ੍ਰੰਤੂ ਸਾਡੇ ਦੇਸ਼ ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਈ. ਵੀ. ਐੱਮ. ਮਸ਼ੀਨਾਂ ਰਾਹੀਂ ਵੋਟਾਂ ਪੁਆ ਕੇ ਸ਼ਰੇਆਮ ਘਪਲੇਬਾਜ਼ੀ ਕੀਤੀ ਜਾਂਦੀ ਹੈ।ਸਾਡੀ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਜੇਕਰ ਭਾਰਤ ਨੂੰ ਸੱਚਮੁੱਚ ਹੀ ਲੋਕਤੰਤਰੀ ਦੇਸ਼ ਮੰਨਿਆ ਜਾਂਦਾ ਹੈ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਮੌਕੇ ਵੋਟਾਂ ਬੈਲਟ ਪੇਪਰਾਂ ਰਾਹੀਂ ਪੁਆਈਆਂ ਜਾਣ ਤੇ ਈ. ਵੀ. ਐੱਮ. ਮਸ਼ੀਨਾਂ ਬੰਦ ਕੀਤੀਆਂ ਜਾਣ ਤਾਂ ਜੋ ਦੇਸ਼ ਵਿੱਚ ਸਹੀ ਤਰੀਕੇ ਨਾਲ ਲੋਕਤੰਤਰੀ ਸਰਕਾਰ ਚੁਣੀ ਜਾ ਸਕੇ।ਇਸ ਮੌਕੇ ਹੋਰ ਵੀ ਬੁਲਾਰਿਆਂ ਨੇ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ ਆਪਣੇ ਵਿਚਾਰ ਰੱਖੇ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬਿੱਕਰ ਸਿੰਘ ਕੋਟਲਾ ਸਮਸ਼ਪੁਰ ਪ੍ਰਧਾਨ ਬਲਾਕ ਮਾਛੀਵਾੜਾ, ਜੀਵਨ ਸਿੰਘ ਸਕੱਤਰ ਬਲਾਕ ਸਮਰਾਲਾ, ਸੂਬੇਦਾਰ ਹਰਜੀਤ ਸਿੰਘ ਖਜ਼ਾਨਚੀ ਕਟਾਣਾ ਸਾਹਿਬ, ਰਾਜਿੰਦਰ ਸਿੰਘ ਬਗਲੀ ਕਲਾਂ, ਜੁਗਰਾਜ ਸਿੰਘ, ਪ੍ਰੇਮ ਸਿੰਘ ਗੋਸਲਾ, ਰਾਜਵੀਰ ਸਿੰਘ, ਮੁਖਮਿੰਦਰ ਸਿੰਘ, ਗੁਰਚਰਨ ਸਿੰਘ, ਹੁਸ਼ਿਆਰ ਸਿੰਘ ਬੰਬ, ਮਨਜਿੰਦਰ ਸਿੰਘ ਮੱਲ ਮਾਜਰਾ, ਹਰਿੰਦਰ ਸਿੰਘ ਮੱਲ ਮਾਜਰਾ, ਅਮਰਜੀਤ ਸਿੰਘ ਟੋਡਰਪੁਰ, ਜੀਤ ਸਿੰਘ ਟੋਡਰਪੁਰ, ਗੁਰਮੀਤ ਸਿੰਘ, ਜੀਵਨ ਸਿੰਘ ਮੱਲ ਮਾਜਰਾ, ਗਿਆਨ ਸਿੰਘ ਦਿਆਲਪੁਰਾ, ਗੁਰਦੀਪ ਸਿੰਘ ਬੰਬ ਆਦਿ ਤੋਂ ਇਲਾਵਾ ਹੋਰ ਵੀ ਯੂਨੀਅਨ ਦੇ ਵਰਕਰ ਹਾਜ਼ਰ ਸਨ।

## ਜ਼ਿਲ੍ਹਾ ਪ੍ਰਧਾਨ ਦੇ ਨਾਂਅ 'ਤੇ ਜਾਲ੍ਹੀ ਲੈਟਰਪੈਡ ਬਣਾ ਕੇ ਦੇਣ ਵਾਲਿਆਂ ਨੂੰ ਚਿਤਾਵਨੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਜ਼ਿਲ੍ਹਾ ਫਿਰੋਜ਼ਪੁਰ) ਗੁਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਕੁਝ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋ ਮੇਰੇ ਨਾਮ ਗੁਰਚਰਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਫਿਰੋਜ਼ਪੁਰ ਦਾ ਲੈਟਰ ਪੈਡ ਬਣਾ ਕੇ ਤੇ ਜਾਲ੍ਹੀ ਪਾਰਟੀ ਦਾ ਸ਼ਨਾਖਤੀ ਕਾਰਡ ਬਣਾ ਕੇ ਬਾਹਰਲੇ ਦੇਸ਼ਾਂ ਵਿੱਚ ਗਏ ਨੌਜਵਾਨਾਂ ਨੂੰ ਪੀ ਆਰ ਦਿਵਾਉਣ ਲਈ ਦੇ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਠੱਗੀਆਂ ਮਾਰੀਆਂ ਜਾ ਰਹੀਆਂ ਹਨ।ਮੈਨੂੰ ਉਸ ਟਾਈਮ ਪਤਾ ਲੱਗਾ ਜਦੋਂ ਮੈਨੂੰ ਬਾਹਰਲੇ ਦੇਸ਼ ਵਿੱਚੋਂ ਮੇਰੇ ਨਾਮ ਦਾ ਲੈਟਰ ਪੈਡ ਦੀ ਕਿਸੇ ਵਿਅਕਤੀ ਨੇ ਕਾਪੀ ਭੇਜੀ ਕਿ ਮੈਨੂੰ ਵੀ ਇਸ ਤਰ੍ਹਾਂ ਲੈਟਰਪੈਡ 'ਤੇ ਲਿਖ ਕੇ ਦਿਉ ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਸੇ ਵੀ ਜ਼ਿਲ੍ਹਾ ਪ੍ਰਧਾਨ ਨੂੰ ਲੈਟਰ ਦੇਣ ਦੀ ਇਜਾਜ਼ਤ ਨਹੀ ਦਿੱਤੀ। ਮੈਂ ਅੱਜ ਤੱਕ ਆਪਣਾ ਲੈਟਰ ਪੈਡ ਨਹੀਂ ਛਪਵਾਇਆ ਫਿਰ ਇਹ ਕੌਣ ਲੋਕ ਹਨ, ਜੋ ਮੇਰੇ ਨਾਮ 'ਤੇ ਜਾਲ੍ਹੀ ਲੈਟਰਪੈਡ ਦੇ ਕੇ ਲੋਕਾਂ ਨਾਲ ਠੱਗੀਆਂ ਮਾਰ ਰਹੇ ਹਨ।ਮੇਰੀ ਉਨ੍ਹਾਂ ਲੋਕਾਂ ਨੂੰ ਸਖ਼ਤ ਸ਼ਬਦਾਂ ਵਿੱਚ ਚਿਤਾਵਨੀ ਹੈ ਕਿ ਇਨ੍ਹਾਂ ਹਰਕਤਾਂ ਤੋਂ ਬਾਜ ਆਉਣ ਨਹੀਂ ਤੇ ਜਦੋਂ ਇਨ੍ਹਾਂ ਲੋਕਾਂ ਦੀ ਸ਼ਨਾਖਤ ਹੋ ਗਈ ਤਾਂ ਬਾਈ ਨੇਮ ਇਨ੍ਹਾਂ ਲੋਕਾਂ ਤੇ ਜਾਲ੍ਹੀ ਲੈਟਰਪੈਡ ਛਾਪਣ ਵਾਲਿਆਂ, ਜਾਲ੍ਹੀ ਮੋਹਰ ਬਣਾਉਣ ਵਾਲਿਆਂ ਤੇ ਮੇਰੇ ਜਾਲ੍ਹੀ ਸਾਈਨ ਕਰਨ ਵਾਲਿਆਂ, ਜਾਲ੍ਹੀ ਲੈਟਰਪੈਡ ਬਣਾ ਕੇ ਦੇਣ ਤੇ ਲੈਣ ਵਾਲਿਆਂ 'ਤੇ ਪਰਚਾ ਦਰਜ ਕਰਵਾਇਆ ਜਾਵੇਗਾ।

# ਮੰਨੀਆਂ ਮੰਗਾਂ ਲਾਗੂ ਨਾ ਹੋਣ 'ਤੇ ਸਾਂਝੇ ਫੋਰਮ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ



**ਸਮਰਾਲਾ (ਸੁਰਜੀਤ ਸਿੰਘ)**-ਬੀਤੇ ਦਿਨ ਸ੍ਰੀ ਰਤਨ ਸਿੰਘ ਮਜਾਰੀ ਦੀ ਪ੍ਰਧਾਨਗੀ ਹੇਠ ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੀ ਮੀਟਿੰਗ ਹੋਈ।ਸਾਂਝੇ ਫੋਰਮ ਵਿੱਚ ਸ਼ਾਮਲ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਰਜਿ:, ਇੰਪਲਾਈਜ਼ ਫੈਡਰੇਸ਼ਨ ਪੀ.ਐੱਸ.ਈ.ਬੀ. (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਥਰਮਲਜ਼ ਇੰਪਲਾਈਜ਼ ਕੋ-ਆਰਡੀਨੇਸ਼ਨ ਕਮੇਟੀ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਤੇ ਸਬ ਸਟੇਸ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਸਰਬਸਾਥੀ ਕਰਮ ਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਕੁਲਵਿੰਦਰ ਸਿੰਘ ਢਿੱਲੋਂ, ਜਗਜੀਤ ਸਿੰਘ ਕੰਡਾ, ਗੁਰਪਿਆਰ ਸਿੰਘ, ਸੁਖਵਿੰਦਰ ਸਿੰਘ ਚਾਹਲ, ਜਰਨੈਲ ਸਿੰਘ ਔਲਖ, ਰਘਬੀਰ ਸਿੰਘ, ਇੰਦਰਜੀਤ ਸਿੰਘ ਢਿੱਲੋਂ, ਲਖਵਿੰਦਰ ਸਿੰਘ, ਸਰਬਜੀਤ ਸਿੰਘ ਭਾਣਾ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਦੁੱਮਣਾ, ਬਲਜਿੰਦਰ ਸ਼ਰਮਾ, ਤੇਜਿੰਦਰ ਸਿੰਘ ਆਦਿ ਨੇ ਦੱਸਿਆ ਕਿ ਪਾਵਰ ਮੈਨੇਜਮੈਂਟ ਮੀਟਿੰਗਾਂ ਵਿੱਚ ਹੋਈਆਂ ਸਹਿਮਤੀਆਂ ਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲ ਮਟੋਲ ਕਰ ਰਹੀ ਹੈ, ਮੰਨੀਆਂ ਹੋਈਆਂ ਮੰਗਾਂ ਲਾਗੂ ਕਰਨ ਦੀ ਬਜਾਏ ਟਕਰਾਅ ਦੀ ਨੀਤੀ ਅਪਣ ਰਹੀ ਹੈ, ਜਿਸ ਕਰਕੇ ਬਿਜਲੀ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਆਗੂਆਂ ਨੇ ਦੱਸਿਆ ਕਿ ਸਾਂਝੇ ਫੋਰਮ ਦੇ ਸੱਦੇ 'ਤੇ ਇਨ੍ਹਾਂ ਮੰਗਾਂ ਨੂੰ ਲੈ ਕੇ ਬੀਤੀ 5 ਦਸੰਬਰ 23 ਨੂੰ ਬਿਜਲੀ ਕਾਮਿਆਂ ਵੱਲੋਂ ਸਫ਼ਲ ਹੜਤਾਲ ਕੀਤੀ ਗਈ ਸੀ, ਹੁਣ ਅਗਲੇ ਸੰਘਰਸ਼ ਦੀ ਕੜੀ ਵਜੋਂ ਬਿਜਲੀ ਮੁਲਾਜ਼ਮਾਂ ਵੱਲੋਂ 18 ਤੋਂ 25 ਜਨਵਰੀ 24 ਤੱਕ ਪੰਜਾਬ ਦੇ ਸਾਰੇ ਮੰਤਰੀਆਂ ਤੇ ਵਿਧਾਇਕਾਂ ਨੂੰ ਮੈਮੋਰੰਡਮ ਸੌਂਪੇ ਜਾਣਗੇ, 29 ਜਨਵਰੀ ਤੋਂ 5 ਫਰਵਰੀ 24 ਤੱਕ ਫੀਲਡ ਦੌਰੇ ਦੌਰਾਨ ਬਿਜਲੀ ਮੰਤਰੀ ਤੇ ਸਾਰੇ ਡਾਇਰੈਕਟਰਾਂ ਵਿਰੁੱਧ ਕਾਲੇ ਝੰਡੇ ਦਿਖਾਏ ਜਾਣਗੇ, 30 ਜਨਵਰੀ 24 ਨੂੰ ਸਮੁੱਚੇ ਪੰਜਾਬ ਵਿੱਚ ਮੰਡਲ/ਉੱਪ ਮੰਡਲ ਦਫ਼ਤਰਾਂ ਅੱਗੇ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ, 6 ਫਰਵਰੀ 24 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਅੰਮ੍ਰਿਤਸਰ ਵਿੱਚ ਵਿਸ਼ਾਲ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ ਤੇ ਫਰਵਰੀ ਮਹੀਨੇ ਦੇ ਤੀਸਰੇ ਹਫ਼ਤੇ ਵਿੱਚ ਵੱਡੇ ਸੰਘਰਸ਼ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇਗਾ।

# ਦੁਕਾਨਦਾਰ ਤੋਂ ਲੁਟੇਰੇ 2 ਲੱਖ ਰੁਪਏ ਲੁੱਟ ਕੇ ਫਰਾਰ


ਜਾਣਕਾਰੀ ਦਿੰਦਾ ਦੁਕਾਨਦਾਰ

**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਬਸੰਤਪੁਰਾ ਮੁਹੱਲਾ ਵਿਖੇ ਬੀਤੀ ਰਾਤ 10 ਵਜੇ ਦੇ ਕਰੀਬ ਇੱਕ ਦੁਕਾਨਦਾਰ ਕੋਲੋਂ ਐਕਟਿਵਾ ਸਮੇਤ 2 ਲੱਖ ਰੁਪਿਆ ਲੁੱਟ ਦਾ ਮਾਮਲਾ ਸਾਹਮਣੇ ਆਇਆ ਹੈ। ਦੁਕਾਨਦਾਰ ਮੁਤਾਬਕ ਦੋ ਮੋਟਰਸਾਈਕਲ 'ਤੇ ਸਵਾਰ ਚਾਰ ਲੁਟੇਰਿਆਂ ਨੇ ਆਪਣੀ ਮਾਤਾ ਨਾਲ ਦੁਕਾਨ ਤੋਂ ਘਰ ਜਾ ਰਹੇ ਦੁਕਾਨਦਾਰ ਦੀ ਐਕਟਿਵਾ ਵਿੱਚ ਟੱਕਰ ਮਾਰੀ, ਟੱਕਰ ਮਾਰਨ ਤੋਂ ਬਾਅਦ ਚਾਰ ਲੁਟੇਰਿਆਂ ਵਿੱਚੋਂ ਇੱਕ ਲੁਟੇਰਾ ਪੀਲੇ ਰੰਗ ਦੀ ਜੂਪੀਟਰ ਲੈ ਕੇ ਫਰਾਰ ਹੋ ਗਿਆ, ਜਿਸ ਵਿੱਚ 2 ਲੱਖ ਦੇ ਕਰੀਬ ਦੁਕਾਨ ਦੀ ਰਕਮ ਸੀ। ਇਹ ਸਾਰੀ ਘਟਨਾ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ। ਉਸ ਤੋਂ ਅਗਲੀ ਮੰਗਲਵਾਰ ਰਾਤ ਇੱਕ ਹੋਰ ਘਟਨਾ ਵਿੱਚ ਬਸੰਤਪੁਰਾ ਮੁਹੱਲਾ ਦੇ ਜੱਟਾਂ ਵਾਲਾ ਬਾਂਸ ਚੋਰਾਂ ਵੱਲੋਂ ਰੈਡੀਮੇਡ ਕੱਪੜੇ ਦੀ ਦੁਕਾਨ ਦੇ ਬਾਹਰ ਲੱਗੇ ਜਿੰਦੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਵੀ ਸੀਸੀਟੀਵੀ ਵਿੱਚ ਕੈਦ ਹੋ ਗਈ। ਲਗਾਤਾਰ ਦੋ ਰਾਤਾਂ ਨਾਕਾਮ ਰਹਿਣ ਤੋਂ ਬਾਅਦ ਚੋਰਾਂ ਵੱਲੋਂ ਬੁੱਧਵਾਰ ਰਾਤ ਨੂੰ ਦੁਕਾਨਦਾਰ ਨੂੰ ਲੁੱਟਣ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਲਾਕੇ ਵਿੱਚ ਲਗਾਤਾਰ ਲੁੱਟ ਦੀਆਂ ਵਾਰਦਾਤਾਂ ਨੂੰ ਲੈ ਕੇ ਪੁਲਸ ਉੱਪਰ ਵੱਡੇ ਸਵਾਲ ਖੜੇ ਹੋ ਰਹੇ ਹਨ। ਫੋਨ 'ਤੇ ਥਾਣਾ ਕੋਤਵਾਲੀ ਨਾਭਾ ਦੇ ਇੰਚਾਰਜ ਗੁਰਪ੍ਰੀਤ ਸਿੰਘ ਸਮਰਾਓ ਮੁਤਾਬਿਕ ਪੁਲਸ ਜ਼ਖ਼ਮੀ ਦੁਕਾਨਦਾਰ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਗੰਭੀਰਤਾ ਨਾਲ ਤਫਤੀਸ਼ ਕਰ ਰਹੀ ਹੈ। ਲਗਾਤਾਰ ਹੋ ਰਹੀਆਂ ਵਾਰਦਾਤਾਂ ਦੇ ਮੱਦੇਨਜ਼ਰ ਸ਼ਹਿਰ ਅੰਦਰ ਚੌਕਸੀ ਵਧਾਈ ਜਾ ਰਹੀ ਤਾਂ ਜੋ ਅੱਗੇ ਤੋਂ ਹੋਰ ਕੋਈ ਅਜਿਹੀ ਘਟਨਾ ਨਾ ਵਾਪਰੇ। ਨਾਭਾ ਦੇ ਲੋਕ ਦਹਿਸ਼ਤ ਵਿੱਚ ਹਨ ਤੇ ਪੁਲਸ ਦੇ ਉੱਚ ਅਧਿਕਾਰੀਆਂ ਕੋਲੋਂ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਦੀ ਮੰਗ ਕਰ ਰਹੇ ਹਨ। ਸਿਵਲ ਹਸਪਤਾਲ ਨਾਭਾ ਵਿਖੇ ਜ਼ੇਰੇ ਇਲਾਜ ਜ਼ਖ਼ਮੀ ਦੁਕਾਨਦਾਰ ਅੱਛਰੂ ਕੁਮਾਰ ਤੇ ਉਨ੍ਹਾਂ ਦੀ ਮਾਤਾ ਨੇ ਕਿਹਾ ਕਿ ਬੀਤੀ ਰਾਤ ਜਦੋਂ ਉਹ ਦੁਕਾਨ ਤੋਂ ਆਪਣੇ ਘਰ ਜਾ ਰਹੇ ਸਨ ਤਾਂ ਪਿੱਛੋਂ ਆ ਰਹੇ ਮੋਟਰਸਾਈਕਲ 'ਤੇ ਸਵਾਰ ਲੁਟੇਰਿਆਂ ਵੱਲੋਂ ਉਨ੍ਹਾਂ ਉੱਪਰ ਹਮਲਾ ਕਰਕੇ ਐਕਟਿਵਾ ਸਮੇਤ 2 ਲੱਖ ਰੁਪਿਆ ਲੁੱਟ ਕੇ ਲੈ ਗਏ। ਉਨ੍ਹਾਂ ਕਿਹਾ ਕਿ ਨਾਭਾ ਵਿਖੇ ਲਗਾਤਾਰ ਵਾਰਦਾਤਾਂ ਨਾਲ ਲੋਕ ਗਹਿਰੇ ਸਦਮੇ ਵਿੱਚ ਹਨ, ਜਿਸ ਦਾ ਸਭ ਤੋਂ ਵੱਡਾ ਸ਼ਿਕਾਰ ਦੁਕਾਨਦਾਰ ਹੋ ਰਹੇ ਹਨ।

# ਮੁੱਖ ਮੰਤਰੀ ਮਾਨ ਦੀ ਵਿਕਾਸਮਈ ਸੋਚ ਸਦਕਾ ਪੰਜਾਬ ਤਰੱਕੀ ਦੇ ਰਾਹ : ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਆਮ ਲੋਕ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਤੋਂ ਖੁਸ਼ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਾਘਾ ਪੁਰਾਣਾ ਦੇ ਐੱਮ.ਐੱਲ.ਏ. ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਸਥਾਨਕ ਸ਼ਹਿਰ ਦੇ ਨਿਹਾਲ ਸਿੰਘ ਵਾਲਾ ਰੋਡ ਉੱਪਰ ਸਥਿਤ ਜੰਤਾ ਧਰਮਸ਼ਾਲਾ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡਣ ਸਮੇਂ ਕੀਤਾ। ਇਸ ਮੌਕੇ ਬਾਲ ਵਿਕਾਸ ਪ੍ਰਾਜੈਕਟ ਵੱਲੋਂ ਅੰਜੂ ਸਿੰਗਲਾ ਸੀਡੀਪੀਓ, ਗੁਰਜੀਤ ਕੌਰ ਸੀਡੀਪੀਓ, ਸੁਖਦੇਵ ਸਿੰਘ ਪਟਵਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਐੱਮ.ਐੱਲ.ਏ. ਨੇ ਕਿਹਾ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਿਕਾਸਮਈ ਸੋਚ ਸਦਕਾ ਪੰਜਾਬ ਤਰੱਕੀ ਦੇ ਰਸਤੇ 'ਤੇ ਚੱਲ ਰਿਹਾ ਹੈ ਤੇ ਪੰਜਾਬ ਵਾਸੀਆਂ ਨਾਲ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਗਏ ਚੋਣ ਵਾਅਦੇ ਲਗਾਤਾਰ ਪੂਰੇ ਕੀਤੇ ਜਾ ਰਹੇ ਹਨ, ਜਿਸ ਸਦਕਾ ਹੀ ਅੱਜ ਉਨ੍ਹਾਂ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਹਨ। ਉਨ੍ਹਾ ਕਿਹਾ ਕਿ ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਯੋਜਨਾ ਅਧੀਨ ਵਿਸ਼ੇਸ਼ ਸਿਖਲਾਈ ਪ੍ਰਾਪਤ ਮੁਲਾਜ਼ਮਾਂ ਵੱਲੋਂ ਘਰ-ਘਰ ਤੱਕ ਪਹੁੰਚ ਕਰ ਕੇ ਲੋਕਾਂ ਨੂੰ ਜਨਮ, ਵਿਆਹ, ਮੌਤ, ਆਮਦਨ, ਰਿਹਾਇਸ਼, ਜਾਤੀ, ਪੇਂਡੂ ਖੇਤਰ, ਸਰਹੱਦੀ ਖੇਤਰ, ਪੱਛੜੇ ਖੇਤਰ, ਪੈਨਸ਼ਨ, ਸ਼ਗਨ ਸਕੀਮ, ਅਪੰਗਤਾ ਸਰਟੀਫ਼ਿਕੇਟ, ਬਿਜਲੀ ਬਿੱਲ ਤੇ ਜ਼ਮੀਨ ਦੀ ਹੱਦਬੰਦੀ ਸਮੇਤ 43 ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਤੇ ਦਿੱਲੀ ਤੋਂ ਬਾਅਦ ਸੂਬਾ ਵਾਸੀਆਂ ਨੂੰ ਇਹ ਯੋਜਨਾ ਪ੍ਰਦਾਨ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ ਹੈ, ਜੋ ਕਿ ਪੂਰੇ ਪੰਜਾਬੀਆਂ ਲਈ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੁੱਖ ਮੰਤਵ ਪੰਜਾਬ ਵਾਸੀਆਂ ਨੂੰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਪ੍ਰਦਾਨ ਕਰਨਾ ਹੈ। ਪੰਜਾਬ ਸਰਕਾਰ ਵੱਲੋਂ ਬਿਜਲੀ ਦੇ ਖਰੀਦੇ ਗਏ ਥਰਮਲ ਪਲਾਂਟ 'ਤੇ ਗੱਲ ਕਰਦਿਆਂ ਵਿਧਾਇਕ ਨੇ ਕਿਹਾ ਕਿ ਹਾਲ ਹੀ ਵਿੱਚ ਸਰਕਾਰ ਵੱਲੋਂ ਜਿਹੜਾ ਬਿਜਲੀ ਦਾ ਥਰਮਲ ਪਲਾਂਟ ਖ਼ਰੀਦਿਆ ਗਿਆ ਹੈ, ਉਹ ਲੋਕਾਂ ਲਈ ਬਹੁਤ ਵੱਡੀ ਸਹੂਲਤ ਹੈ ਤੇ ਪੰਜਾਬ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ, ਇਸ ਨਾਲ ਪੰਜਾਬ ਵਿੱਚ ਬਿਜਲੀ ਹੋਰ ਸਸਤੀ ਹੋਵੇਗੀ। ਅੰਤ ਵਿੱਚ ਉਨ੍ਹਾ ਕਿਹਾ ਕਿ ਬਾਘਾ ਪੁਰਾਣਾ ਹਲਕੇ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਮਾ: ਕਪਤਾਨ ਸਿੰਘ, ਅੰਜੂ, ਗੁਰਪ੍ਰੀਤ ਮਨਚੰਦਾ ਸ਼ਹਿਰੀ ਪ੍ਰਧਾਨ, ਰਣਜੀਤ ਸਿੰਘ ਟੀਟੂ, ਸੋਨੀ ਧਾਲੀਵਾਲ, ਬਲਾਕ ਪ੍ਰਧਾਨ ਗਗਨ ਚੱਢਾ, ਧਰਮਿੰਦਰ ਸਿੰਘ ਰੱਖਰਾ, ਮੁਖਤਿਆਰ ਸਿੰਘ, ਬਲਾਕ ਪ੍ਰਧਾਨ ਗੌਰਵ ਖੁਰਾਣਾ ਤੇ ਹੋਰ ਹਾਜ਼ਰ ਸਨ।

## ਕਾਤਰਾਂ

### ਡੇਅਰੀ ਸਿਖਲਾਈ ਕੋਰਸ 15 ਤੋਂ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡੇਅਰੀ ਵਿਕਾਸ ਵਿਭਾਗ ਵੱਲੋਂ ਖੇਤੀ ਵਿਭਿੰਨਤਾ ਲਿਆਉਣ ਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਡੇਅਰੀ ਉਦਮ ਸਿਖਲਾਈ ਕੋਰਸ ਦਾ ਤੀਜਾ ਬੈਚ 15 ਜਨਵਰੀ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸਿਖਿਆਰਥੀਆਂ ਨੂੰ ਡੇਅਰੀ ਦੇ ਧੰਦੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ ਸਿਖਲਾਈ ਦਿੱਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਦਲਬੀਰ ਕੁਮਾਰ ਨੇ ਦੱਸਿਆ ਕਿ ਇਸ ਸਿਖਲਾਈ ਕੋਰਸ ਲਈ ਉਮੀਦਵਾਰਾਂ ਦੀ ਚੋਣ ਕਰਨ ਵਾਸਤੇ 9 ਜਨਵਰੀ ਨੂੰ ਡੇਅਰੀ ਸਿਖਲਾਈ ਕੇਂਦਰ ਬੀਜਾ ਅਤੇ ਚਤਾਮਲੀ ਵਿਖੇ ਕਾਊਂਸਲਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਨੌਜਵਾਨ ਡੇਅਰੀ ਸਿਖਲਾਈ ਕੇਂਦਰ ਬੀਜਾ ਅਤੇ ਚਤਾਮਲੀ ਵਿਖੇ ਇਹ ਟਰੇਨਿੰਗ ਹਾਸਲ ਕਰ ਸਕਦੇ ਹਨ। ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਸਿਖਲਾਈ ਲੈਣ ਦਾ ਚਾਹਵਾਨ ਨੌਜਵਾਨ ਪੇਂਡੂ ਖੇਤਰ ਦਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਉਸ ਦੀ ਵਿੱਦਿਅਕ ਯੋਗਤਾ ਘੱਟੋ ਘੱਟ 10ਵੀਂ ਪਾਸ ਹੋਣੀ ਚਾਹੀਦੀ ਹੈ। ਸਿਖਲਾਈ ਹਾਸਲ ਕਰਨ ਵਾਲੇ ਨੌਜਵਾਨ ਦੀ ਉਮਰ 18 ਸਾਲ ਤੋਂ 55 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਉਸ ਕੋਲ 5 ਦੁਧਾਰੂ ਪਸ਼ੂ ਹੋਣੇ ਚਾਹੀਦੇ ਹਨ।

### ਅਮਨ ਰੋਜਰ ਰਾਸ਼ਟਰੀ ਛਾਤਰ ਕਿਸਾਨ ਸੰਗਠਨ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਾਸ਼ਟਰੀ ਛਾਤਰ ਕਿਸਾਨ ਸਗੰਠਨ ਵਲੋਂ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਪਿੰਡ ਭਾਗਸਰ ਦੇ ਰਹਿਣ ਵਾਲੇ ਨੌਜਵਾਨ ਅਮਨ ਰੋਜਰ ਨੂੰ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਕੌਮੀ ਪ੍ਰਧਾਨ ਅਖਿਲੇਸ਼ ਸਿੰਘ ਲੋਧੀ, ਕੌਮੀ ਕਨਵੀਨਰ ਲੋਧੀ ਸ਼ੀਤਲ ਕੌਰ ਪਠਾਰੀਆ ਅਤੇ ਪੰਜਾਬ ਪ੍ਰਦੇਸ਼ ਯੂਥ ਪ੍ਰਧਾਨ ਗੁਰਨਾਮ ਸਿੰਘ ਸੰਧੂ ਵਲੋਂ ਕੀਤੀ ਗਈ ਹੈ। ਅਮਨ ਰੋਜਰ ਨੇ ਆਪਣੀ ਨਿਯੁਕਤੀ ਤੇ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਜਥੇਬੰਦੀ ਦਾ ਹਮੇਸ਼ਾ ਲਈ ਰਿਣੀ ਰਹੇਗਾ ਅਤੇ ਜਥੇਬੰਦੀ ਦਾ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿਚ ਹੋਰ ਵਿਸਥਾਰ ਕੀਤਾ ਜਾਵੇਗਾ।

### ਸਮਾਰਟ ਸਟੋਰ ਦੇ ਸਾਬਕਾ ਕਰਮਚਾਰੀ ਵਿਰੁੱਧ ਚੋਰੀ ਦਾ ਮਾਮਲਾ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਸਮਾਰਟ ਸਟੋਰ 'ਚ ਕੰਮ ਕਰ ਚੁੱਕੇ ਵਿਅਕਤੀ ਵਿਰੁੱਧ ਪੁਲਸ ਵੱਲੋਂ ਚੋਰੀ ਦਾ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਅਜੈਪਾਲ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਅਕਾਸ਼ ਵਾਸੀ ਜ਼ਿਲ੍ਹਾ ਮੇਰਠ (ਯੂ.ਪੀ.) ਸਰਹਿੰਦ ਵਿਖੇ ਸਮਾਰਟ ਸਟੋਰ 'ਚ ਜੀਓ ਮਾਰਟ ਦੇ ਆਰਡਰ ਪੈਕ ਕਰਨ ਦਾ ਕੰਮ ਕਰਦਾ ਸੀ, ਜੋ 5/6/23 ਨੂੰ ਨੌਕਰੀ ਤੋਂ ਅਸਤੀਫ਼ਾ ਦੇ ਕੇ ਚਲਾ ਗਿਆ, ਜਿਸ ਤੋਂ ਬਾਅਦ ਸਟੋਰ ਦੇ ਕੈਮਰੇ ਚੈੱਕ ਕਰਨ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਅਕਾਸ਼ ਬਿਨਾਂ ਬਿੱਲ ਤੋਂ ਸਟੋਰ ਦਾ ਸਮਾਨ ਲਿਫਟ ਰਾਹੀਂ ਬੇਸਮੈਂਟ 'ਚ ਲੈ ਜਾਂਦਾ ਸੀ ਤੇ ਉਹ ਚੋਰੀ ਕੀਤਾ ਸਮਾਨ ਬੇਸਮੈਂਟ ਜੋ ਵਾਹਨਾਂ ਦੀ ਪਾਰਕਿੰਗ ਲਈ ਵਰਤੀ ਜਾਂਦੀ ਹੈ, 'ਚ ਛੁਪਾ ਦਿੰਦਾ ਸੀ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅਕਾਸ਼ ਵਿਰੁੱਧ ਅ/ਧ 454,381 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਵਾ ਕੇ ਸਰਹਿੰਦ ਮੰਡੀ ਚੌਕੀ ਦੇ ਸਹਾਇਕ ਥਾਣੇਦਾਰ ਮਨਜੀਤ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਆਮ ਆਦਮੀ ਕਲੀਨਿਕ ਬਣੇ ਵਰਦਾਨ : ਡਾ. ਸੇਨੂ ਦੁੱਗਲ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹੇ ਵਿੱਚ ਸਾਲ 2023 ਵਿੱਚ ਬਣੇ ਆਮ ਆਦਮੀ ਕਲੀਨਿਕ ਲੋਕਾਂ ਨੂੰ ਚੰਗੀ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ ਤੇ ਆਮ ਆਦਮੀ ਕਲੀਨਿਕ ਸਰਕਾਰ ਦੀਆਂ ਉਮੀਦਾਂ 'ਤੇ ਖਰ੍ਹੇ ਉਤਰ ਰਹੇ ਹਨ। ਕਲੀਨਿਕ ਵਿਖੇ ਡਾਕਟਰੀ ਸਲਾਹ ਦੇ ਨਾਲ-ਨਾਲ ਟੈਸਟ ਆਦਿ ਮੁਫ਼ਤ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਆਮ ਆਦਮੀ ਕਲੀਨਿਕ ਦੀ ਸਾਲਾਨਾ ਕਾਰਗੁਜ਼ਾਰੀ ਦਾ ਅੰਕੜਾ ਜਾਰੀ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਸਾਲ 2023 ਵਿੱਚ ਕੁੱਲ 23 ਆਮ ਆਦਮੀ ਕਲੀਨਿਕ ਖੋਲ੍ਹੇ ਗਏ। ਉਨ੍ਹਾਂ ਸਿਹਤ ਵਿਭਾਗ ਦੇ ਸਟਾਫ਼ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਰਕਾਰ ਨੇ ਜਿਸ ਮਕਸਦ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਸਨ, ਉਸ ਨੂੰ ਪੂਰਾ ਕਰਨ 'ਚ ਕਾਮਯਾਬ ਹੋਈ ਹੈ, ਜਿੱਥੇ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਚੰਗੀ ਸਿਹਤ ਸਹੂਲਤ ਦੇ ਨਾਲ-ਨਾਲ ਮੁਫ਼ਤ ਦਵਾਈਆਂ ਅਤੇ ਟੈਸਟਿੰਗ ਦੀ ਸਹੂਲਤ ਵੀ ਮਿਲ ਰਹੀ ਹੈ।

# ਵਾਰਡ ਨੰਬਰ 93 'ਚ ਸੜਕ ਨਿਰਮਾਣ ਕਾਰਜਾਂ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਹਲਕੇ ਦੇ ਵਸਨੀਕਾਂ ਨੂੰ ਸੁਚਾਰੂ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦੇ ਮੰਤਵ ਨਾਲ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਉੱਤਰੀ ਦੇ ਵਾਰਡ ਨੰਬਰ 93 ਅਧੀਨ ਨਿਊ ਰਘੂਵੀਰ ਪਾਰਕ ਵਿਖੇ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਇਲਾਕਾ ਨਿਵਾਸੀਆਂ ਦੀ ਹਾਜ਼ਰੀ ਵਿੱਚ ਕੀਤਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਕਾਸ ਲਈ 24 ਘੰਟੇ ਉਨ੍ਹਾਂ ਦੀ ਟੀਮ ਨਾਲ ਸੰਪਰਕ ਕਰਕੇ ਲਿਖਤੀ ਜਾਂ ਫ਼ੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਆਪਣੇ ਚੋਣ ਵਾਅਦੇ ਨੂੰ ਯਾਦ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਸ਼ਿਕਾਇਤਾਂ ਦਾ ਇੰਤਜ਼ਾਰ ਕੀਤੇ ਬਿਨ੍ਹਾਂ ਹੀ ਵਿਧਾਇਕ ਜਨਤਾ ਦੇ ਦੁਆਰ ਪ੍ਰੋਗਰਾਮ ਤਹਿਤ ਬਿਨਾਂ ਕਿਸੇ ਸ਼ਿਕਾਇਤ ਦੇ ਆਪਣੇ ਤੌਰ 'ਤੇ ਨੋਟਿਸ ਲੈ ਕੇ ਹਰ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵਿਧਾਇਕ ਬੱਗਾ ਨੇ ਕਿਹਾ ਕਿ ਪਿਛਲੀਆਂ ਚੋਣਾਂ ਵਿੱਚ ਜਨਤਾ ਨੇ ਝਾੜੂ ਦਾ ਬਟਨ ਦਬਾ ਕੇ ਉਨ੍ਹਾਂ ਨੂੰ ਵਿਧਾਇਕ ਬਣਾਇਆ ਤੇ ਉਹ ਹਰ ਰੋਜ਼ ਵਿਕਾਸ ਦੇ ਅਨੇਕਾਂ ਬਟਨ ਦਬਾ ਕੇ ਜਨਤਾ ਵੱਲੋਂ ਦਿੱਤੇ ਪਿਆਰ ਦਾ ਮੁੱਲ ਮੋੜ ਰਹੇ ਹਨ।

# ਹਿੱਟ ਐਂਡ ਰਨ ਕਨੂੰਨ ਕੇਂਦਰ ਜਲਦ ਵਾਪਸ ਲਵੇ : ਗਿੱਲ, ਮਸੀਤਾਂ, ਬਹਿਰਾਮਕੇ



**ਕੋਟ ਈਸੇ ਖਾਂ (ਅਰੋੜਾ)**-ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਲਾਕ ਕੋਟ ਈਸੇ ਖਾਂ ਦੀ ਮਹਿਨਾਵਾਰ ਮੀਟਿੰਗ ਬਲਾਕ ਪ੍ਰਧਾਨ ਕਾਰਜ ਸਿੰਘ ਮਸੀਤਾਂ ਦੀ ਪ੍ਰਧਾਨਗੀ ਹੇਠ ਹੋਈ ਗੁਰਦੁਆਰਾ ਛਾਉਣੀ ਨਿਹੰਗ ਸਿੰਘਾਂ ਵਿਖੇ ਹੋਈ। ਮੀਟਿੰਗ ਵਿੱਚ ਪੰਜਾਬ ਦੇ ਕੌਮੀ ਜਨਰਲ ਸਕੱਤਰ ਸੁੱਖ ਗਿੱਲ ਤੋਤਾ ਸਿੰਘ ਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਕਾਰਵਾਈ ਗੁਰਪ੍ਰਤਾਪ ਸਿੰਘ ਮੁੱਖ ਬੁਲਾਰਾ ਤੇ ਬਖਸ਼ੀਸ਼ ਸਿੰਘ ਮੁੱਖ ਖ਼ਜ਼ਾਨਚੀ ਨੇ ਚਲਾਈ। ਸੁੱਖ ਗਿੱਲ ਮੋਗਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਿੱਟ ਐਂਡ ਰਨ ਡਰਾਈਵਰਾਂ 'ਤੇ ਕਾਲਾ ਕਾਨੂੰਨ ਥੋਪਿਆ ਹੈ, ਉਸ ਨੂੰ ਸਰਕਾਰ ਜਲਦ ਵਾਪਸ ਲਵੇ। ਨਹੀਂ ਤਾਂ ਸੂਬੇ ਦੀਆਂ ਜਿੰਨੀਆਂ ਵੀ ਕਿਸਾਨ ਯੂਨੀਅਨਾਂ ਹਨ, ਇਹ ਕਾਲਾ ਕਾਨੂੰਨ ਵਾਪਸ ਕਰਾਉਣ ਲਈ ਡਰਾਈਵਰ ਵੀਰਾਂ ਤੇ ਟਰੱਕ ਯੂਨੀਅਨਾਂ ਦੇ ਸੰਘਰਸ਼ ਵਿੱਚ ਡਟਵਾਂ ਸਾਥ ਦੇਣ ਗਈਆਂ। ਇਹ ਕਾਲਾ ਕਾਨੂੰਨ ਸਿਰਫ਼ ਟਰੱਕ ਡਰਾਈਵਰਾਂ ਜਾਂ ਬੱਸ ਡਰਾਈਵਰਾਂ ਲਈ ਨਹੀਂ ਹੈ, ਸਗੋਂ ਸਕੂਟਰ, ਮੋਟਰਸਾਈਕਲ ਤੇ ਹਰ ਤਰ੍ਹਾਂ ਦੀ ਗੱਡੀ ਚਲਾਉਣ ਵਾਲੇ ਡਰਾਈਵਰ ਦੇ ਵੀ ਖਿਲਾਫ਼ ਹੈ, ਇਸ ਕਰਕੇ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਅੱਜ ਡਰਾਈਵਰ ਵੀਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀਏ ਸੁੱਖ ਗਿੱਲ ਮੋਗਾ ਨੇ ਕਿਹਾ ਕਿ ਟਰੱਕ ਯੂਨੀਅਨਾਂ ਜਾਂ ਡਰਾਈਵਰ ਵੀਰ ਜਦ ਵੀ ਸੰਘਰਸ਼ ਲਈ ਸੱਦਾ ਦੇਣਗੇ, ਭਾਰਤੀ ਕਿਸਾਨ ਯੂਨੀਅਨ ਪੰਜਾਬ ਦਿਨ-ਰਾਤ ਇਨ੍ਹਾਂ ਦੀ ਹਮਾਇਤ ਕਰੇਗੀ। ਆਗੂਆਂ ਨੇ ਕਿਹਾ ਕਿ ਜੋ ਪੰਜਾਬ ਬਾਡੀ ਦੀ ਹਰ ਮਹੀਨੇ ਮੀਟਿੰਗ ਗੁਰਦੁਆਰਾ ਬਾਬਾ ਬਾਠਾ ਵਾਲਾ ਮੱਖੂ ਵਿਖੇ ਹੁੰਦੀ ਸੀ। ਇਸ ਵਾਰ ਇਹ ਮੀਟਿੰਗ 8 ਜਨਵਰੀ ਨੂੰ ਗੁਰਦੁਆਰਾ ਸਿੰਘ ਸਭਾ ਮਹਿਤਪੁਰ ਜ਼ਿਲ੍ਹਾ ਜਲੰਧਰ ਵਿਖੇ ਸਵੇਰੇ 11 ਵਜੇ ਹੋਵੇਗੀ ਅਤੇ 16 ਜਨਵਰੀ ਨੂੰ ਐਸ ਕੇ ਐਮ ਭਾਰਤ ਪੱਧਰ ਦੀ ਕਨਵੈਨਸ਼ਨ ਯਾਦਗਾਰੀ ਹਾਲ ਜਲੰਧਰ ਵਿਖੇ ਹੋਣ ਜਾ ਰਹੀ ਹੈ, ਜਿਸ ਵਿੱਚ ਹਰ ਜਥੇਬੰਦੀ ਦੇ ਆਗੂਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਮੌਕੇ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਵਿਰਕ, ਸੁਖਵਿੰਦਰ ਸਿੰਘ ਕਾਲਾ, ਸੁਖਦੇਵ ਸਿੰਘ ਸੰਧੂ, ਚੌਧਰੀ ਬਲਦੇਵ ਸਿੰਘ, ਜਗਸੀਰ ਸਿੰਘ, ਲਖਵਿੰਦਰ ਸਿੰਘ, ਸਾਦਕ ਸਿੰਘ, ਕੁਲਵਿੰਦਰ ਸਿੰਘ, ਜਰਨੈਲ ਸਿੰਘ, ਦਵਿੰਦਰ ਸਿੰਘ ਕੋਟ, ਬਲਬੀਰ ਸਿੰਘ, ਜੋਧ ਸਿੰਘ ਮਸੀਤਾਂ, ਮਹਿਲ ਸਿੰਘ, ਰਵੀ ਗੁਲਾਟੀ, ਰਾਮ ਸਿੰਘ ਜਾਨੀਆਂ, ਸੁਰਜੀਤ ਸਿੰਘ ਘਲੋਟੀ, ਅਵਤਾਰ ਸਿੰਘ, ਕੁਲਵੰਤ ਸਿੰਘ,ਜਰਮਲ ਸਿੰਘ,ਜਗੀਰ ਸਿੰਘ, ਗੁਰਚਰਨ ਸਿੰਘ, ਬੂਟਾ ਸਿੰਘ, ਦਰਸ਼ਨ ਬਾਵਾ ਜਾਨੀਆਂ, ਲਾਲਜੀਤ ਸਿੰਘ, ਸੁਰਜੀਤ ਸਿੰਘ ਖਾਲਸਤਾਨੀ ਹਾਜ਼ਰ ਸਨ।

## ਫੈਕਟਰੀ 'ਚੋਂ ਸਕਰੈਪ ਤੇ ਮੋਟਰ ਚੋਰੀ ਕਰਨ ਦੇ ਦੋਸ਼ ਹੇਠ ਦੋ ਨਾਮਜ਼ਦ, ਇੱਕ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਇੱਕ ਫੈਕਟਰੀ 'ਚ ਚੋਰੀ ਕਰਨ ਦੇ ਦੋਸ਼ ਹੇਠ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਨਕੁਲ ਬਿੰਬਰਾ ਵਾਸੀ ਸਰਹਿੰਦ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਸਰਹਿੰਦ ਦੇ ਚਾਵਲਾ ਚੌਕ ਨਜ਼ਦੀਕ ਸਥਿਤ ਉਨ੍ਹਾਂ ਦੀ ਫੈਕਟਰੀ 'ਚੋਂ 3 ਤੇ 4 ਜਨਵਰੀ ਦੀ ਦਰਮਿਆਨੀ ਰਾਤ ਨੂੰ ਉਨ੍ਹਾਂ ਦੇ ਇੱਕ ਵਰਕਰ ਨੇ ਫੋਨ ਕਰਕੇ ਦੱਸਿਆ ਕਿ ਫੈਕਟਰੀ 'ਚ ਦਾਖਲ ਹੋਏ ਦੋ ਵਿਅਕਤੀ ਫੈਕਟਰੀ 'ਚ ਪਿਆ ਲੋਹਾ ਚੋਰੀ ਕਰਕੇ ਬਾਹਰ ਸੁੱਟ ਰਹੇ ਸਨ, ਜੋ ਉਸ ਵੱਲੋਂ ਰੌਲਾ ਪਾਉਣ 'ਤੇ ਫੈਕਟਰੀ ਦੀ ਕੰਧ ਟੱਪ ਕੇ ਭੱਜ ਗਏ।ਸ਼ਿਕਾਇਤਕਰਤਾ ਨੇ ਦੱਸਿਆ ਕਿ ਫੈਕਟਰੀ ਦੀ ਪਿਛਲੀ ਕੰਧ ਕੋਲੋਂ ਚਾਦਰਾਂ ਤੋੜ ਕੇ ਅੰਦਰ ਦਾਖਲ ਹੋਏ ਉਕਤ ਵਿਅਕਤੀਆਂ ਵੱਲੋਂ ਫੈਕਟਰੀ 'ਚੋਂ ਲੋਹਾ ਸਕਰੈਪ ਤੇ ਇੱਕ ਮੋਟਰ ਚੋਰੀ ਕੀਤੀ ਗਈ ਹੈ।ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਇਸ ਮਾਮਲੇ 'ਚ ਗਗਨ ਵਾਸੀ ਡਿਫੈਂਸ ਬੰਨ੍ਹ ਸਰਹਿੰਦ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸੂਚਨਾ ਹੈ, ਜਦੋਂ ਕਿ ਇਸ ਸਬੰਧੀ ਅ/ਧ 457,380 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਗਗਨ ਤੋਂ ਇਲਾਵਾ ਸੰਦੀਪ ਵਾਸੀ ਬ੍ਰਾਹਮਣਮਾਜਰਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

# ਪ੍ਰੈੱਸ ਕਲੱਬ ਤੇ ਰੋਟਰੀ ਕਲੱਬ ਨੇ ਵਾਹਨਾਂ 'ਤੇ ਲਗਾਏ ਰਿਫਲੈਕਟਰ



**ਗੁਰੂਹਰਸਹਾਏ (ਫ਼ਕੀਰ ਚੰਦ ਸਿਕਰੀ, ਦੀਪਕ ਵਧਾਵਨ)**-ਅੰਤ ਦੀ ਪੈਅ ਰਹੀ ਸਰਦੀ ਦੇ ਮੌਸਮ ਦੇ ਚੱਲਦਿਆਂ ਪੂਰੇ ਦੇਸ਼ ਅਤੇ ਪੰਜਾਬ ਅੰਦਰ ਪੈ ਰਹੀ ਸੰਘਣੀ ਧੁੰਦ ਕਾਰਨ ਵਧ ਰਹੇ ਸੜਕੀ ਹਾਦਸਿਆਂ ਨੂੰ ਰੋਕਣ ਲਈ ਦੀ ਗੁਰੂਹਰਸਹਾਏ ਪ੍ਰੈਸ ਕਲੱਬ ਰਜਿਸਟ੍ਰਡ 10096 ਅਤੇ ਰੋਟਰੀ ਕਲੱਬ ਗੁਰੂਹਰਸਹਾਏ ਵੱਲੋਂ ਸਾਂਝੇ ਤੌਰ 'ਤੇ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਅਤੇ ਟਰੈਫਿਕ ਇੰਚਾਰਜ ਬਲਵਿੰਦਰ ਸਿੰਘ ਘਾਗਾ, ਬਲਕਰਨ ਸਿੰਘ ਦੇ ਸਹਿਯੋਗ ਨਾਲ ਵੱਖ ਵੱਖ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੀ ਗੁਰੂਹਰਸਹਾਏ ਪ੍ਰੈਸ ਕਲੱਬ ਦੇ ਪ੍ਰਧਾਨ ਕਪਿਲ ਕੰਧਾਰੀ ਅਤੇ ਰੋਟਰੀ ਕਲੱਬ ਗੁਰੂਹਰਸਹਾਏ ਦੇ ਪ੍ਰਧਾਨ ਸੰਦੀਪ ਕੰਬੋਜ ਨੇ ਦੱਸਿਆ ਕਿ ਪੈ ਰਹੀ ਕੜਾਕੇ ਦੀ ਠੰਢ ਤੇ ਦਿਨੋ ਦਿਨ ਵਧ ਰਹੇ ਕੋਹਰੇ ਦੇ ਚਲਦਿਆਂ ਅਕਸਰ ਹੀ ਵਾਹਨਾਂ ਦੇ ਲਾਈਟਾਂ ਨਾ ਚੱਲਣ ਕਾਰਨ ਸੜਕੀ ਹਾਦਸੇ ਹੋ ਜਾਂਦੇ ਹਨ ਜਿਸ ਨਾਲ ਕਈ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਦੀ ਗੁਰੂਹਰਸਹਾਏ ਪ੍ਰੈਸ ਕਲੱਬ ਅਤੇ ਰੋਟਰੀ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਮਿਲ ਕੇ ਰੇਲਵੇ ਪੁਲ ਪਾਰ ਦੇ ਦਾਣਾ ਮੰਡੀ ਗੇਟ ਨੰਬਰ ਇੱਕ ਦੇ ਬਾਹਰ ਸਕੂਲ ਵੈਨਾਂ, ਟਰੈਕਟਰ ਟਰਾਲੀਆਂ, ਟਰੱਕਾਂ, ਕਾਰਾਂ, ਜੀਪਾਂ, ਰੇਹੜੀਆਂ ਅਤੇ ਹੋਰ ਵੱਖ ਵੱਖ ਵਾਹਨਾਂ 'ਤੇ 300 ਰਿਫਲੈਕਟਰ ਲਗਾਏ ਗਏ। ਉਨ੍ਹਾ ਦੱਸਿਆ ਕਿ ਉਨ੍ਹਾ ਵੱਲੋਂ ਹਰ ਸਾਲ ਹੀ ਧੁੰਦ ਦੇ ਮੱਦੇਨਜ਼ਰ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਾਹਨਾਂ 'ਤੇ ਰਿਫਲੈਕਟਰ ਲਗਾਏ ਜਾਂਦੇ ਹਨ। ਇਸ ਮੌਕੇ ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਵਹੀਕਲ ਚਲਾਉਣ ਸਮੇਂ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਵਹੀਕਲਾਂ ਦੀ ਸਪੀਡ ਘੱਟ ਰੱਖਣ ਤਾਂ ਜੋ ਸੜਕੀ ਹਾਦਸਿਆਂ ਤੋਂ ਬਚਾਅ ਕੀਤਾ ਜਾ ਸਕੇ। ਇਸ ਮੌਕੇ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਨੇ ਦੀ ਗੁਰੂਹਰਸਹਾਏ ਪ੍ਰੈਸ ਕਲੱਬ ਤੇ ਰੋਟਰੀ ਕਲੱਬ ਗੁਰੂਹਰਸਹਾਏ ਨੂੰ ਵਧਾਈ ਦਿੱਤੀ ਕਿ ਇਸ ਤਰ੍ਹਾਂ ਦਾ ਉਪਰਾਲਾ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਦੀ ਗੁਰੂਹਰਸਹਾਏ ਪ੍ਰੈਸ ਕਲੱਬ ਦੇ ਪ੍ਰਧਾਨ ਕਪਿਲ ਕੰਧਾਰੀ, ਉੱਪ ਪ੍ਰਧਾਨ ਮਨਜੀਤ ਸਾਊਣਾ, ਚੇਅਰਮੈਨ ਸੁਨੀਲ ਵਿੱਕੀ ਆਵਲਾ, ਸੈਕਟਰੀ ਗਗਨ ਮੱਕੜ, ਜੀਵਨਜੋਤ ਕੌਰ, ਮੁਨੀਸ਼ ਪਿੰਡੀ, ਸਰਪ੍ਰਸਤ ਫ਼ਕੀਰ ਚੰਦ ਸਿਕਰੀ, ਕੈਸ਼ੀਅਰ ਬਲਜਿੰਦਰ ਹਾਂਡਾ, ਸੁਰਿੰਦਰ ਹਾਂਡਾ, ਰਾਜਿੰਦਰ ਕੰਬੋਜ, ਰੋਟਰੀ ਕਲੱਬ ਗੁਰੂਹਰਸਹਾਏ ਦੇ ਉਪ ਪ੍ਰਧਾਨ ਹਰਭਜਨ ਲਾਲ, ਵਿਜੇ ਬਿੰਦ, ਸਤਪਾਲ ਸੋਢੀ ਆਦਿ ਵਲੋਂ ਸਹਿਯੋਗ ਦਿੱਤਾ ਗਿਆ।

## ਮਨਪ੍ਰੀਤ ਕੌਰ ਮੰਨਤ ਇਸਤਰੀ ਵਿੰਗ ਹਲਕਾ ਸੰਗਰੂਰ ਦੀ ਇੰਚਾਰਜ ਨਿਯੁਕਤ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਵੱਲੋਂ ਜਥੇਬੰਦਕ ਸਕੱਤਰ ਸ੍ਰ. ਗੋਵਿੰਦ ਸਿੰਘ ਸੰਧੂ ਦੀ ਸਿਫਾਰਸ਼ 'ਤੇ ਬੀਬੀ ਮਨਪ੍ਰੀਤ ਕੌਰ ਮੰਨਤ ਨੂੰ ਉਨ੍ਹਾਂ ਦੀ ਪਾਰਟੀ ਪ੍ਰਤੀ ਵਫਾਦਾਰੀ, ਲਗਨ ਤੇ ਮਿਹਨਤ ਨਾਲ ਪਾਰਟੀ ਦੀ ਚੜ੍ਹਦੀ ਕਲਾ ਲਈ ਕੀਤੇ ਜਾ ਰਹੇ ਕੰਮਾਂ ਨੂੰ ਦੇਖਦੇ ਹੋਏ ਇਸਤਰੀ ਵਿੰਗ ਐੱਮ. ਪੀ. ਹਲਕਾ ਸੰਗਰੂਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ, ਜਿਸ ਸੰਬੰਧੀ ਨਿਯੁਕਤੀ ਪੱਤਰ ਐੱਮ. ਪੀ. ਦਫਤਰ ਸੰਗਰੂਰ ਵਿਖੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪੀਏਸੀ ਮੈਂਬਰ ਬਹਾਦਰ ਸਿੰਘ ਭਸੌੜ ਤੇ ਜਥੇਬੰਦਕ ਸਕੱਤਰ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ ਨੇ ਸਾਂਝੇ ਤੌਰ 'ਤੇ ਬੀਬੀ ਮਨਪ੍ਰੀਤ ਕੌਰ ਮੰਨਤ ਨੂੰ ਸੌਂਪਿਆ। ਇਸ ਮੌਕੇ ਜਥੇਦਾਰ ਰਾਮਪੁਰਾ ਤੇ ਸ੍ਰ. ਭਸੌੜ ਨੇ ਕਿਹਾ ਕਿ ਬੀਬੀ ਮੰਨਤ ਨੂੰ ਉਨ੍ਹਾਂ ਵੱਲੋਂ ਪਾਰਟੀ ਹਿੱਤ ਲਈ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਤੋਂ ਖੁਸ਼ ਹੋ ਕੇ ਇਸ ਵੱਡੀ ਜ਼ਿੰਮੇਵਾਰੀ ਨਾਲ ਨਿਵਾਜਿਆ ਗਿਆ ਹੈ। ਉਮੀਦ ਕਰਦੇ ਹਾਂ ਕਿ ਬੀਬੀ ਮਨਪ੍ਰੀਤ ਕੌਰ ਮੰਨਤ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਲਗਨ ਤੇ ਮਿਹਨਤ ਨਾਲ ਪਾਰਟੀ ਦੀ ਚੜ੍ਹਦੀ ਕਲਾਂ ਲਈ ਸੇਵਾਵਾਂ ਨਿਭਾਉਣਗੇ। ਬੀਬੀ ਮਨਪ੍ਰੀਤ ਕੌਰ ਮੰਨਤ ਨੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਲੋਕ ਹਿੱਤਾਂ ਲਈ ਪਹਿਲਾਂ ਨਾਲੋਂ ਵੀ ਵਧ-ਚੜ੍ਹ ਕੇ ਕੰਮ ਕਰਨਗੇ। ਇਸ ਮੌਕੇ ਮੀਡੀਆ ਇੰਚਾਰਜ ਨਿਰਭੋਪ੍ਰੀਤ ਸਿੰਘ ਜੈਤੋ, ਦਫਤਰ ਸਕੱਤਰ ਯਾਦਵਿੰਦਰ ਸਿੰਘ, ਕਰਨਵੀਰ ਸਿੰਘ, ਕਮਲ ਸਿੰਘ, ਨਿਹਾਲ ਸਿੰਘ ਸਮੇਤ ਐੱਮ. ਪੀ. ਦਫਤਰ ਦਾ ਸਟਾਫ਼ ਹਾਜ਼ਰ ਸੀ।

# ਕਾਰਪੋਰੇਟਰਾਂ ਦੇ ਫਾਇਦੇ ਲਈ ਸਰਕਾਰ ਕਿਸਾਨ ਮਾਰੂ ਨੀਤੀਆਂ 'ਤੇ ਤੁਲੀ : ਡੱਲੇਵਾਲ



**ਭੀਖੀ (ਧਰਮਵੀਰ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚ ਦੀ ਪੀ ਐੱਸ ਪੀ ਸੀ ਐੱਲ ਵੱਲੋਂ ਕੱਢੀ ਜਾ ਰਹੀ ਨਵੀਂ ਲਾਈਨ ਦੇ ਵਿਰੋਧ ਵਿੱਚ ਲਾਇਆ ਪੱਕਾ ਮੋਰਚਾ ਅੱਜ ਦਸਵੇਂ ਦਿਨ ਵਿੱਚ ਦਾਖਲ ਹੋ ਗਿਆ। ਕਿਸਾਨਾਂ ਦੇ ਸੰਘਰਸ਼ ਨੂੰ ਹੁਲਾਰਾ ਦੇਣ ਲਈ ਯੂਨੀਅਨ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਅਜਿਹੀਆਂ ਸਕੀਮਾਂ ਲਾਗੂ ਕਰਦੀ ਰਹਿੰਦੀ ਹੈ, ਜੋ ਕਿਸਾਨ ਮਾਰੂ ਹਨ। ਉਨ੍ਹਾ ਕਿਹਾ ਕਿ ਸਰਕਾਰ ਕਿਸਾਨਾਂ ਨਾਲ ਸਮਝੌਤਾ ਕਰੇ ਬਗੈਰ ਕਿਸਾਨਾਂ ਦੀ ਜ਼ਮੀਨ ਅਕਵਾਇਰ ਨਹੀਂ ਕਰ ਸਕਦੀ, ਪ੍ਰੰਤੂ ਇੱਥੇ ਕਿਸੇ ਨੂੰ ਦੱਸੇ ਬਗੈਰ ਕਿਸਾਨ ਦੇ ਖੇਤ ਵਿੱਚ ਦੋ ਵੱਡੇ ਪੋਲ ਖੜੇ ਕਰਨ ਦੀ ਤਿਆਰੀ ਖਿੱਚ ਦਿੱਤੀ। ਜਦੋਂ ਕਿਸਾਨਾਂ ਨੇ ਇਸ ਦਾ ਵਿਰੋਧ ਕਰਨਾ ਚਾਹਿਆ ਤਾਂ ਭਾਰੀ ਪੁਲਸ ਫੋਰਸ ਨਾਲ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਕਿਸਾਨ ਕੜਕਦੀ ਠੰਢ ਵਿੱਚ ਪੱਕਾ ਮੋਰਚਾ ਲਾਉਣ ਲਈ ਮਜਬੂਰ ਹਨ। ਉਨ੍ਹਾ ਕਿਹਾ ਕਿ ਸਰਕਾਰ ਕਿਸਾਨਾਂ ਦੀ ਅਵਾਜ਼ ਡੰਡੇ ਦੇ ਜ਼ੋਰ 'ਤੇ ਦਬਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਯੂਨੀਅਨ ਦੇ ਸੂਬਾ ਆਗੂ ਗੁਰਚਰਨ ਸਿੰਘ ਭੀਖੀ ਨੇ ਕਿਹਾ ਕਿ ਕਿਸਾਨ ਯੂਨੀਅਨ ਵੱਲੋਂ ਪਿਛਲੇ 10 ਦਿਨਾਂ ਤੋਂ ਧਰਨਾ ਲਾਉਣ ਦੇ ਬਾਵਜੂਦ ਵੀ ਸਰਕਾਰ ਜਾਂ ਵਿਭਾਗ ਅਜੇ ਤੱਕ ਕਿਸੇ ਸਿੱਟੇ 'ਤੇ ਨਹੀ ਪੁੱਜਾ। ਉਨ੍ਹਾਂ ਕਿਹਾ ਕਿ ਸਰਕਾਰਾਂ ਕਾਰਪੋਰੇਟ ਘਰਾਣਿਆਂ ਦਾ ਡੱਟ ਕੇ ਸਾਥ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨਾਂ ਤੋਂ ਜ਼ਮੀਨ ਖੋਹ ਕੇ ਕਿਸੇ ਵੱਡੇ ਪ੍ਰੋਜੈਕਟਾਂ ਵਿੱਚ ਬਦਲ ਦੇਣੀਆਂ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨ ਨੂੰ ਮਜ਼ਦੂਰ ਬਣਾਉਣ ਲਈ ਆਤੁਰ ਹਨ ਤਾਂ ਕਿਸਾਨਾਂ ਨੂੰ ਵੱਡੇ ਲੋਕ ਸੰਘਰਸ਼ਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਬਾਬਾ ਹਰਜਿੰਦਰ ਸਿੰਘ ਖਾਲਸਾ ਨੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦਾ ਸਨਮਾਨ ਕੀਤਾ। ਇਸ ਮੌਕੇ ਜੁਗਰਾਜ ਸਿੰਘ ਹੀਰੋਂ ਕਲਾਂ, ਗੁਰਨਾਮ ਸਿੰਘ ਭੀਖੀ, ਗੁਰਤੇਜ ਸਿੰਘ ਭੂਸ਼ਣ, ਨਾਇਬ ਸਿੰਘ, ਜਗਦੇਵ ਸਿੰਘ ਭੈਣੀਬਾਘਾ, ਤਰਸੇਮ ਸਿੰਘ ਗੋਬਿੰਦਪੁਰਾ, ਜਗਜੀਤ ਸਿੰਘ ਢੈਪਈ, ਸੁਖਵਿੰਦਰ ਸਿੰਘ ਅਤਲਾ, ਅਮਨਦੀਪ ਸਿੰਘ ਖਿਆਲਾ ਤੇ ਇਕਬਾਲ ਸਿੰਘ ਮੱਤੀ ਹਾਜ਼ਰ ਸਨ।

## ਵਿਵਾਦਾਂ 'ਚ ਮੁੜ ਘਿਰੀ ਸੀ ਡੀ ਐਲ ਯੂ

# ਵਿਦਿਆਰਥਣਾਂ ਦੇ ਗੁੰਮਨਾਮ ਪੱਤਰ ਸੰਬੰਧੀ ਪ੍ਰੋਫੈਸਰ ਨੇ ਦੋਸ਼ ਨਕਾਰੇ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਹਰ ਸਮੇਂ ਵਿਭਾਗੀ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੇ ਵਿਵਾਦਾਂ ਵਿਚ ਘਿਰੀ ਰਹਿਣ ਵਾਲੀ ਸਿਰਸਾ ਦੀ ਚੌਧਰੀ ਦੇਵੀ ਲਾਲ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਇਕ ਪ੍ਰੋਫੈਸਰ 'ਤੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ ਲਾਏ ਹਨ।ਸੀਡੀਐਲਯੂ ਦੀਆਂ ਵਿਦਿਆਰਥਣਾਂ ਨੇ ਇਸ ਸਬੰਧ ਵਿੱਚ ਹਰਿਆਣਾ ਦੇ ਗ੍ਰਹਿ ਮੰਤਰੀ ਸਮੇਤ ਰਾਸ਼ਟਰੀ ਮਹਿਲਾ ਕਮਿਸ਼ਨ, ਹਰਿਆਣਾ ਦੇ ਮੁੱਖ ਮੰਤਰੀ, ਹਰਿਆਣਾ ਦੇ ਰਾਜਪਾਲ, ਸੀਡੀਐਲਯੂ ਦੇ ਵਾਈਸ ਚਾਂਸਲਰ ਨੂੰ ਪੱਤਰ ਭੇਜ ਕੇ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।ਗੁੰਮਨਾਮ ਪੱਤਰ ਵਿਚ ਦਰਜ ਹੈ ਕਿ ਵਿਦਿਆਰਥਣਾਂ ਨਾਲ ਪ੍ਰੋਫੈਸਰ ਅਸ਼ਲੀਲ ਹਰਕਤਾਂ ਸਮੇਤ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਿਦਿਆਰਥਣਾਂ ਦੀ ਚਿੱਠੀ 'ਚ ਲਿਖੀਆਂ ਅਹਿਮ ਗੱਲਾਂ ਵਿੱਚ ਪ੍ਰੋਫੈਸਰ ਕਈ ਮਹੀਨਿਆਂ ਤੋਂ ਗੰਦੀਆਂ ਤੇ ਅਸ਼ਲੀਲ ਹਰਕਤਾਂ ਕਰਦਾ ਹੈ। ਉਹ ਕੁੜੀਆਂ ਨੂੰ ਆਪਣੇ ਦਫ਼ਤਰ ਦੇ ਬਾਥਰੂਮ ਵਿੱਚ ਬੁਲਾ ਲੈਂਦਾ ਹੈ ਤੇ ਅਸ਼ਲੀਲ ਹਰਕਤਾਂ ਕਰਦਾ ਹੈ।

ਵਿਦਿਆਰਥਣਾਂ ਲਿਖਦੀਆਂ ਹਨ ਕਿ ਅਸੀਂ ਇਸ ਦਾ ਵਿਰੋਧ ਕੀਤਾ ਤਾਂ ਉਸ ਨੇ ਸਾਨੂੰ ਧਮਕੀਆਂ ਦਿੰਦੇ ਹੋਏ ਕਿਹਾ ਕਿ ਜੇਕਰ ਅਸੀਂ ਕਿਤੇ ਵੀ ਕੋਈ ਸ਼ਿਕਾਇਤ ਕੀਤੀ ਤਾਂ ਨਤੀਜੇ ਬਹੁਤ ਮਾੜੇ ਹੋਣਗੇ।ਪੱਤਰ ਵਿੱਚ ਵਿਦਿਆਰਥਣਾਂ ਨੇ ਅੱਗੇ ਲਿਖਿਆ ਕਿ ਸਾਡੀ ਸੀਸੀਟੀਵੀ ਫੁਟੇਜ ਡਿਲੀਟ ਕਰਵਾ ਦਿੱਤੀ ਗਈ। ਇਸ ਪੂਰੇ ਮਾਮਲੇ ਦੀ ਹਾਈਕੋਰਟ ਦੇ ਸੇਵਾਮੁਕਤ ਜੱਜ ਤੋਂ ਜਾਂਚ ਹੋਣੀ ਚਾਹੀਦੀ ਹੈ ਅਤੇ ਉਦੋਂ ਤੱਕ ਪ੍ਰੋਫੈਸਰ ਨੂੰ ਤੁਰੰਤ ਉਨ੍ਹਾਂ ਦੇ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ ਤਾਂ ਜੋ ਜਾਂਚ ਪ੍ਰਭਾਵਿਤ ਨਾ ਹੋਵੇ।ਦੂਜੇ ਪਾਸੇ ਕੁੜੀਆਂ ਇਹ ਵੀ ਲਿਖਦੀਆਂ ਹਨ ਕਿ ਸਾਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਉਸਤੇ ਬਹੁਤ ਭਰੋਸਾ ਹੈ।ਇਸ ਮਾਮਲੇ ਵਿੱਚ ਵਾਈਸ ਚਾਂਸਲਰ ਪ੍ਰੋ. ਅਜਮੇਰ ਸਿੰਘ ਮਲਿਕ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।ਉਕਤ ਪ੍ਰੋਫੈਸਰ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਵਿਦਿਆਰਥਣਾਂ ਵੱਲੋਂ ਲਾਏ ਸਾਰੇ ਦੋਸ਼ ਝੂਠੇ ਤੇ ਬੇਬੁਨਿਆਦ ਹਨ ਅਤੇ ਉਹ ਵਾਈਸ ਚਾਂਸਲਰ ਨੂੰ ਮਿਲ ਕੇ ਇਸ ਮਾਮਲੇ 'ਤੇ ਚਰਚਾ ਕਰਨਗੇ।ਯੂਨੀਵਰਸਿਟੀ ਦੇ ਰਜਿਸਟਰਾਰ ਆਰ ਕੇ ਬਾਂਸਲ ਨੇ ਦੱਸਿਆ ਕਿ ਸਾਨੂੰ ਗੁਮਨਾਮ ਪੱਤਰ ਮਿਲਿਆ ਹੈ, ਜਿਸਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ।ਦੂਜੇ ਪਾਸੇ ਇਸੇ ਯੂਨੀਵਰਸਿਟੀ ਦੇ ਵਿਦਵਾਨਾਂ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਵਿੱਚ ਵਿਦਿਆ ਤੋ ਵੱਧ ਰਾਜਨੀਤੀ ਹਾਵੀ ਹੋਣ ਕਰਕੇ ਅਜਿਹੇ ਵਿਵਾਦ ਯੂਨੀਵਰਸਿਟੀ ਦੇ ਮਿਆਰ ਨੂੰ ਵੀ ਨੀਵਾਂ ਕਰਦੇ ਹਨ ਤੇ ਵਿਦਿਆਰਥੀਆ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ।

# ਵੈੱਟਲੈਂਡ ਫੈਸਟੀਵਲ ਦਾ ਕੀਤਾ ਜਾਵੇਗਾ ਆਯੋਜਨ : ਧੀਮਾਨ


ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਪ੍ਰਸ਼ਾਸਨ ਫ਼ਿਰੋਜ਼ਪੁਰ/ਪੰਜਾਬ ਸਰਕਾਰ ਵੱਲੋਂ ਇਸ ਸਾਲ 20-21 ਜਨਵਰੀ ਨੂੰ ਹਰੀਕੇ ਪੱਤਣ ਵਿਖੇ ਬਰਡ ਸੈਂਚੁਰੀ ਵਿਖੇ ਹਰੀਕੇ ਵੈੱਟਲੈਂਡ ਫੈਸਟੀਵਲ ਮਨਾਇਆ ਜਾਵੇਗਾ, ਜਿੱਥੇ ਹਰ ਸਾਲ 1 ਲੱਖ ਤੋਂ ਵੱਧ ਖ਼ੂਬਸੂਰਤ ਪ੍ਰਵਾਸੀ ਪੰਛੀ ਆਉਂਦੇ ਹਨ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਆਈਏਐੱਸ ਨੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਦੌਰਾਨ ਦਿੱਤੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮਦ ਬਾਮਬਾ, ਐੱਸਡੀਐੱਮ ਫ਼ਿਰੋਜ਼ਪੁਰ ਜਸਪਾਲ ਸਿੰਘ ਬਰਾੜ, ਸਹਾਇਕ ਕਮਿਸ਼ਨਰ ਸੂਰਜ, ਡੀਡੀਪੀਓ ਜਸਵੰਤ ਸਿੰਘ ਬੜੈਚ ਵੀ ਹਾਜ਼ਰ ਸਨ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਸ ਮੇਲੇ ਦੌਰਾਨ ਸੌਂਪੀਆਂ ਜਾਣ ਵਾਲੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ।ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਸ ਫੈਸਟੀਵਲ ਵਿੱਚ ਆਪਣੇ ਪਰਵਾਰਾਂ ਸਮੇਤ ਹੁੰਮ-ਹੁਮਾ ਕੇ ਪੁੱਜਣ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਇਸ ਫੈਸਟੀਵਲ ਨੂੰ ਰਿਵਾਇਤੀ ਤੇ ਸ਼ਾਨਦਾਰ ਤਰੀਕੇ ਨਾਲ ਮਨਾਇਆ ਜਾਵੇਗਾ।ਫੈਸਟੀਵਲ ਦੌਰਾਨ ਰਸਭਿੰਨੇ ਸਗੀਤ ਸੁਣਨ ਨੂੰ ਮਿਲੇਗਾ ਅਤੇ ਖ਼ੂਬਸੂਰਤ ਪ੍ਰਕ੍ਰਿਤਕ ਦ੍ਰਿਸ਼, ਪ੍ਰਵਾਸੀ ਪੰਛੀ ਅਤੇ ਜੀਵ ਜੰਤੂ ਦੇਖਣ ਨੂੰ ਮਿਲਣਗੇ।ਉਨ੍ਹਾਂ ਕਿਹਾ ਕਿ ਇਸ ਫੈਸਟੀਵਲ ਦੌਰਾਨ ਵੱਖ-ਵੱਖ ਆਕਰਸ਼ਕ ਪ੍ਰਦਰਸ਼ਨੀਆਂ, ਖਾਣ-ਪੀਣ ਦੀਆਂ ਵਸਤਾਂ ਦੇ ਸਟਾਲ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਸੁੰਦਰ ਪ੍ਰਦਰਸ਼ਨੀਆਂ ਵੀ ਖਿੱਚ ਦਾ ਕੇਂਦਰ ਬਣਨਗੀਆਂ।

ਇਹ ਮੇਲਾ ਦਰਿਆ ਸਤਲੁੱਜ-ਬਿਆਸ ਦੇ ਸੰਗਮ ਨਜ਼ਦੀਕ ਲੱਗੇਗਾ।ਮੀਟਿੰਗ ਵਿੱਚ ਐੱਸਪੀ (ਐਚ) ਸੋਹਨ ਲਾਲ ਸੋਨੀ, ਵਧੀਕ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪ੍ਰਗਟ ਸਿੰਘ ਬਰਾੜ, ਜ਼ਿਲ੍ਹਾ ਭਾਸ਼ਾ ਅਫ਼ਸਰ ਜਗਦੀਪ ਸਿੰਘ ਸੰਧੂ, ਇਲੈਕਸ਼ਨ ਤਹਿਸੀਲਦਾਰ ਚਾਂਦ ਪ੍ਰਕਾਸ਼, ਡੀਐੱਫਐੱਸਸੀ ਰਾਜ ਰਿਸ਼ੀ ਮਹਿਰਾ, ਸਕੱਤਰ ਰੈਡ ਕਰਾਸ ਅਸ਼ੋਕ ਬਹਿਲ, ਐੱਮਈ ਨਗਰ ਕੌਂਸਲ ਚਰਨਪਾਲ, ਰਾਸ਼ਟਰੀ ਐਵਾਰਡ ਜੇਤੂ ਪ੍ਰਿੰਸੀਪਲ ਡਾ. ਸਤਿੰਦਰ ਸਿੰਘ, ਡੀਡੀਐੱਫ ਸੌਰਵ ਕੁਮਾਰ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਬਲਵੰਤ ਸਿੰਘ ਨੂੰ ਸੇਵਾਮੁਕਤੀ ਮੌਕੇ ਵਿਦਾਇਗੀ ਪਾਰਟੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਜੀ.ਐਚ.ਟੀ.ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੇ ਆਗੂ ਹਰਦੀਪ ਸਿੰਘ ਤੱਗੜ ਦੀ ਅਗਵਾਈ ਵਿੱਚ ਮਕੈਨੀਕਲ ਵਰਕਸ਼ਾਪ ਸੈੱਲ ਦੇ ਆਊਟਸੋਰਸਿਡ ਠੇਕਾ ਮੁਲਾਜ਼ਮਾਂ ਨੇ ਆਪਣੇ ਸਾਥੀ ਬਲਵੰਤ ਸਿੰਘ ਨੂੰ ਸੇਵਾਮੁਕਤ ਹੋਣ ਮੌਕੇ ਇੱਕ ਸਾਦੀ ਵਿਦਾਇਗੀ ਪਾਰਟੀ ਦੇ ਕੇ ਭਰੇ ਮਨ ਨਾਲ਼ ਘਰ ਨੂੰ ਵਿਦਾ ਕੀਤਾ। ਜਥੇਬੰਦੀ ਦੇ ਪ੍ਰਧਾਨ ਜਗਰੂਪ ਸਿੰਘ ਲਹਿਰਾ, ਜਨਰਲ ਸਕੱਤਰ ਜਗਸੀਰ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ, ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਤੇ ਕੈਸ਼ੀਅਰ ਲਛਮਣ ਸਿੰਘ ਰਾਮਪੁਰਾ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਬਲਵੰਤ ਸਿੰਘ ਦਾ ਜਨਮ ਪਿੰਡ ਭੂਲ (ਜ਼ਿਲ੍ਹਾ ਬਠਿੰਡਾ) ਵਾਸੀ ਕਰਮ ਸਿੰਘ ਦੇ ਘਰ 1 ਜਨਵਰੀ 1964 ਨੂੰ ਹੋਇਆ। ਇਮਾਨਦਾਰ, ਮਿਹਨਤੀ ਅਤੇ ਸੰਘਰਸ਼ਸ਼ੀਲ ਸਾਥੀ ਬਲਵੰਤ ਸਿੰਘ ਨੇ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਮਕੈਨੀਕਲ ਵਰਕਸ਼ਾਪ ਸੈੱਲ ਵਿੱਚ 16 ਅਗਸਤ 2010 ਨੂੰ ਬਤੌਰ ਸਕਿਲਡ ਵਰਕਰ (ਫਿਟਰ) ਦੀ ਪੋਸਟ 'ਤੇ ਆਊਟਸੋਰਸਡ ਠੇਕਾ ਮੁਲਾਜ਼ਮ ਵਜੋਂ ਜੁਆਇਨ ਕੀਤਾ ਸੀ। ਆਗੂਆਂ ਨੇ ਕਿਹਾ ਕਿ ਰੰਗ ਬਦਲ-ਬਦਲ ਕੇ ਆਉਂਦੀਆਂ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨਿੱਜੀਕਰਨ/ਕਾਰਪੋਰੇਟ ਪੱਖੀ ਤੇ ਲੋਕ-ਮਾਰੂ ਨੀਤੀਆਂ ਕਾਰਨ ਹੀ ਬਲਵੰਤ ਸਿੰਘ ਲੋਕ ਸੇਵਾਵਾਂ ਦੇ ਅਦਾਰੇ ਸਰਕਾਰੀ ਥਰਮਲ ਪਲਾਂਟ ਵਿੱਚ 13-14 ਸਾਲ ਲਗਾਤਾਰ ਸਖ਼ਤ ਸੇਵਾਵਾਂ ਦੇਣ ਉਪਰੰਤ ਇੱਕ ਆਊਟਸੋਰਸਡ ਠੇਕਾ ਮੁਲਾਜ਼ਮ ਵਜੋਂ ਹੀ ਸੇਵਾਮੁਕਤ ਹੋ ਕੇ ਖਾਲੀ ਹੱਥ ਆਪਣੇ ਘਰ ਗਿਆ ਹੈ। ਬੇਸ਼ੱਕ ਠੇਕਾ ਮੁਲਾਜ਼ਮਾਂ ਨੇ ਆਪਣੇ ਪਿਆਰੇ ਸਾਥੀ ਬਲਵੰਤ ਸਿੰਘ ਨੂੰ ਵਿਦਾਇਗੀ ਪਾਰਟੀ ਮੌਕੇ ਛੋਟੇ-ਛੋਟੇ ਗਿਫ਼ਟ ਦੇ ਕੇ ਸਨਮਾਨਤ ਕੀਤਾ ਹੈ, ਪ੍ਰੰਤੂ ਸਰਕਾਰਾਂ ਨੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਲੋਕ-ਮਾਰੂ ਨੀਤੀ ਨਾ ਲਿਆਂਦੀ ਹੁੰਦੀ ਤਾਂ ਬਲਵੰਤ ਸਿੰਘ ਨੇ ਇੱਕ ਰੈਗੂਲਰ ਮੁਲਾਜ਼ਮ ਵਜੋਂ ਸੇਵਾਮੁਕਤ ਹੋ ਕੇ ਘਰ ਜਾਣਾ ਸੀ ਤੇ ਬਾਕੀ ਰਹਿੰਦੇ ਜੀਵਨ ਵਸੇਰੇ ਲਈ ਪੈਨਸ਼ਨ ਆਦਿ ਹੋਰ ਸਹੂਲਤਾਂ ਵੀ ਮਿਲਣੀਆਂ ਸਨ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ ਅਤੇ ਸਮੂਹ ਸਰਕਾਰੀ ਵਿਭਾਗਾਂ 'ਚ ਪਿਛਲੇ 15-20 ਸਾਲਾਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਸਮੂਹ ਆਊਟਸੋਰਸਿਡ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ ਕਰਕੇ ਪੱਕਾ ਕੀਤਾ ਜਾਵੇ।

ਕੈਪਸ਼ਨ: ਆਊਟਸੋਰਸਿਡ ਠੇਕਾ ਮੁਲਾਜ਼ਮ ਬਲਵੰਤ ਸਿੰਘ ਨੂੰ ਵਿਦਾਇਗੀ ਪਾਰਟੀ ਦੇਣ ਸਮੇਂ ਯਾਦਗਾਰੀ ਤਸਵੀਰ 'ਚ ਠੇਕਾ ਮੁਲਾਜ਼ਮ ਸਾਥੀ, ਇਨਸੈੱਟ ਬਲਵੰਤ ਸਿੰਘ ਨੂੰ ਗਿਫ਼ਟ ਭੇਟ ਕਰਦੇ ਹੋਏ ਸਾਥੀ ਠੇਕਾ ਮੁਲਾਜ਼ਮ।

# ਕਰਾਟੇ ਮੁਕਾਬਲਿਆਂ 'ਚ ਮੈਡਲ ਜੇਤੂ ਬੱਚਿਆਂ ਦਾ ਏਪਵਾ ਵੱਲੋਂ ਸਵਾਗਤ



**ਮਾਨਸਾ (ਆਤਮਾ ਸਿੰਘ ਪਮਾਰ)**-ਕਾਠਮੰਡੂ ਵਿਖੇ ਹੋਏ ਕਰਾਟੇ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਵਾਪਸ ਪਰਤੇ ਭੀਖੀ ਇਲਾਕੇ ਦੇ ਸਕੂਲੀ ਖਿਡਾਰੀਆਂ ਦਾ ਪ੍ਰਗਸ਼ ਇਸਤਰੀ ਸਭਾ (ਏਪਵਾ) ਵੱਲੋਂ ਮਾਨਸਾ ਰੇਲਵੇ ਸਟੇਸ਼ਨ 'ਤੇ ਹਾਰਾਂ ਤੇ ਫੁੱਲਾਂ ਨਾਲ ਨਿੱਘਾ ਸਵਾਗਤ ਕੀਤਾ ਗਿਆ। 31 ਦਸੰਬਰ ਨੂੰ ਨੇਪਾਲ ਵਿਖੇ ਹੋਈ ਪੰਜਵੀਂ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ 2023 ਵਿੱਚ ਇਨ੍ਹਾਂ ਖਿਡਾਰੀਆਂ ਵਿੱਚੋਂ ਗੁਰਪ੍ਰੀਤ ਕੌਰ ਵਿਰਕ, ਖੁਸ਼ਪ੍ਰੀਤ ਕੌਰ ਤੇ ਵਰਿੰਦਰ ਕੁਮਾਰ ਨੇ ਆਪੋ ਆਪਣੇ ਉਮਰ ਗਰੁੱਪਾਂ ਦੇ ਮੁਕਾਬਲਿਆਂ ਵਿੱਚ ਗੋਲਡ ਮੈਡਲ ਤੇ ਸ਼ਿਵਾਨੀ, ਸਹਿਜਪ੍ਰੀਤ ਸਿੰਘ, ਪ੍ਰਭਨੂਰ ਕੌਰ ਤੇ ਖੁਸ਼ਕਰਨ ਸਿੰਘ ਨੇ ਕਾਂਸੀ ਦੇ ਮੈਡਲ ਜਿੱਤੇ। ਸਟੇਸ਼ਨ 'ਤੇ ਖਿਡਾਰੀਆਂ ਤੇ ਉਨ੍ਹਾਂ ਦੇ ਕੋਚ ਆਕਾਸ਼ਦੀਪ ਸਿੰਘ ਦਾ ਸਵਾਗਤ ਕਰਨ ਵਾਲਿਆਂ ਵਿੱਚ ਏਪਵਾ ਆਗੂ ਜਸਬੀਰ ਕੌਰ ਨੱਤ, ਬਲਵਿੰਦਰ ਕੌਰ ਖਾਰਾ, ਗਗਨਦੀਪ ਸਿਰਸੀਵਾਲਾ, ਅੰਕਿਤ ਕੁਮਾਰ, ਰਾਹੁਲ ਕੁਮਾਰ, ਸੀਪੀਆਈ (ਐੱਮ ਐੱਲ) ਦੇ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਤੇ ਗੁਰਪ੍ਰਨਾਮ ਸਿੰਘ ਸਮੇਤ ਕਈ ਮਜ਼ਦੂਰ ਤੇ ਨੌਜਵਾਨ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਜਸਬੀਰ ਕੌਰ ਨੱਤ ਨੇ ਕਿਹਾ ਕਿ ਸਾਡੇ ਜ਼ਿਲ੍ਹੇ ਨੂੰ ਅਪਣੇ ਇਨ੍ਹਾਂ ਬੱਚੇ ਬੱਚੀਆਂ 'ਤੇ ਮਾਣ ਹੈ। ਢੁੱਕਵੀਂ ਟ੍ਰੇਨਿੰਗ ਤੇ ਯੋਗ ਸਹੂਲਤਾਂ ਮਿਲਣ 'ਤੇ ਸਾਡੇ ਖਿਡਾਰੀ ਇਸ ਤੋਂ ਵੀ ਵੱਡੇ ਮਾਅਰਕੇ ਮਾਰਨ ਦੇ ਸਮਰਥ ਹੋ ਸਕਦੇ ਹਨ।

6-Jan-PAGE-8.qxd 1/5/2024 9:31 PM Page 1



# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸੰਘਰਸ਼ਾਂ ਬਾਰੇ ਵਿਚਾਰ ਚਰਚਾ

**ਸ਼ਾਹਕੋਟ (ਗਿਆਨ ਸੈਦਪੁਰੀ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ ਦੀ ਅਗਵਾਈ ਹੇਠ ਮਲਸੀਆਂ ਵਿੱਚ ਹੋਈ। ਮੀਟਿੰਗ ਵਿੱਚ ਜਨਵਰੀ ਅਤੇ ਫਰਵਰੀ ਮਹੀਨੇ ਦੌਰਾਨ ਕੀਤੇ ਜਾਣ ਵਾਲੇ ਸੰਘਰਸ਼ ਬਾਰੇ ਵਿਚਾਰ ਚਰਚਾ ਕੀਤੀ ਗਈ ।ਪੰਜਾਬ ਸਰਕਾਰ ਨਾਲ ਸਬੰਧਿਤ ਕਿਸਾਨਾਂ ਦੀਆਂ ਮੰਗਾਂ ਸਬੰਧੀ 22 ਜਨਵਰੀ ਤੋਂ 26 ਜਨਵਰੀ 2024 ਤੱਕ 5 ਰੋਜ਼ਾ ਜ਼ਿਲ੍ਹਾ ਪੱਧਰੀ ਧਰਨੇ ਲਗਾਏ ਜਾ ਰਹੇ ਹਨ ਅਤੇ ਫਰਵਰੀ ਮਹੀਨੇ ਦੌਰਾਨ ਚੰਡੀਗੜ੍ਹ ਵਿੱਚ ਪੰਜਾਬ ਪੱਧਰੀ ਮੋਰਚਾ ਲਗਾਇਆ ਜਾਵੇਗਾ।ਇਹ ਫੈਸਲਾ ਕੀਤਾ ਗਿਆ ਕਿ ਸੰਘਰਸ਼ ਦੀ ਤਿਆਰੀ ਲਈ ਬਲਾਕ ਕਮੇਟੀਆਂ ਅਤੇ ਪਿੰਡ ਇਕਾਈਆਂ ਦੀਆਂ ਭਰਵੀਆਂ ਤਿਆਰੀ ਮੀਟਿੰਗਾਂ ਕਰਵਾਈਆਂ ਜਾਣਗੀਆਂ ।ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਮੋਟਰ ਸਾਈਕਲ ਮਾਰਚ ਕੀਤੇ ਜਾਣਗੇ।ਇਸ ਤੋਂ ਇਲਾਵਾ ਟੋਲ ਪਲਾਜ਼ਾ ਮੈਨੇਜਮੈਂਟ ਨੂੰ ਦਿੱਤੇ ਨੋਟਿਸ ਬਾਰੇ ਵੀ ਚਰਚਾ ਕੀਤੀ ਗਈ ।ਵਰਨਣਯੋਗ ਹੈ ਕਿ ਜਲੰਧਰ-ਬਰਨਾਲਾ ਹਾਈਵੇਅ ਦੀ ਜਲੰਧਰ -ਮੋਗਾ ਬੀਟ 'ਤੇ ਪਿਛਲੇ ਲਗਭਗ 10 ਮਹੀਨੇ ਤੋਂ ਹਾਈਵੇਅ ਅਥਾਰਟੀ ਵੱਲੋਂ ਕੋਈ ਵੀ ਸਹੂਲਤ ਖਪਤਕਾਰਾਂ ਨੂੰ ਨਹੀਂ ਦਿੱਤੀ ਜਾ ਰਹੀ ਜਦੋਂ ਕਿ ਟੋਲ ਪਲਾਜ਼ਾ ਚੱਕ ਬਾਹਮਣੀਆਂ ਵੱਲੋਂ ਟੋਲ਼ ਦੀ ਉਗਰਾਹੀ ਲਗਾਤਾਰ ਕੀਤੀ ਜਾ ਰਹੀ ਹੈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਹਾਈਵੇਅ ਅਥਾਰਟੀ ਵੱਲੋਂ ਸਹੂਲਤਾਂ ਬਹਾਲ ਨਹੀਂ ਕੀਤੀਆਂ ਜਾਣਗੀਆਂ ਉਸ ਸਮੇਂ ਤੱਕ ਸੜਕ ਟੋਲ਼ ਫਰੀ ਕਰਨ ਲਈ ਧਰਨਾ ਲਗਾਉਣ ਲਈ ਵਿਉਂਤਬੰਦੀ ਕੀਤੀ ਗਈ।ਇਲਾਕੇ ਵਿੱਚ ਜਾਗਰੂਕਤਾ ਮੁਹਿੰਮ ਚਲਾਉਣ ਉਪਰੰਤ ਅਣਮਿਥੇ ਸਮੇਂ ਲਈ ਟੋਲ਼ ਫ੍ਰੀ ਕਰਾਉਣ ਲਈ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇਗਾ ਅਤੇ ਜਥੇਬੰਦੀ ਮੰਗ ਕਰਦੀ ਹੈ ਕਿ ਹਾਈਵੇਅ ਅਥਾਰਟੀ ਕੋਲੋਂ ਲੋੜੀਂਦੀਆਂ ਸਹੂਲਤਾਂ ਬਹਾਲ ਕਰਾਉਣ ਲਈ ਸਿਵਲ ਪ੍ਰਸ਼ਾਸਨ ਨੂੰ ਵੀ ਆਪਣਾ ਬਣਦਾ ਰੋਲ ਨਿਭਾਉਣਾ ਚਾਹੀਦਾ ਸੀ ।ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਸ਼ਾਇਦ ਕਿਸੇ ਗੰਭੀਰ ਹਾਦਸੇ ਦਾ ਇੰਤਜ਼ਾਰ ਕਰ ਰਿਹਾ ਹੈ। ਮੀਟਿੰਗ ਵਿੱਚ ਮਾਸਟਰ ਗੁਰਚਰਨ ਸਿੰਘ ਚਾਹਲ, ਹਰਨੇਕ ਸਿੰਘ ਮਾਲੜੀ, ਸੁਖਪਾਲ ਸਿੰਘ ਰਾਏ ,ਬਲਵੰਤ ਸਿੰਘ ਮਲਸੀਆਂ, ਮਨਜੀਤ ਸਿੰਘ ਸਾਬੀ ਅਤੇ ਮਨਜੀਤ ਸਿੰਘ ਮਲਸੀਆਂ ਹਾਜ਼ਰ ਸਨ।


ਮੀਟਿੰਗ ਦੌਰਾਨ ਮੋਹਨ ਸਿੰਘ ਬੱਲ, ਮਾਸਟਰ ਗੁਰਚਰਨ ਸਿੰਘ ਚਾਹਲ ਤੇ ਹੋਰ ।

# ਧਮਾਈ ਸਕੂਲ 'ਚ ਸਵਿੱਤਰੀ ਬਾਈ ਫੂਲੇ ਨੂੰ ਕੀਤਾ ਯਾਦ



**ਮਾਹਿਲਪੁਰ (ਸਫਰੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿਖੇ ਵਿਦਿਆਰਥੀਆਂ ਤੇ ਸਟਾਫ ਵਲੋਂ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਬੀਬੀ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਮਨਾਇਆ। ਇਸ ਸਮੇਂ ਲੈਕਚਰਾਰ ਮੁਕੇਸ਼ ਕੁਮਾਰ ਤੇ ਬਲਕਾਰ ਸਿੰਘ ਮਘਾਣੀਆਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਵਿਤਰੀ ਬਾਈ ਫੂਲੇ ਜੀ ਦੇ ਜੀਵਨ ਸੰਬੰਧੀ ਵਿਸਥਾਰ ਨਾਲ ਚਰਚਾ ਕਰਦਿਆਂ ਦਸਿਆ ਕਿ ਔਰਤਾਂ ਨੂੰ ਪੜ੍ਹਨ ਤੇ ਪੜ੍ਹਾਉਣ ਦਾ ਹੱਕ ਜੋਤੀ ਬਾਈ ਫੂਲੇ, ਬੀਬੀ ਸਵਿੱਤਰੀ ਬਾਈ ਫੂਲੇ ਅਤੇ ਬੀਬੀ ਫਾਤਮਾ ਸ਼ੇਖ ਵਰਗੀਆਂ ਸ਼ਖ਼ਸ਼ੀਅਤਾਂ ਦੇ ਨਾ ਭੁੱਲਣਯੋਗ ਯਤਨਾਂ ਸਦਕਾ ਮਿਲਿਆ ਹੈ । ਇਹਨਾਂ ਨੇ ਹੀ ਔਰਤਾਂ ਨੂੰ ਮਨੁੱਖੀ ਜੀਵਨ ਜੀਊਣ ਲਾਇਕ ਬਣਾਇਆ ਹੈ। ਇਸ ਸਮੇਂ ਸਕੂਲ ਸਟਾਫ ਮੈਂਬਰਾਂ ਪਰਮਜੀਤ ਸਿੰਘ , ਦੀਪਕ ਕੌਸ਼ਲ , ਸੁਨੀਤਾ ਕੁਮਾਰੀ, ਕਮਲਜੀਤ ਕੌਰ ,ਖ਼ੁਸ਼ਵਿੰਦਰ ਕੌਰ ਅਤੇ ਸੀਮਾ ਦੇਵੀ ਨੇ ਕਿਹਾ ਕਿ ਇਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਹੋਇਆ ਬਰਾਬਰਤਾ ਤੇ ਲੁੱਟ ਰਹਿਤ ਸਮਾਜ ਸਿਰਜਣ ਲਈ ਲਗਾਤਾਰ ਸੰਘਰਸ਼ ਕਰਨ ਵੱਲ ਵਧਣਾ ਚਾਹੀਦਾ ਹੈ।

# ਸਾਥੀ ਭੀਮ ਸਿੰਘ ਆਲਮਪੁਰ ਨਹੀਂ ਰਹੇ

**ਜਲੰਧਰ (ਰਾਜੇਸ਼ ਥਾਪਾ, ਕੇਸਰ)**



ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਦੀ ਸਕੱਤਰੇਤ ਦੇ ਮੈਂਬਰ ਅਤੇ ਸੰਗਰੂਰ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ ਕਾਮਰੇਡ ਭੀਮ ਸਿੰਘ ਆਲਮਪੁਰ ਸੰਖੇਪ ਬਿਮਾਰੀ ਉਪਰੰਤ ਸਦੀਵੀ ਵਿਛੋੜਾ ਦੇ ਗਏ ਹਨ। ਸਾਥੀ ਭੀਮ ਸਿੰਘ ਉੱਘੇ ਕਿਸਾਨ ਘੁਲਾਟੀਏ ਸਨ ਅਤੇ ਸੀਪੀਐਮ ਪੰਜਾਬ ਤੇ ਆਰਐਮਪੀਆਈ ਦੇ ਸੰਸਥਾਪਕਾਂ ਚੋਂ ਸਨ। ਆਰਐਮਪੀਆਈ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਸੀਨੀਅਰ ਆਗੂਆਂ ਸਾਥੀ ਹਰਕੰਵਲ ਸਿੰਘ, ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ, ਪ੍ਰੋ ਜੈਪਾਲ ਸਿੰਘ, ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ, ਕੁਲਵੰਤ ਸਿੰਘ ਸੰਧੂ, ਮਹੀਪਾਲ, ਡਾ ਸਤਨਾਮ ਸਿੰਘ ਅਜਨਾਲਾ, ਵੇਦ ਪ੍ਰਕਾਸ਼, ਨੱਥਾ ਸਿੰਘ ਪਠਾਨਕੋਟ ਨੇ ਸਾਥੀ ਭੀਮ ਸਿੰਘ ਆਲਮਪੁਰ ਦੇ ਕਿਰਤੀ ਦੀ ਬੰਦ ਖਲਾਸੀ ਦੇ ਸੰਗਰਾਮ 'ਚ ਪਾਏ ਸ਼ਾਨਾਮੱਤੇ ਯੋਗਦਾਨ ਨੂੰ ਫ਼ਖ਼ਰ ਨਾਲ ਸਲਾਮ ਭੇਂਟ ਕਰਦਿਆਂ ਵਿਛੜੇ ਸਾਥੀ ਦੀ ਪਤਨੀ ਅਤੇ ਬੇਟਾ-ਬੇਟਾ ਨਾਲ ਸੰਵੇਦਨਾਵਾਂ ਸਾਂਝੀਆਂ ਕੀਤੀਆਂ ਹਨ।ਪਾਰਟੀ ਆਗੂਆਂ ਸਾਥੀ ਊਧਮ ਸਿੰਘ ਸੰਤੋਖਪੁਰਾ, ਸਰਬਜੀਤ ਸਿੰਘ ਵੜੈਚ ਅਤੇ ਦੇਵ ਰਾਜ ਵਰਮਾ ਨੇ ਜਾਣਕਾਰੀ ਦਿੱਤੀ ਹੈ ਕਿ ਸਾਥੀ ਭੀਮ ਸਿੰਘ ਦਾ ਅੰਤਮ ਸਸਕਾਰ ਉਨ੍ਹਾਂ ਦੇ ਪਿੰਡ ਆਲਮਪੁਰ ਨੇੜੇ ਲਹਿਰਾ ਗਾਗਾ ਵਿਖੇ ਭਲਕੇ 6 ਜਨਵਰੀ 2024 ਨੂੰ ਸਵੇਰੇ 11-00 ਵਜੇ ਕੀਤਾ ਜਾਵੇਗਾ।

# ਸ਼ਨੀਵਾਰ ਨੂੰ ਇੰਤਕਾਲ ਸੰਬੰਧੀ ਸੂਬੇ ਭਰ 'ਚ ਲਗਾਏ ਜਾਣਗੇ ਵਿਸ਼ੇਸ਼ ਕੈਂਪ : ਜਿੰਪਾ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਉੱਤੇ ਅਮਲ ਕਰਦਿਆਂ ਮਾਲ ਵਿਭਾਗ ਨੇ 6 ਜਨਵਰੀ (ਸ਼ਨਿੱਚਰਵਾਰ) ਨੂੰ ਛੁੱਟੀ ਵਾਲੇ ਦਿਨ ਪੰਜਾਬ ਭਰ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਲੰਬਿਤ ਪਏ ਇੰਤਕਾਲ ਦਰਜ ਕਰਨ ਦੀ ਨਿਵੇਕਲੀ ਮੁਹਿੰਮ ਵਿੱਢੀ ਹੈ।ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਲੋਕਾਂ ਤੱਕ ਸੁਚਾਰੂ ਤਰੀਕੇ ਨਾਲ ਪਹੁੰਚਾਉਣ ਦੀ ਦਿਸ਼ਾ ਵਿੱਚ ਵੱਡੀ ਪੁਲਾਂਘ ਪੁੱਟਦਿਆਂ 6 ਜਨਵਰੀ ਨੂੰ ਛੁੱਟੀ ਵਾਲੇ ਦਿਨ ਪੰਜਾਬ ਭਰ ਦੇ ਮਾਲ ਦਫ਼ਤਰਾਂ ਵਿੱਚ ਅਧਿਕਾਰੀ ਤੇ ਮੁਲਾਜ਼ਮ ਹਾਜ਼ਰ ਰਹਿਣਗੇ ਤੇ ਲੰਬਿਤ ਪਏ ਇੰਤਕਾਲ ਦਰਜ ਕਰਨਗੇ। ਜਿੰਪਾ ਨੇ ਲੋਕਾਂ ਨੂੰ ਇਸ ਵਿਸ਼ੇਸ਼ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ ਹੈ। ਵਿਸ਼ੇਸ਼ ਕੈਂਪ ਦੌਰਾਨ ਸਾਰੇ ਲੰਬਿਤ ਇੰਤਕਾਲ ਮੌਕੇ ਉਤੇ ਹੀ ਦਰਜ ਕਰਨ ਲਈ ਅਧਿਕਾਰੀਆਂ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਜਿੰਪਾ ਨੇ ਕਿਹਾ ਕਿ ਉਹ ਲੰਬਿਤ ਇੰਤਕਾਲਾਂ ਦੇ ਨਿਬੇੜੇ ਦੇ ਕੰਮ ਉਤੇ ਲਗਾਤਾਰ ਨਿਗਰਾਨੀ ਰੱਖ ਰਹੇ ਹਨ ਤਾਂ ਜੋ ਇਹ ਕੰਮ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤਣ ਦੀ ਹਦਾਇਤ ਕਰਦਿਆਂ ਆਖਿਆ ਕਿ ਲੋਕਾਂ ਦੇ ਜਾਇਜ਼ ਕੰਮਕਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਬਾਬਤ ਹੈਲਪਲਾਈਨ ਨੰਬਰ 8184900002 ਜਾਰੀ ਕੀਤਾ ਹੋਇਆ ਹੈ ਜਿਸ 'ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮਕਾਰ ਨੂੰ ਚੁਸਤ ਦਰੁਸਤ ਅਤੇ ਸੁਚਾਰੂ ਕਰਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੂਰੀ ਸੁਹਿਰਦਤਾ ਨਾਲ ਲੱਗੇ ਹੋਏ ਹਨ ਅਤੇ ਉਹ ਪੰਜਾਬ ਦੀਆਂ ਤਹਿਸੀਲਾਂ ਦੇ ਅਚਨਚੇਤ ਦੌਰੇ ਵੀ ਕਰ ਰਹੇ ਹਨ। ਮੁੱਖ ਮੰਤਰੀ ਨੇ ਹੁਸ਼ਿਆਰਪੁਰ ਤਹਿਸੀਲ ਦੇ ਆਪਣੇ ਦੌਰੇ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਕੰਮਕਾਜ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਸਨ। ਇਸ ਉਤੇ ਅਮਲ ਕਰਦਿਆਂ ਹੁਣ ਖ਼ੁਦ ਮਾਲ ਮੰਤਰੀ ਆਉਣ ਵਾਲੇ ਦਿਨਾਂ ਵਿੱਚ ਤਹਿਸੀਲ ਦਫ਼ਤਰਾਂ ਦਾ ਅਚਾਨਕ ਦੌਰਾ ਕਰ ਕੇ ਕੰਮਕਾਜ ਦੀ ਸਮੀਖਿਆ ਕਰਨਗੇ ਤਾਂ ਜੋ ਲੋਕਾਂ ਨੂੰ ਪ੍ਰਸ਼ਾਸਨਿਕ ਕੰਮ ਕਰਵਾਉਣ ਵਿੱਚ ਕੋਈ ਦਿੱਕਤ ਨਾ ਆਵੇ।

# ਸਰਪੰਚ ਸੰਦੀਪ ਛੀਨਾ ਦਾ ਕਤਲ ਦੁਖਦਾਈ ਤੇ ਮੰਦਭਾਗੀ ਘਟਨਾ : ਰਣਜੀਤ ਕੁਮਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰਣਜੀਤ ਕੁਮਾਰ ਐਡਵੋਕੇਟ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੂਰ ਨੇ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿੰਡ ਡਡਿਆਣਾ ਦੇ ਸਰਪੰਚ ਸੰਦੀਪ ਛੀਨਾ ਅਤੇ ਬਹੁਜਨ ਸਮਾਜ ਦੇ ਮਿਸ਼ਨਰੀ ਆਗੂ ਦਾ ਦਿਨ ਦਿਹਾੜੇ ਕਤਲ ਬਹੁਤ ਹੀ ਦੁਖਦਾਈ ਅਤੇ ਮੰਦਭਾਗੀ ਘਟਨਾ ਹੈ। ਇਲਾਕੇ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਹਰਮਨ ਪਿਆਰੇ ਸੰਦੀਪ ਛੀਨਾ ਜੀ ਬਹੁਤ ਊਰਜਾਵਾਨ, ਹਿੰਮਤੀ ਅਤੇ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਸਾਥੀ ਸਨ। ਇਹ ਸਮਾਜ ਲਈ ਵੱਡਾ ਘਾਟਾ ਹੈ ਜੋ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸ਼ਨ ਨੂੰ ਇਸ ਸ਼ਾਜਿਸ਼ਾਨਾ ਕਤਲ ਦੀ ਗੰਭੀਰਤਾ ਅਤੇ ਸੰਜੀਦਗੀ ਨਾਲ ਪੜਤਾਲ ਕਰਨੀ ਚਾਹੀਦੀ ਹੈ ਅਤੇ ਕਾਤਲਾਂ ਦੇ ਪਿੱਛੇ ਦੇ ਸ਼ਜਿਸ਼ਕਰਤਾਵਾ ਦੀ ਨਿਸ਼ਾਨਦੇਹੀ ਕਰ ਗ੍ਰਿਫ਼ਤਾਰ ਹੀ ਨਹੀਂ ਸਗੋਂ ਉਹਨਾਂ ਨੂੰ ਸਜ਼ਾ ਦੁਆਉਣੀ ਯਕੀਨੀ ਬਣਾਉਣੀ ਚਾਹੀਦੀ ਹੈ।



# ਦਿਹਾਤੀ ਆਜੀਵਿਕਾ ਮਿਸ਼ਨ ਤਹਿਤ 'ਪਹਿਲ ਪ੍ਰੋਜੈਕਟ' ਦਾ ਉਦਘਾਟਨ

**ਮੋਹਾਲੀ, (ਗੁਰਜੀਤ ਬਿੱਲਾ)**-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਐਸ.ਏ.ਐਸ. ਨਗਰ ਸੋਨਮ ਚੌਧਰੀ ਦੀ ਅਗਵਾਈ ਹੇਠ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ 'ਪਹਿਲ ਪ੍ਰੋਜੈਕਟ' ਦਾ ਉਦਘਾਟਨ ਪਿੰਡ ਮੱਕੜਾਂ, ਬਲਾਕ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਉਪ ਮੁੱਖ ਕਾਰਜਕਾਰੀ ਅਫਸਰ ਜ਼ਿਲ੍ਹਾ ਪ੍ਰੀਸ਼ਦ ਰਣਜੀਤ ਸਿੰਘ ਵੱਲੋਂ ਕੀਤਾ ਗਿਆ। ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਵਿਕਾਸ ਸਿੰਗਲਾ ਵੱਲੋਂ ਦੱਸਿਆ ਗਿਆ ਕਿ ਪ੍ਰੋਜੈਕਟ ਅਧੀਨ ਸਕੂਲੀ ਵਰਦੀਆਂ ਬਣਾਉਣ ਦਾ ਕੰਮ ਪਿੰਡਾਂ ਵਿੱਚ ਬਣੇ ਸਵੈ-ਸਹਾਇਤਾ ਸਮੂਹਾਂ ਦੀਆਂ ਔਰਤਾਂ ਤੋਂ ਕਰਵਾਇਆ ਜਾਵੇਗਾ ਤਾਂ ਜੋ ਉਨ੍ਹਾਂ ਦੀ ਆਜੀਵਿਕਾ ਵਿੱਚ ਵਾਧਾ ਹੋ ਸਕੇ। 'ਪਹਿਲ ਪ੍ਰੋਜੈਕਟ' ਲਈ ਜ਼ਿਲ੍ਹਾ ਉਦਯੋਗ ਵਿਭਾਗ ਦੇ ਸਹਿਯੋਗ ਨਾਲ ਏ.ਐਲ.ਪੀ. ਕੰਪਨੀ ਨਿਸ਼ੀਕਾਵਾ ਦੇ ਸੀ.ਐਸ.ਆਰ. ਫੰਡ ਤਹਿਤ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ਹਨ। ਸੀ.ਜੀ.ਸੀ. ਲਾਂਡਰਾ ਵੱਲੋਂ ਟ੍ਰੇਨਿੰਗ ਲਈ ਵਿਸ਼ੇਸ ਸਹਿਯੋਗ ਦਿੱਤਾ ਗਿਆ ਹੈ। ਨ੍ਹਾਂ ਦੱਸਿਆ ਕਿ 'ਪਹਿਲ ਪ੍ਰੋਜੈਕਟ' ਤਹਿਤ ਸਰਕਾਰੀ ਸਕੂਲਾਂ ਦੀਆਂ 10,000 ਵਰਦੀਆਂ ਮਾਰਚ-2024 ਤੱਕ 'ਰਹਿਮਤ ਆਜੀਵਿਕਾ ਕਲੱਸਟਰ ਲੈਵਲ ਸੰਗਠਨ, ਪਿੰਡ ਮੱਕੜਾਂ' (ਬਲਾਕ ਖਰੜ) ਦੁਆਰਾ ਬਣਾਈਆਂ ਜਾਣਗੀਆਂ। ਪਿੰਡਾਂ ਦੀਆਂ ਔਰਤਾਂ ਵਿੱਚ ਇਸ ਪ੍ਰੋਜੈਕਟ ਪ੍ਰਤੀ ਬਹੁਤ ਉਤਸ਼ਾਹ ਦੇਖਿਆ ਗਿਆ। ਸਰਪੰਚ ਪਰਮਜੀਤ ਕੌਰ ਅਤੇ ਬਲਾਕ ਪ੍ਰੋਗਰਾਮ ਮੈਨੇਜਰ ਮਨਦੀਪ ਕੌਰ ਵੱਲੋਂ ਰੀਬਨ ਕੱਟਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਤੇ ਸੀ.ਜੀ.ਸੀ ਕਾਲਜ ਲਾਂਡਰਾ ਦੇ ਪ੍ਰੋਫੈਸਰ ਡਾ. ਅਮਰੇਸ਼ ਕੁਮਾਰ, ਪੰਚਾਇਤ ਸਕੱਤਰ ਯਾਦਵਿੰਦਰ ਸਿੰਘ, ਜ਼ਿਲ੍ਹਾ ਉਦਯੋਗ ਵਿਭਾਗ ਦੇ ਅਧਿਕਾਰੀ, ਪੀ.ਐਸ.ਆਰ.ਐਲ.ਐਮ. ਸਕੀਮ ਤਹਿਤ ਕੰਮ ਕਰ ਰਹੇ 'ਐਕਟਿਵ ਵਿਮੈਨ ਕਾਡਰ' ਅਤੇ ਸਮੂਹ ਪੀ.ਐਸ.ਆਰ.ਐਲ.ਐਮ. ਸਟਾਫ ਹਾਜ਼ਰ ਸਨ।

# 190 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ



**ਬਿਲਗਾ (ਵਿਜੇ ਕੁਮਾਰ)**

ਸਿਮਰਨਜੀਤ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ ਸਬ-ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਅਮਨ ਸੈਣੀ ਮੁੱਖ ਅਫਸਰ ਥਾਣਾ ਬਿਲਗਾ ਦੀ ਪੁਲਸ ਪਾਰਟੀ ਏ ਐਸ ਆਈ ਸਤਪਾਲ ਸਮੇਤ ਪੁਲਸ ਪਿੰਡ ਸੰਗੋਵਾਲ ਭੁੱਲਰਾਂ ਕਾਦੀਆਂ ਨੂੰ ਜਾ ਰਹੇ ਸਨ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਧਰਮਿੰਦਰ ਸਿੰਘ ਉਰਫ ਲੱਡੂ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਸੁਧਾਰਾਂ ਜੋ ਭਾਰੀ ਮਾਤਰਾ ਵਿਚ ਨਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦਾ ਹੈ, ਮੋਟਰਸਾਈਕਲ ਡਿਸਕਵਰ ਨੰਬਰ PB-10-CN-6942 'ਤੇ ਸਵਾਰ ਹੋ ਕੇ ਅਪਣੇ ਪਿੰਡ ਬੁਰਜ ਹਸਨ ਤੋਂ ਫਿਲੌਰ ਵਾਲੀ ਸਾਈਡ ਮੇਨ ਰੋਡ 'ਤੇ ਜਾ ਰਿਹਾ ਹੈ। ਪੁਲਸ ਵਲੋਂ ਪਿੰਡ ਖੋਖੇਵਾਲ ਬੱਸ ਸਟੈਂਡ 'ਤੇ ਨਾਕਾ ਲਗਾਇਆ ਗਿਆ ਤਾਂ ਉਕਤ ਵਿਅਕਤੀ ਨੂੰ ਸਮੇਤ ਨਜਾਇਜ਼ 190 ਸ਼ਰਾਬ ਦੀਆਂ ਬੋਤਲਾਂ ਕਾਬੂ ਕਰ ਲਿਆ। ਉਸ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮੁਲਜ਼ਮ ਖਿਲਾਫ ਪਹਿਲਾਂ ਵੀ ਨਜਾਇਜ ਸ਼ਰਾਬ ਵੇਚਣ ਦਾ ਧੰਦਾ ਕਰਨ ਦੇ 4 ਮੁਕੱਦਮੇ ਦਰਜ ਹਨ ।

# ਬਲਕਾਰ ਸਿੰਘ ਵੱਲੋਂ ਕਈ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**



ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਵੀਰਵਾਰ ਨੂੰ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਵਿੱਚ ਕਈ ਲੱਖ ਰੁਪਏ ਦੇ ਸੜਕਾਂ, ਸੀਵਰੇਜ ਅਤੇ ਵਾਟਰ ਸਪਲਾਈ ਨਾਲ ਸਬੰਧਤ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ।ਪਿੰਡਾਂ ਦੇ ਤੂਫ਼ਾਨੀ ਦੌਰੇ ਦੌਰਾਨ ਕੈਬਨਿਟ ਮੰਤਰੀ ਨੇ ਪਿੰਡ ਖੁਸਰੋਪੁਰ ਦੇ ਨਵੇਂ ਗੁਰਦੁਆਰਾ ਸਾਹਿਬ ਤੱਕ ਨਵੀਂ ਬਣੀ ਜਲੰਧਰ-ਕਪੂਰਥਲਾ ਸੜਕ ਦਾ ਉਦਘਾਟਨ ਕੀਤਾ। 1.08 ਕਿਲੋਮੀਟਰ ਲੰਮੀ ਇਹ ਸੜਕ 26 ਲੱਖ ਦੀ ਲਾਗਤ ਨਾਲ ਬਣਾਈ ਗਈ ਹੈ। ਉਨ੍ਹਾਂ ਪਿੰਡ ਖੁਸਰੋਪੁਰ ਸਮੇਤ ਹੋਰਨਾਂ ਪਿੰਡ ਵਿੱਚ ਵਾਲਮੀਕਿ ਧਰਮਸ਼ਾਲਾ ਦੀ ਮੁਰੰਮਤ ਅਤੇ ਇੰਟਰਲਾਕਿੰਗ ਟਾਈਲਾਂ ਦਾ ਕੰਮ ਵੀ ਸ਼ੁਰੂ ਕਰਵਾਇਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹਰੇਕ ਪਿੰਡ ਨੂੰ ਨਵੀਆਂ ਸੜਕਾਂ, ਸਟ੍ਰੀਟ ਲਾਈਟਾਂ, ਸਾਫ਼ ਛੱਪੜ ਅਤੇ ਖੇਡ ਮੈਦਾਨ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਲੋਕਾਂ ਦਾ ਜੀਵਨ ਸੁਖਾਲਾ ਹੋ ਸਕੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਮਾਂ ਲਈ ਸਰਕਾਰ ਪਾਸ ਫੰਡਾਂ ਦੀ ਕੋਈ ਕਮੀ ਨਹੀਂ ਹੈ।ਬਲਕਾਰ ਸਿੰਘ ਨੇ ਕਿਹਾ ਕਿ ਆਪ ਨੇ ਲੋਕਾਂ ਨੂੰ ਸਾਫ਼-ਸੁਥਰਾ ਅਤੇ ਪਾਰਦਰਸ਼ੀ ਸ਼ਾਸਨ ਦੇਣ ਦਾ ਵਾਅਦਾ ਕੀਤਾ ਸੀ, ਜਿਸ ਦੇ ਲਈ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਜੰਗ ਵਿੱਢੀ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਵਿੱਚ 600 ਯੂਨਿਟ ਬਿਜਲੀ ਮੁਆਫੀ, ਇਕ ਵਿਧਾਇਕ-ਇਕ ਪੈਨਸ਼ਨ, 664 ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਤੀਰਥ ਯਾਤਰਾ ਸਕੀਮ, ਸਰਕਾਰ ਤੁਹਾਡੇ ਦੁਆਰ, 40000 ਤੋਂ ਵੱਧ ਸਰਕਾਰੀ ਨੌਕਰੀਆਂ ਸਮੇਤ ਹੋਰ ਬਹੁਤ ਲੋਕ ਪੱਖੀ ਫੈਸਲੇ ਸ਼ਾਮਲ ਹਨ।


ਸ੍ਰੀ ਗੀਤਾ ਭਵਨ ਮੰਦਰ ਲੋਹੀਆਂ ਖਾਸ 'ਚ ਨਵਾਂ ਸਾਲ ਬੜੀ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜੰਗਮ ਮੰਡਲੀ ਵੱਲੋਂ ਪਰਮਾਤਮਾ ਦਾ ਗੁਣਗਾਨ ਕੀਤਾ ਗਿਆ ਅਤੇ ਸ਼ਿਵ ਵਿਆਹ ਕੀਤਾ ਗਿਆ। ਸਭ ਸੰਗਤਾਂ ਨੂੰ ਲੰਗਰ ਪ੍ਰਸਾਦ ਵਰਤਾਇਆ ਗਿਆ। (ਫੋਟੋ ਤੇ ਵੇਰਵਾ : ਰੀਨਾ ਸ਼ਰਮਾ/ਯੋਗੇਸ਼ਵਰ)

# ਜੋਗਿੰਦਰ ਮਾਨ ਨੇ ਧਾਮਾਂ ਦੇ ਦਰਸ਼ਨਾਂ ਲਈ ਜਥਾ ਕੀਤਾ ਰਵਾਨਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਫਗਵਾੜਾ ਦੇ ਅਰਬਨ ਅਸਟੇਟ ਤੋਂ ਸ੍ਰੀ ਖਾਟੂ ਸ਼ਿਆਮ ਅਤੇ ਸਾਲਾਸਰ ਬਾਲਾ ਜੀ ਧਾਮ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੇ ਜੱਥੇ ਨੂੰ ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ। ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਯਾਤਰਾ ਦੀ ਸਫਲਤਾ ਲਈ ਅਰਦਾਸ ਹੋਈ ਅਤੇ ਨਾਰੀਅਲ ਤੋੜਿਆ ਗਿਆ। ਜੋਗਿੰਦਰ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਤੀਰਥ ਅਸਥਾਨਾਂ ਦੀ ਯਾਤਰਾ ਕਰਵਾਉਣ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਬਹੁਤ ਸਾਰੇ ਸ਼ਰਧਾਲੂ ਆਰਥਕ ਤੰਗੀ ਕਾਰਨ ਤੀਰਥਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਸਨ ਪਰ ਹੁਣ ਪੰਜਾਬ ਸਰਕਾਰ ਦੀ ਇਸ ਯੋਜਨਾ ਤਹਿਤ ਲੋੜਵੰਦ ਸ਼ਰਧਾਲੂਆਂ ਨੂੰ ਬਹੁਤ ਰਾਹਤ ਮਿਲੀ ਹੈ। ਯਾਤਰਾ 'ਚ ਸ਼ਾਮਲ ਸੰਗਤ ਨੇ ਜੋਗਿੰਦਰ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੀ ਬਦੌਲਤ ਅੱਜ ਉਹ ਤੀਰਥ ਯਾਤਰਾ ਕਰਨ ਦੀ ਇੱਛਾ ਪੂਰੀ ਕਰਨ ਜਾ ਰਹੇ ਹਨ। ਇਸ ਦੌਰਾਨ ਤਹਿਸੀਲਦਾਰ ਬਲਜਿੰਦਰ ਸਿੰਘ ਨੇ ਵੀ ਸਮੂਹ ਤੀਰਥ ਯਾਤਰੀਆਂ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਮੌਕੇ ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਬਲਾਕ ਪ੍ਰਧਾਨ ਬਲਬੀਰ ਠਾਕੁਰ ਤੇ ਨਰੇਸ਼ ਸ਼ਰਮਾ ਤੋਂ ਇਲਾਵਾ ਸੁਖਦੇਵ ਸਿੰਘ ਲਾਲ, ਚਮਨ ਲਾਲ, ਨਿਰਮਲ ਸਿੰਘ, ਕੁਲਵਿੰਦਰ ਚੱਠਾ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਤੁੱਲੀ, ਗੁਰਜੀਤ ਸਿੰਘ ਗੁਰੀ, ਪ੍ਰਿਤਪਾਲ ਕੌਰ ਤੁੱਲੀ, ਅਮਨਦੀਪ ਕੌਰ, ਗੁਰਪ੍ਰੀਤ ਕੌਰ ਜੰਡੂ ਆਦਿ ਹਾਜਰ ਸਨ।



# ਗਣਤੰਤਰ ਦਿਵਸ ਦੀਆਂ ਤਿਆਰੀਆਂ ਸੰਬੰਧੀ ਐਸ ਡੀ ਐਮ ਦੀ ਅਗਵਾਈ ਹੇਠ ਮੀਟਿੰਗ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**



ਅਮਨ ਨਗਰੀ ਸੁਲਤਾਨਪੁਰ ਲੋਧੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗਣਤੰਤਰ ਦਿਵਸ ਧੂਮ ਧਾਮ ਨਾਲ ਮਨਾਉਣ ਸੰਬੰਧੀ ਸਥਾਨਕ ਐਸ ਡੀ ਐਮ ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਸਮੂਹ ਅਧਿਕਾਰੀਆਂ, ਸੰਸਥਾਵਾਂ ਦੇ ਪ੍ਰਬੰਧਕਾਂ ਦੀ ਵਿਸ਼ੇਸ਼ ਮੀਟਿੰਗ ਮਾਰਕੀਟ ਕਮੇਟੀ ਦਫਤਰ ਵਿਖੇ ਕਰਵਾਈ ਗਈ, ਜਿਸ 'ਚ ਸਮਾਰੋਹ ਦੀਆਂ ਸਮੁੱਚੀਆਂ ਤਿਆਰੀਆਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ ਐਸ ਡੀ ਐਮ ਜਸਪ੍ਰੀਤ ਸਿੰਘ ਨੇ ਦੱਸਿਆ ਕਿ (26 ਜਨਵਰੀ) ਗਣਤੰਤਰ ਦਿਵਸ ਦਾ ਤਿਉਹਾਰ ਉਤਸਾਹ ਨਾਲ ਪਾਵਨ ਨਗਰੀ ਸੁਲਤਾਨਪੁਰ ਲੋਧੀ ਦੀ ਨਵੀਂ ਦਾਣਾ ਮੰਡੀ ਵਿਖੇ ਮਨਾਇਆ ਜਾਵੇਗਾ। ਉਨਾਂ ਦੱਸਿਆ ਕਿ ਇਸ ਸਮਾਗਮ 'ਚ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਸਕੂਲੀ ਬੱਚਿਆਂ ਦੀ ਪਰੇਡ ਅਤੇ ਪੁਲਸ ਟੁਕੜੀ ਵੱਲੋਂ ਸਲਾਮੀ ਦਿੱਤੀ ਜਾਵੇਗੀ। ਉਪਰੰਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਜਾਵੇਗਾ। ਇਸ ਸਮਾਗਮ 'ਚ ਰਾਜ ਸਭਾ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਸੁਲਤਾਨਪੁਰ ਲੋਧੀ ਤੇ ਹੋਰ ਪ੍ਰਮੁੱਖ ਸਖਸੀਅਤਾਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ। ਉਹਨਾਂ ਦੱਸਿਆ ਕਿ ਸਬ ਡਿਵੀਜਨ ਦੇ ਸਮੂਹ ਅਧਿਕਾਰੀ ਸਾਹਿਬਾਨ ਤੇ ਹੋਰ ਸੰਸਥਾਵਾਂ ਦੇ ਪ੍ਰਬੰਧਕਾਂ ਦੀ ਇਸ ਸਮਾਗਮ ਨੂੰ ਸ਼ਾਨਦਾਰ ਤਰੀਕੇ ਨਾਲ ਮਨਾਉਣ ਸਬੰਧੀ ਡਿਊਟੀਆਂ ਲਗਾਈਆਂ ਗਈਆਂ ਹਨ। ਇਸ ਸਮਾਗਮ ਦੀ ਫਾਈਨਲ ਰਹਿਸਲ 24 ਜਨਵਰੀ ਨੂੰ ਨਵੀਂ ਦਾਣਾ ਮੰਡੀ ਸੁਲਤਾਨਪੁਰ ਲੋਧੀ 'ਚ ਹੋਵੇਗੀ। ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਸੰਸਥਾਵਾਂ ਨੂੰ ਇਸ ਸਮਾਗਮ ਨੂੰ ਸਾਨਦਾਰ ਬਣਾਉਣ ਲਈ ਸਹਿਯੋਗ ਦੀ ਅਪੀਲ ਕੀਤੀ। ਇਸ ਮੌਕੇ ਐਸ ਡੀ ਐਮ ਜਸਪ੍ਰੀਤ ਸਿੰਘ ਤੋਂ ਇਲਾਵਾ ਡਾਕਟਰ ਰਵਿੰਦਰਪਾਲ ਸ਼ੁਭ, ਐਸਐਮਓ ਸੁਲਤਾਨਪੁਰ ਲੋਧੀ ਡਾਕਟਰ ਮੋਹਣਪ੍ਰੀਤ ਸਿੰਘ ਐਸਐਮਓ ਟਿੱਬਾ, ਬੀਐਸ ਗਿੱਲ ਕਾਰਜ ਸਾਧਕ ਅਫਸਰ, ਜਸਜੀਤ ਕੌਰ ਬੀ ਡੀ ਪੀ ਓ, ਰਜਿੰਦਰ ਕੌਰ, ਪੁਨੀਤ ਕੁਮਾਰ, ਚਰਨਜੀਤ ਕੁਮਾਰ, ਬਲਦੇਵ ਸਿੰਘ ਟੀਟਾ, ਬਲਵਿੰਦਰ ਸਿੰਘ, ਸੁਨੀਲ ਚੌਹਾਨ, ਰਣਜੀਤ ਸਿੰਘ, ਗੁਰਦੀਪ ਸਿੰਘ ਐਸ ਡੀ ਓ ਪਾਵਰਕਾਮ, ਪ੍ਰਿੰਸੀਪਲ ਤਰਸੇਮ ਸਿੰਘ, ਜਸਬੀਰ ਸਿੰਘ, ਰਣਜੀਤ ਸਿੰਘ, ਜਤਿੰਦਰ ਥਿੰਦ, ਸਿਕੰਦਰ, ਲਖਵਿੰਦਰ ਸਿੰਘ, ਜਗਦੀਸ਼ ਕੁਮਾਰ ਸਟੈਨੋ ਆਦਿ ਸਮੇਤ ਵੱਡੀ ਗਿਣਤੀ 'ਚ ਹੋਰ ਅਧਿਕਾਰੀ ਹਾਜ਼ਰ ਸਨ।

# ਘੁੜਕਾ ਵਿਖੇ ਲਗਾਇਆ ਅੱਖਾਂ ਦਾ ਮੁਫਤ ਜਾਂਚ ਤੇ ਅਪ੍ਰੇਸ਼ਨ ਕੈਂਪ

**ਗੁਰਾਇਆ (ਬਿੰਦਰ ਸੁੰਮਨ)**

ਸਮਾਜ ਸੇਵਾ ਦੀ ਲੜੀ ਦੇ ਤਹਿਤ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਪਿੰਦੂ ਜੌਹਲ ਯੂ.ਕੇ ਦੀ ਅਗਵਾਈ ਹੇਠ ਅੱਖਾਂ ਦਾ ਮੁਫਤ ਜਾਂਚ ਅਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ। ਜਿਸ ਦੀ ਸ਼ੁਰੂਆਤ ਸੰਤ ਬਾਬਾ ਗੁਰਚਰਨ ਸਿੰਘ ਮੁੱਖ ਸੇਵਾਦਾਰ ਨਿਰਮਲ ਕੁਟੀਆ ਛੰਭ ਵਾਲੀ ਪੰਡਵਾਂ ਵਾਲਿਆਂ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਕੀਤੀ ਗਈ। ਇਸ ਮੌਕੇ ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਤੋਂ ਆਈ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਮਰੀਜ਼ਾ ਦੀਆ ਅੱਖਾਂ ਦੀ ਜਾਂਚ ਕਰਕੇ ਮੁਫਤ ਐਨਕਾਂ ਅਤੇ ਦਵਾਈਆਂ ਦਿੱਤੀਆਂ ਗਈਆਂ। ਅਪ੍ਰੇਸ਼ਨ ਲਈ ਚੁਣੇ ਗਏ ਮਰੀਜ਼ਾਂ ਦੇ ਮੁਫਤ ਅਪ੍ਰੇਸ਼ਨ ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਵਿਖੇ ਕੀਤੇ ਜਾਣਗੇ। 6 ਜਨਵਰੀ ਨੂੰ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਖੂਨਦਾਨ ਕੈਂਪ ਲਗਾਇਆ ਜਾਵੇਗਾ। 9 ਜਨਵਰੀ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਹੋਣਗੇ। 11 ਜਨਵਰੀ ਨੂੰ 5101 ਨਵ ਜੰਮੀਆਂ ਬੱਚੀਆਂ ਦੀ ਲੋਹੜੀ ਪਾਈ ਜਾਵੇਗੀ। ਇਸ ਮੌਕੇ ਐਡਵੋਕੇਟ ਅਸ਼ਵਨੀ ਕੁਮਾਰ, ਅਮਰੀਕ ਸੰਧੂ, ਤਰਲੋਚਨ ਸਿੰਘ ਜੌਹਲ, ਬੱਬੀ ਜੌਹਲ, ਜੁਝਾਰ ਸੱਗੂ, ਸੰਤੋਸ਼ ਗੋਗੀ, ਸੁੱਖਾ ਬਾਹੋਵਾਲ, ਸੁੱਖਮਨ ਸਿੰਘ, ਮੇਜ਼ਰ ਸਿੰਘ, ਬੱਬੂ ਨੰਬਰਦਾਰ, ਮਨੀ ਘੁੜਕਾ, ਗੋਲੂ ਘੁੜਕਾ ਤੋ ਇਲਾਵਾ ਹੋਰ ਹਾਜ਼ਰ ਸਨ।



# ਪ੍ਰਭ ਆਸਰਾ ਦੀ ਟੀਮ ਵੱਲੋਂ ਮਾਨਸਿਕ ਰੋਗੀ ਨੌਜਵਾਨ ਦਾ ਇਲਾਜ ਸ਼ੁਰੂ



**ਕੁਰਾਲੀ (ਮੋਹਨ ਅਗਰਵਾਲ)**

ਲਵਾਰਿਸ ਤੇ ਬੇਸਹਾਰਾ ਨਾਗਰਿਕਾਂ ਦੀ ਸੇਵਾ ਸੰਭਾਲ ਕਰ ਰਹੀ ਸੰਸਥਾ ਪ੍ਰਭ ਆਸਰਾ ਵੱਲੋਂ ਪਿੰਡ ਖੈਰਪੁਰ ਦੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਅਤੇ ਬੇਸਹਾਰਾ ਨੌਜਵਾਨ ਨੂੰ ਰੈਸਕਿਊ ਕਰਕੇ ਸੰਸਥਾ 'ਚ ਦਾਖਿਲ ਕੀਤਾ ਗਿਆ। ਸੰਸਥਾ ਦੇ ਮੁੱਖੀ ਭਾਈ ਸਮਸ਼ੇਰ ਸਿੰਘ ਤੇ ਬੀਬੀ ਰਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਬਲਾਕ ਮਾਜਰੀ ਨੇੜਲੇ ਪਿੰਡ ਖੈਰਪੁਰ ਦਾ ਨੌਜਵਾਨ ਮਨਪ੍ਰੀਤ ਸਿੰਘ ਗਾਜੀ ਜਿਸਦਾ ਪਿਤਾ ਦੁਨੀਆਂ 'ਤੇ ਨਹੀਂ ਰਿਹਾ ਅਤੇ ਮਾਤਾ ਵੀ ਮਾਨਸਿਕ ਪ੍ਰੇਸ਼ਾਨ ਹੋਣ ਅਤੇ ਅੱਖਾਂ ਤੋਂ ਨਾ ਦਿਸਣ ਕਾਰਣ ਪਿਛਲੇ ਕਈ ਸਾਲਾਂ ਤੋਂ ਸੰਸਥਾ ਪ੍ਰਭ ਆਸਰਾ ਕੁਰਾਲੀ ਵਿੱਚ ਦਾਖਿਲ ਹੈ ਤੇ ਇਲਾਜ ਚੱਲ ਰਿਹਾ ਹੈ। ਇਹ ਨੌਜਵਾਨ ਪੇਂਟ ਕਰਨ ਦਾ ਕੰਮ ਕਰਦਾ ਸੀ ਤੇ ਅਚਾਨਕ ਘਰ ਦੇ ਵਿਗੜੇ ਹਾਲਾਤਾਂ 'ਤੇ ਨਸ਼ੇ ਕਾਰਨ ਇਸ ਅਵਾਸਥਾ 'ਚ ਪੁੱਜ ਗਿਆ ਤੇ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ 'ਚ ਸੜਕਾਂ 'ਤੇ ਹੀ ਘੁੰਮਦਾ ਰਹਿੰਦਾ ਸੀ। ਅੱਤ ਦੀ ਠੰਡ ਵਿੱਚ ਸੜਕ ਕਿਨਾਰੇ ਹੀ ਸੌਂ ਜਾਂਦਾ , ਸੰਭਾਲ ਅਤੇ ਇਲਾਜ ਬਿਨਾਂ ਲੰਮਾ ਸਮਾਂ ਰੁਲਦਾ ਵੇਖ ਕੇ ਵਸਨੀਕਾਂ ਨੇ ਪ੍ਰਸ਼ਾਸਨ ਅਤੇ ਸੰਸਥਾ ਨੂੰ ਜਾਣਕਾਰੀ ਦਿੱਤੀ ਤਾਂ ਸੰਸਥਾ ਦੀ ਰੈਸਕਿਊ ਟੀਮ ਪੈਰਾਮੈਡੀਕਲ ਸਟਾਫ ਨਾਲ ਐਂਬੂਲੈਂਸ ਲੈ ਕੇ ਮੌਕੇ 'ਤੇ ਪਹੁੰਚੀ ਅਤੇ ਉਸਦੀ ਤਰਸਯੋਗ ਹਾਲਾਤ ਨੂੰ ਵੇਖਦੇ ਹੋਏ ਪ੍ਰਭ ਆਸਰਾ ਕੁਰਾਲੀ ਵਿਖੇ ਸੰਭਾਲ ਅਤੇ ਇਲਾਜ ਲਈ ਦਾਖਲ ਕਰ ਲਿਆ ਗਿਆ।

# ਆਲ ਇੰਡੀਆ ਇੰਟਰ 'ਵਰਸਿਟੀ ਫੁੱਟਬਾਲ ਟੂਰਨਾਮੈਂਟ ਤੀਸਰੇ ਦਿਨ ਚਾਰ ਟੀਮਾਂ ਵਿਚਾਲੇ ਹੋਏ ਮੁਕਾਬਲੇ



**ਆਦਮਪੁਰ (ਪਰਮਜੀਤ ਸਿੰਘ)**

ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ (ਜਲੰਧਰ) ਵਿਖੇ ਚਲ ਰਿਹਾ ਆਲ ਇੰਡੀਆ ਇੰਟਰ ਯੂਨੀਵਰਸਿਟੀ ਫੁੱਟਬਾਲ ਟੂਰਨਾਮੈਂਟ ਸੰਤ ਬਾਬਾ ਜਨਕ ਸਿੰਘ ਦੇ ਅਸ਼ੀਰਵਾਦ ਨਾਲ ਤੀਸਰੇ ਦਿਨ 'ਚ ਪ੍ਰਵੇਸ਼ ਕਰ ਗਿਆ। ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਏਪੁਰ ਤੇ ਵਿਸ਼ੇਸ਼ ਮਹਿਮਾਨ ਵੱਜੋਂ ਆਮ ਆਦਮੀ ਪਾਰਟੀ ਆਦਮਪੁਰ ਦੇ ਸੀਨੀਅਰ ਆਗੂ ਹਰਿੰਦਰ ਸਿੰਘ ਨੇ ਸ਼ਿਰਕਤ ਕੀਤੀ । ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਦੱਸਿਆ ਕਿ ਯੂਨੀਵਰਸਿਟੀ 'ਚ ਚਲ ਰਹੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਫੁੱਟਬਾਲ ਟੂਰਨਾਮੈਂਟ 'ਚ ਭਾਰਤ ਦੇ ਵੱਖ ਵੱਖ ਹਿੱਸਿਆ 'ਚੋਂ 32 ਟੀਮਾਂ ਸ਼ਿਰਕਤ ਕੀਤੀ ਤੇ ਤੀਸਰੇ ਦਿਨ 4 ਮੈਚ ਖੇਡੇ, ਜਿਸ ਵਿੱਚ ਦਿੱਲੀ ਯੂਨੀਵਰਸਿਟੀ ਨੇ ਡੀ. ਡੀ. ਯੂ. ਗੋਰਖਪੁਰ ਦੀ ਟੀਮ ਨੂੰ 13-0, ਏ. ਐਮ. ਯੂ. ਅਲੀਗੜ੍ਹ ਨੇ ਸੀ. ਬੀ. ਐਲ. ਯੂ 1-0, ਕੋਟਾ ਯੂਨੀਵਰਸਿਟੀ ਨੇ ਐਲ. ਐਨ. ਆਈ. ਪੀ. ਗਵਾਲੀਅਰ ਨੂੰ 4-0 ਨਾਲ ਹਰਾਇਆ ਤੇ ਜੀ. ਐਨ. ਏ. ਫਗਵਾੜਾ ਤੇ ਆਈ. ਆਈ. ਐਮ ਟੀ. ਯੂਨੀਵਰਸਿਟੀ ਬਰਾਬਰੀ 'ਤੇ ਰਹੀਆਂ। ਰਾਏਪੁਰ ਨੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਸਮੂਹ ਸਟਾਫ਼ ਨੂੰ ਇਸ ਟੂਰਨਾਮੈਂਟ ਨੂੰ ਵਧੀਆ ਢੰਗ ਨਾਲ ਚਲਾਉਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਟੂਰਨਾਮੈਂਟ ਕਰਵਾਉਣ ਨਾਲ ਭਾਰਤ ਦੇ ਵੱਖ ਵੱਖ ਸੂਬਿਆਂ ਦੀਆਂ ਯੂਨੀਵਰਸਿਟੀਆਂ 'ਚੋਂ ਆਏ ਖਿਡਾਰੀਆਂ 'ਚ ਆਪਸੀ ਪ੍ਰੇਮ ਤੇ ਭਾਈਚਾਰਕ ਸਾਂਝ ਵੱਧਦੀ ਹੈ ਤੇ ਉਹ ਨਸ਼ਿਆਂ ਤੋਂ ਦੂਰ ਰਹਿ ਇੱਕ ਚੰਗੇ ਖਿਡਾਰੀ ਬਣ ਦੇਸ਼ ਦੀ ਤਰੱਕੀ 'ਚ ਅਹਿਮ ਯੋਗਦਾਨ ਪਾਉਂਦੇ ਹਨ। ਵਾਇਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਰਾਏਪੁਰ ਤੇ ਹਰਿੰਦਰ ਸਿੰਘ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸੈਕਟਰੀ ਹਰਦਮਨ ਸਿੰਘ ਮਿਨਹਾਸ, ਪਰਮਜੀਤ ਸਿੰਘ, ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰਿੰਸੀਪਲ ਡਾ. ਰਣਵੀਰ ਸਿੰਘ, ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ,ਧੀਰਜ ਜਨਰਲ ਮੈਨੇਜਰ ਸਪਾਰਟਨ,ਡਾ. ਅਨੀਤ ਕੁਮਾਰ ਰਜਿਸਟਰਾਰ, ਡਾ. ਆਰ. ਐਸ. ਪਠਾਨੀਆਂ, ਡਾ. ਅਮਰਜੀਤ ਸਿੰਘ ਮੁੱਖੀ ਸਰੀਰਕ ਸਿੱਖਿਆ ਵਿਭਾਗ, ਡਾ. ਮਨਦੀਪ ਸਿੰਘ, ਡਾ. ਅਮਰਜੀਤ ਸਿੰਘ ਚੌਧਰੀ,ਸਰਬਜੀਤ ਸਿੰਘ, ਡਾ. ਪਰਨਾਮ ਸਿੰਘ, ਡਾ. ਕੇ ਪੀ ਐਸ ਮਾਹੀ, ਡਾ. ਮਨਜੀਤ ਕੌਰ, ਡਾ. ਸੁਰਿੰਦਰ ਕੌਰ, ਪ੍ਰੋਫੈਸਰ ਅਮਰਜੋਤ ਕੌਰ,ਪ੍ਰੋਫੈਸਰ ਪ੍ਰਭਜੋਤ,ਪ੍ਰੋਫੈਸਰ ਸੁੱਖਵਿੰਦਰ,ਪ੍ਰੋਫੈਸਰ ਸਰਨਪ੍ਰੀਤ ਸਿੰਘ, ਫੁੱਟਬਾਲ ਕੋਚ ਅਜੈ ਸਿੰਘ ਤੇ ਹੋਰ ਪਤਵੰਤੇ ਹਾਜਰ ਸਨ।

# ਡਰਾਈਵਰਾਂ ਦੇ ਸੰਘਰਸ਼ ਦੀ ਹਮਾਇਤ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**- ਕਿਰਤੀ ਕਿਸਾਨ ਯੂਨੀਅਨ ਦੀ ਜ਼ਰੂਰੀ ਮੀਟਿੰਗ ਕੀਤੀ ਗਈ, ਜਿਸ ਵਿਚ ਟਰੱਕ ਡਰਾਈਵਰਾਂ ਦੇ ਸੰਘਰਸ਼ ਦੀ ਹਿਮਾਇਤ ਕੀਤੀ ਗਈ। ਜ਼ਿਲ੍ਹਾ ਸਕੱਤਰ ਗੁਰਕਮਲ ਸਿੰਘ ਨੇ ਦੱਸਿਆ ਕਿ ਹਿਟ ਐਂਡ ਰਨ ਵਰਗਾ ਕਾਲਾ ਕਾਨੂੰਨ ਜਿਸ ਵਿਚ ਡਰਾਈਵਰ ਵਰਗ ਨਾਲ਼ ਬੇਇਨਸਾਫੀ ਹੋਵੇਗੀ ਅਤੇ ਦਸ ਲੱਖ ਜੁਰਮਾਨਾ ਅਤੇ ਸੱਤ ਸਾਲ ਸਜਾ ਭੁਗਤਣੀ ਪਵੇਗੀ, ਇਹ ਕਾਨੂੰਨ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਅਤੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ ਨੇ ਸ਼ਪੱਸ਼ਟ ਕੀਤਾ ਕਿ ਉਹ ਸਰਕਾਰ ਦੇ ਇਸ ਫੈਸਲੇ ਦੀ ਪੁਰਜ਼ੋਰ ਨਿਖੇਧੀ ਕਰਦੇ ਹਨ ਅਤੇ ਸਘਰਸ਼ਸ਼ੀਲ ਲੋਕਾਂ ਨਾਲ ਚਟਾਨ ਵਾਂਗ ਖੜ੍ਹੇ ਰਹਿਣਗੇ।



# ਕੌਮੀ ਰਾਜਮਾਰਗਾਂ 'ਤੇ ਅਵੈਧ ਕਟਸ ਨੂੰ ਤੁਰੰਤ ਬੰਦ ਕੀਤਾ ਜਾਵੇ : ਮੂਲਚੰਦ ਸ਼ਰਮਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਟ੍ਰਾਂਸਪੋਰਟ ਮੰਤਰੀ ਮੂਲਚੰਦ ਸ਼ਰਮਾ ਨੇ ਕਿਹਾ ਕਿ ਕੌਮੀ ਰਾਜ ਮਾਰਗ-44 ਨੂੰ ਜੀਰੋ ਟੋਲਰੇਂਸ ਜੋਨ ਬਣਾਇਆ ਜਾਵੇ। ਨਾਲ ਹੀ ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇੰਨ੍ਹਾਂ ਮਾਰਗਾਂ 'ਤੇ ਸਾਰੇ ਅਵੈਧ ਕੱਟਸ (ਲਾਂਘੇ) ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕੀਤਾ ਜਾਵੇ ਤਾਂ ਜੋ ਦੁਰਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਕੌਮੀ ਰਾਜਮਾਰਗਾਂ 'ਤੇ ਜਿਨ੍ਹਾਂ ਢਾਬਿਆਂ ਅਤੇ ਪੈਟਰੋਲ ਪੰਪਾਂ ਦੇ ਸਾਹਮਣੇ ਅਵੈਧ ਕੱਟ ਬਣਾਏ ਗਏ ਹਨ ਉਨ੍ਹਾਂ ਦੇ ਖਿਲਾਫ ਏਫਆਈਆਰ ਦਰਜ ਕੀਤੀ ਜਾਵੇ। ਮੂਲਚੰਦ ਸ਼ਰਮਾ ਇੱਥੇ ਪ੍ਰਬੰਧਿਤ ਸੂਬਾ ਸੜਕ ਸੁਰੱਖਿਆ ਪਰਿਸ਼ਦ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਸ਼ਰਮਾ ਨੇ ਕਿਹਾ ਕਿ ਸਾਡਾ ਉਦੇਸ਼ ਸੜਕਾਂ 'ਤੇ ਹੋਣ ਵਾਲੀਆਂ ਦੁਰਘਟਨਾਵਾਂ ਵਿਚ ਕਮੀ ਲਿਆਉਣਾ ਹੈ। ਦੁਰਘਟਨਾਵਾਂ ਨੂੰ ਕੰਟਰੋਲ ਕਰਨ ਲਈ ਕੌਮੀ ਰਾਜਮਾਰਗਾਂ 'ਤੇ ਵੱਧ ਤੋਂ ਵੱਧ ਪੈਟਰੋਲਿੰਗ ਵਾਹਨ ਯਕੀਨੀ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸੜਕ ਦੁਰਘਟਨਾ ਸੰਭਾਵਿਤ ਬਿੰਦੂਆਂ, ਸਪੀਡ ਬ੍ਰੇਕਰ, ਸਾਇਨ ਬੋਰਡ, ਰੋਡ ਮਾਰਕਿੰਗ, ਕੈਟਆਇਜ ਅਤੇ ਬਲਾਕ ਸਪਾਟ ਆਦਿ ਬਿੰਦੂਆਂ 'ਤੇ ਕੰਮ ਤੁਰੰਤ ਪੂਰਾ ਕੀਤਾ ਜਾਵੇ। ਨਾਲ ਹੀ ਉਨ੍ਹਾਂ ਨੇ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਪਿਛਲੇ ਮਹੀਨੇ ਜਿਨ੍ਹਾਂ ਸਥਾਨਾਂ 'ਤੇ ਸੜਕ ਦੁਰਘਟਨਾ ਦੀ ਵਜ੍ਹਾ ਨਾਲ ਲੋਕਾਂ ਦੀ ਜਾਣ ਗਈ ਹੈ, ਉੱਥੇ ਬਿਨ੍ਹਾਂ ਨਵੇਂ ਟੈਂਡਰ ਜਾਰੀ ਕੀਤੇ, ਪਿਛਲੇ ਜਾਰੀ ਕੀਤੇ ਗਏ ਟੈਂਡਰਦੇ ਆਧਾਰ 'ਤੇ ਜਲਦੀ ਸਾਇਨ ਬੋਰਡ, ਰੋਡ ਮਾਰਕਿੰਗ ਅਤੇ ਬਲੈਕ ਸਪਾਟ ਆਦਿ ਬਿੰਦੂਆਂ 'ਤੇ ਤੁਰੰਤ ਕਾਰਜ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਦਸਿਆ ਕਿ ਟ੍ਰਾਂਸਪੋਰਟ ਮੰਤਰਾਲੇ, ਭਾਰਤ ਸਰਕਾਰ, ਵੱਲੋਂ ਜਾਰੀ ਏਕੀਕ੍ਰਿਤ ਸੜਕ ਦੁਰਘਟਨਾ ਡੇਟਾਬੇਸ (ਈਡੀਏਆਰ) ਪਰਿਯੋਜਨਾ ਸਾਰੇ ਸੂਬਿਆਂ ਦੇ ਲਈ ਸ਼ੁਰੂ ਕੀਤੀ ਗਈ ਹੈ ਅਤੇ ਇਸ ਨੂੰ ਹਰਿਆਣਾ ਵਿਚ ਵੀ ਲਾਗੂ ਕੀਤਾ ਜਾ ਚੁੱਕਾ ਹੈ, ਜਿਸ ਵਿਚ ਇਸ ਪਰਿਯੋਜਨਾ ਦੇ ਲਈ ਟ੍ਰਾਂਸਪੋਰਟ ਵਿਭਾਗ ਨੂੰ ਨੋਡਲ ਵਿਭਾਗ ਨਿਯੁਕਤ ਕੀਤਾ ਗਿਆ ਹੈ ਅਤੇ ਇਸ ਵਿਚ ਟ੍ਰਾਂਸਪੋਰਟ ਦੇ ਇਲਾਵਾ ਪੁਲਸ, ਸਿਹਤ, ਏਨਏਚਏਆਈ, ਪੀਡਬਲਿਯੂਡੀ, ਏਚਏਸਆਈਡੀਸੀ, ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਅਤੇ ਸਥਾਨਕ ਨਿਗਮ ਵਿਭਾਗਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿਚ ਸਬੰਧਿਤ ਵਿਭਾਗਾਂ ਦੇ ਨੋਡਲ ਅਧਿਕਾਰੀਆਂ ਵੱਲੋਂ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਇਸ ਸੜਕ ਸੁਰੱਖਿਆ ਪਰਿਯੋਜਨਾ 'ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਪੋਰਟਲ 'ਤੇ ਸਾਰੇ ਵਿਭਾਗਾਂ ਆਪਣੀ ਰਿਪੋਰਟ ਪਾਈ ਜਾਂਦੀ ਹੈ ਉਨ੍ਹਾਂ ਨੇ ਸਾਰੇ 22 ਜ਼ਿਲ੍ਹਿਆਂ ਵਿਚ 11 ਤੋਂ 17 ਜਨਵਰੀ ਤਕ ਕੌਮੀ ਸੜਕ ਸੁਰੱਖਿਆ ਹਫਤਾ ਮਨਾਉਣ ਨੂੰ ਕਿਹਾ ਹੈ ਤਾਂ ਜੋ ਲਾਪ੍ਰਵਾਹ ਡਰਾਈਵਿੰਗ ਦੇ ਨਤੀਜਿਆਂ ਦੇ ਬਾਰੇ ਵਿਚ ਜਨਤਾ ਨੂੰ ਦਸਿਆ ਜਾ ਸਕੇ। ਇਸ ਤੋਂ ਇਲਾਵਾ, ਇਸ ਨੂੰ ਸਕੂਲਾਂ, ਕੰਮਿਉਨਿਟੀ ਸੈਂਟਰਾਂ ਅਤੇ ਕਾਰਜਸਥਾਨਾਂ ਵਿਚ ਪੇਸ਼ਗੀਆਂ ਅਤੇ ਵਰਕਸ਼ਾਪਾਂ ਪ੍ਰਬੰਧਿਤ ਕਰ ਸੜਕ ਸੁਰੱਖਿਆ ਨਿਯਮਾਂ ਦੇ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੁਕ ਕੀਤਾ ਜਾ ਸਕੇ। ਮੀਟਿੰਗ ਵਿਚ ਵਿੱਤ ਕਮਿਸ਼ਨਰ ਰਾਜ ਤੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ, ਟ੍ਰਾਂਸਪੋਰਟ ਵਿਭਾਗ ਦੇ ਪ੍ਰਧਾਨ ਸਕੱਤਰ ਨਵਦੀਪ ਸਿੰਘ ਵਿਰਕ, ਸੂਚਨਾ, ਜਨ ਸੰਪਰਕ ਅਤੇ ਭਾਸ਼ਾ ਵਿਭਾਗ ਅਤੇ ਖਾਨ ਅਤੇ ਭੂ ਵਿਗਿਆਨ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ, ਆਈਜੀ ਟ੍ਰੈਫਿਕ ਹਰਦੀਪ ਦੂਨ, ਟ੍ਰਾਂਸਪੋਰਟ ਕਮਿਸ਼ਨਰ ਯਸ਼ੇਂਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਰੁਪੇਸ਼ ਦੁੱਗਲ ਦੀ ਅਗਵਾਈ ਹੇਠ ਏਕੋਸ ਦੇ ਵਫਦ ਨੇ ਆਈ ਜੀ ਸਵਪਨਾ ਸ਼ਰਮਾ ਨਾਲ ਕੀਤੀ ਮੁਲਾਕਾਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਐਸੋਸੀਏਸ਼ਨ ਆਫ ਕੰਸਲਟੈਂਟਸ ਫਾਰ ਓਵਰਸੀਜ਼ ਸਟੱਡੀਜ਼ (ਏਕੋਸ) ਦੇ ਚੇਅਰਮੈਨ ਰੁਪੇਸ਼ ਦੁੱਗਲ ਦੀ ਅਗਵਾਈ ਹੇਠ ਜੱਥੇਬੰਦੀ ਦਾ ਇੱਕ ਵਫਦ ਜਲੰਧਰ ਦੇ ਆਈ.ਜੀ. ਸਵਪਨਾ ਸ਼ਰਮਾ ਨੂੰ ਮਿਲਿਆ। ਇਸ ਦੌਰਾਨ ਆਈ.ਜੀ. ਨੂੰ ਗੁਲਦਸਤਾ ਭੇਂਟ ਕਰਦੇ ਹੋਏ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੇਣ ਉਪਰੰਤ ਏਕੋਸ ਦੇ ਚੇਅਰਮੈਨ ਰੁਪੇਸ਼ ਦੁੱਗਲ ਅਤੇ ਪ੍ਰਧਾਨ ਅਸ਼ੋਕ ਭਾਟੀਆ ਨੇ ਕਮਿਸ਼ਨਰੇਟ ਪੁਲਸ ਵੱਲੋਂ ਸ਼ੁਰੂ ਕੀਤੇ ਸੇਫ਼ ਸਿਟੀ ਪ੍ਰੋਜੈਕਟ ਦੀ ਸ਼ਲਾਘਾ ਕੀਤੀ। ਨਾਲ ਹੀ ਇਸ ਮੁਹਿੰਮ ਵਿੱਚ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਆਈ.ਜੀ. ਸ਼ਰਮਾ ਨੇ ਵਫ਼ਦ ਨੂੰ ਦੱਸਿਆ ਕਿ ਸੇਫ਼ ਸਿਟੀ ਪ੍ਰੋਜੈਕਟ ਦਾ ਉਦੇਸ਼ ਲੋਕਾਂ ਨੂੰ ਟਰੈਫ਼ਿਕ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਪ੍ਰੇਰਿਤ ਕਰਨ ਦੇ ਨਾਲ ਅਪਰਾਧਿਕ ਗਤੀਵਿਧੀਆਂ 'ਤੇ ਠੱਲ੍ਹ ਪਾਉਣਾ ਹੈ। ਉਨ੍ਹਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਅਣਦੇਖੀ ਕਾਰਨ ਹਰ ਰੋਜ਼ ਕਈ ਸੜਕ ਹਾਦਸੇ ਵਾਪਰਦੇ ਹਨ। ਜਿਸ ਕਾਰਨ ਬੇਕਸੂਰ ਲੋਕ ਆਪਣੀ ਜਾਨ ਗੁਆ ਬੈਠਦੇ ਹਨ ਜਾਂ ਉਮਰ ਭਰ ਲਈ ਅਪਾਹਿਜ ਹੋ ਜਾਂਦੇ ਹਨ। ਏਕੋਸ ਦੇ ਅਹੁਦੇਦਾਰਾਂ ਨੇ ਆਈ.ਜੀ. ਨੇ ਦੱਸਿਆ ਕਿ ਉਨ੍ਹਾਂ ਨੇ ਸ਼ਹਿਰ ਨੂੰ ਖੂਬਸੂਰਤ ਬਨਾਉਣ ਲਈ ਸਵੱਛਤਾ ਮੁਹਿੰਮ ਆਰੰਭੀ ਹੈ ਅਤੇ ਇਸ ਮੁਹਿੰਮ ਤਹਿਤ ਉਹ ਲੋਕਾਂ ਨੂੰ ਆਪਣੀ ਅਤੇ ਆਪਣੇ ਪਰਵਾਰ ਦੀ ਸੁਰੱਖਿਆ ਲਈ ਟਰੈਫਿਕ ਨਿਯਮਾਂ ਦੀ ਪਾਲਣਾ ਜਰੂਰ ਕਰਨ ਦੀ ਅਪੀਲ ਵੀ ਕਰਨਗੇ। ਵਫ਼ਦ ਵਿੱਚ ਐਸੋਸੀਏਸ਼ਨ ਦੇ ਸੰਯੋਜਕ ਕਮਲ ਭੂੰਗਲਾ, ਜਨਰਲ ਸਕੱਤਰ ਦਵਿੰਦਰ ਕੁਮਾਰ, ਪਰਮਪ੍ਰੀਤ ਭਾਟੀਆ, ਨਿਖਿਲ ਕੁਮਾਰ ਆਦਿ ਸ਼ਾਮਲ ਸਨ।

# ਸਾਬਕਾ ਕੌਂਸਲਰ ਜਤਿੰਦਰਪਾਲ ਸਿੰਘ ਜੱਸਲ ਬੱਲਾ ਨੂੰ ਸਦਮਾ, ਭਰਾ ਦੀ ਮੌਤ

**ਸ਼ਾਹਕੋਟ (ਗਿਆਨ ਸੈਦਪੁਰੀ)**

ਸ਼ਾਹਕੋਟ ਦੇ ਸਾਬਕਾ ਕੌਂਸਲਰ ਤੇ 'ਆਪ' ਦੇ ਸੀਨੀਅਰ ਆਗੂ ਜਤਿੰਦਰਪਾਲ ਸਿੰਘ ਜੱਸਲ ਬੱਲਾ, ਰਵਿੰਦਰ ਕੁਮਾਰ ਜੱਸਲ ਸੇਵਾਮੁਕਤ ਲੈਕਚਰਾਰ, ਤੇਜਿੰਦਰ ਪਾਲ ਸਿੰਘ ਜੱਸਲ ਸੇਵਾਮੁਕਤ ਲੈਕਚਰਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਰਾ ਅਤੇ ਲੱਕੀ ਜੱਸਲ ਦੇ ਪਿਤਾ ਮਹਿੰਦਰਪਾਲ ਸਿੰਘ ਜੱਸਲ (78) ਸੇਵਾਮੁਕਤ ਐਕਸੀਅਨ ਅਸ਼ੋਕ ਨਗਰ ਜਲੰਧਰ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ, ਸਵੈ-ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਇਲਾਕੇ ਦੇ ਲੋਕਾਂ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ । ਜਥੇਦਾਰ ਚਰਨ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਸ਼ਾਹਕੋਟ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਵਰਗੀ ਰਤਨ ਸਿੰਘ ਕਾਕੜ ਕਲਾਂ ਦੀ ਧਰਮ ਪਤਨੀ ਬੀਬੀ ਰਣਜੀਤ ਕੌਰ ਕਾਕੜ ਕਲਾਂ, ਸੀਨੀਅਰ ਆਪ ਆਗੂ ਬੂਟਾ ਸਿੰਘ ਕਲਸੀ, ਸਮਾਜ ਸੇਵੀ ਅਤੇ ਕਾਲੋਨਾਈਜ਼ਰ ਮਦਨ ਲਾਲ ਅਰੋੜਾ, ਵੀਰ ਕੁਲਵੰਤ ਸਿੰਘ ਢੰਡੋਵਾਲ ਪ੍ਰਧਾਨ ਡਾ: ਬੀ. ਆਰ. ਅੰਬੇਡਕਰ ਆਰਮੀ ਪੰਜਾਬ, ਨਿਰਮਲ ਸਿੰਘ ਮੱਲ ਪੀ.ਏ., ਪਰਮਿੰਦਰ ਸਿੰਘ ਪੀ.ਏ., ਅਰੋੜਾ ਮਹਾਂਸਭਾ ਸ਼ਾਹਕੋਟ ਦੇ ਪ੍ਰਧਾਨ ਅਤੇ ਜ਼ਿਲ੍ਹਾ ਜਲੰਧਰ (ਦਿਹਾਤੀ) ਕਾਂਗਰਸ ਦੇ ਮੀਤ ਪ੍ਰਧਾਨ ਰਾਕੇਸ਼ ਕੁਮਾਰ ਉਰਫ਼ ਬੰਟੀ ਬਠਲਾ, ਵਪਾਰੀ ਅਤੇ ਸਮਾਜ ਸੇਵਕ ਰਾਜ ਕੁਮਾਰ ਰਾਜੂ ਬਾਂਸਲ, ਅਸ਼ੀਸ਼ ਅੱਗਰਵਾਲ ਯੂਥ ਆਗੂ ਆਮ ਆਦਮੀ ਪਾਰਟੀ, ਕਮਲ ਸ਼ਰਮਾ ਪ੍ਰਧਾਨ ਲੋਕ ਭਲਾਈ ਕਮੇਟੀ ਸ਼ਾਹਕੋਟ, ਸਾਬਕਾ ਕੌਂਸਲਰ ਅਤੇ ਅਰੋੜਾ ਮਹਾਸਭਾ ਸ਼ਾਹਕੋਟ ਦੇ ਚੇਅਰਮੈਨ ਜਗਮੋਹਨ ਡਾਬਰ ਹੈਪੀ, ਸ਼੍ਰੀ ਹਰੀ ਨਾਮ ਸੰਕੀਰਤਨ ਮੰਡਲੀ ਸ਼ਾਹਕੋਟ ਦੇ ਪ੍ਰਧਾਨ ਸਤੀਸ਼ ਭਾਰਦਵਾਜ, ਮਾਸਟਰ ਕੁਲਦੀਪ ਕੁਮਾਰ ਸਚਦੇਵਾ ਵਿੱਕੀ, ਮਨਦੀਪ ਗੋਇਲ, ਮੰਗਾ ਮੱਟੂ, ਪਹਿਲਵਾਨ ਹਰਦੀਪ ਸਿੰਘ ਬੱਗਾ ਤੋਂ ਇਲਾਵਾ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਨੁਮਾਇੰਦਿਆਂ ਨੇ ਜੱਸਲ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਹਮਦਰਦੀ ਪ੍ਰਗਟਾਈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 6 ਜਨਵਰੀ ਨੂੰ ਉਨ੍ਹਾਂ ਦੇ ਗ੍ਰਹਿ ਅਸ਼ੋਕ ਨਗਰ ਜਲੰਧਰ ਵਿਖੇ ਪਾਠ ਦੇ ਭੋਗ ਪਾਉਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਅਸ਼ੋਕ ਨਗਰ ਵਿਖੇ ਬਾਅਦ ਦੁਪਹਿਰ 12:00 ਤੋਂ 1:30 ਵਜੇ ਤੱਕ ਹੋਵੇਗੀ।


ਮਹਿੰਦਰਪਾਲ ਸਿੰਘ ਜੱਸਲ

# ਕਿਰਤੀ ਕਿਸਾਨ ਯੂਨੀਅਨ ਨੇ ਮ੍ਰਿਤਕ ਕਿਸਾਨ ਦੇ ਮੁਆਵਜ਼ੇ ਦਾ ਸੰਘਰਸ਼ ਜਿੱਤਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਨਵਾਂਸ਼ਹਿਰ ਵਲੋਂ ਡੀ.ਸੀ ਦਫਤਰ ਅੱਗੇ ਦਿੱਤੇ ਗਏ ਧਰਨੇ ਵਿਚ ਆ ਕੇ ਵਧੀਕ ਡਿਪਟੀ ਕਮਿਸ਼ਨਰ ਰਾਜੀਵ ਵਰਮਾ ਵਲੋਂ ਅਵਾਰਾ ਸਾਹਨ ਦੁਆਰਾ ਮਾਰੇ ਗਏ ਪਿੰਡ ਅਸਮਾਨ ਪੁਰ ਦੇ ਕਿਸਾਨ ਬਹਾਦਰ ਸਿੰਘ ਦੇ ਵਾਰਸਾਂ ਦੇ ਬੈਂਕ ਖਾਤੇ ਵਿੱਚ ਦੋ ਤਿੰਨ ਦਿਨ ਵਿੱਚ ਮੁਆਵਜ਼ੇ ਦੇ ਪੰਜ ਲੱਖ ਰੁਪਏ ਪਾਉਣ ਦੇ ਕੀਤੇ ਐਲਾਨ ਉਪਰੰਤ ਕਿਸਾਨਾਂ ਵਲੋਂ ਇਹ ਧਰਨਾ ਚੁੱਕ ਲਿਆ ਗਿਆ। ਇੱਥੇ ਵਰਨਣਯੋਗ ਹੈ ਕਿ 24 ਅਕਤੂਬਰ ਨੂੰ ਬਹਾਦਰ ਸਿੰਘ ਅਸਮਾਨ ਪੁਰ ਨੂੰ ਉਸਦੇ ਖੇਤਾਂ ਵਿੱਚ ਅਵਾਰਾ ਸਾਹਨ ਨੇ ਟੱਕਰਾਂ ਮਾਰ ਮਾਰਕੇ ਮਾਰ ਦਿੱਤਾ ਸੀ। ਉਦੋਂ ਤੋਂ ਹੀ ਕਿਰਤੀ ਕਿਸਾਨ ਯੂਨੀਅਨ ਮ੍ਰਿਤਕ ਕਿਸਾਨ ਦੇ ਪਰਵਾਰ ਨੂੰ ਮੁਆਵਜਾ ਦੇਣ ਦੀ ਮੰਗ ਕਰ ਰਹੀ ਸੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਆਵਜੇ ਦਾ ਕਾਗਜ਼ਾਂ ਪੱਤਰਾਂ ਦਾ ਕੰਮ ਲੱਗਭੱਗ ਮੁਕੰਮਲ ਹੋ ਗਿਆ ਹੈ ਅਤੇ ਛੇਤੀਂ ਹੀ ਮੁਆਵਜੇ ਦੀ ਰਾਸ਼ੀ ਮ੍ਰਿਤਕ ਦੇ ਵਾਰਸਾਂ ਦੇ ਬੈਂਕ ਖਾਤੇ ਵਿੱਚ ਚਲੀ ਜਾਵੇਗੀ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ, ਜ਼ਿਲ੍ਹਾ ਖਜਾਨਚੀ ਸੋਹਣ ਸਿੰਘ ਅਟਵਾਲ ਨੇ ਕਿਹਾ ਕਿ ਇਹ ਜਿੱਤ ਯੂਨੀਅਨ ਦੇ ਏਕੇ ਅਤੇ ਸੰਘਰਸ਼ ਦੀ ਜਿੱਤ ਹੈ। ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੁੰਦੀ । ਇਸ ਲਈ ਕਿਸਾਨਾਂ ਨੂੰ ਆਪਣਾ ਏਕਾ ਹੋਰ ਵੀ ਮਜ਼ਬੂਤ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਵਾਰਾ ਪਸ਼ੂ ਜਿੱਥੇ ਫਸਲਾਂ ਦਾ ਉਜਾੜਾ ਕਰਦੇ ਹਨ ਉੱਥੇ ਕੀਮਤੀ ਮਨੁੱਖੀ ਜਾਨਾਂ ਵੀ ਲੈ ਰਹੇ ਹਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਅਵਾਰਾ ਪਸ਼ੂਆਂ ਦਾ ਕੋਈ ਹੱਲ ਨਹੀਂ ਕਰ ਰਹੀ। ਸਰਕਾਰ ਵੱਡੀ ਪੱਧਰ ਉੱਤੇ ਗਊ ਸੈੱਸ ਲੈ ਰਹੀ ਹੈ ਪਰ ਅਵਾਰਾ ਪਸ਼ੂਆਂ ਦਾ ਪ੍ਰਬੰਧ ਨਹੀਂ ਕਰ ਰਹੀ। ਜਰਨੈਲ ਸਿੰਘ ਕਾਹਮਾ, ਗੁਰਬਖਸ਼ ਕੌਰ ਸੰਘਾ, ਸਿਮਰਨ ਸਿੰਮੀ,ਬਿੱਕਰ ਸਿੰਘ ਸ਼ੇਖੂਪੁਰ,ਪਰਮਜੀਤ ਸਿੰਘ ਸ਼ਹਾਬ ਪੁਰ,ਪਰਵੀਨ ਕੁਮਾਰ ਨਿਰਾਲਾ,ਰਘਵੀਰ ਸਿੰਘ ਅਸਮਾਨ ਪੁਰ,ਪਾਖਰ ਸਿੰਘ ਅਸਮਾਨ ਪੁਰ,ਸੁਰਿੰਦਰ ਸਿੰਘ ਮਹਿਰਮ ਪੁਰ,ਮੋਹਨ ਸਿੰਘ ਲੰਗੜੋਆ ਕਰਨੈਲ ਸਿੰਘ ਮੌਲਾ ਉੜਾਪੜ ਆਗੂਆਂ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਹਰ ਸਮੇਂ ਕਿਸਾਨਾਂ ਦੇ ਨਾਲ ਖੜੀ ਹੈ। ਇਸ ਮੌਕੇ ਸਾਧੂ ਸਿੰਘ ਚੂਹੜ ਪੁਰ, ਸੁਰਿੰਦਰ ਸਿੰਘ ਸੋਇਤਾ, ਮਾ.ਕੇਵਲ ਸਿੰਘ, ਮੱਖਣ ਸਿੰਘ ਭਾਨਮਜਾਰਾ ਅਤੇ ਮੇਜਰ ਸਿੰਘ ਨੇ ਵੀ ਸੰਬੋਧਨ ਕੀਤਾ।

# ਹਿੱਟ ਐਂਡ ਰਨ ਦੇ ਤਹਿਤ ਕੇਂਦਰ ਸਰਕਾਰ ਖਿਲਾਫ਼ ਰੋਸ ਮੁਜ਼ਾਹਰਾ

**ਮਾਹਿਲਪੁਰ (ਸਫਰੀ)**-ਟਰਾਂਸਪੋਰਟ ਦੇਸ ਦੇ ਆਰਥਿਕਤਾ ਦੀ ਰੀੜ ਦੀ ਹੱਡੀ ਹੈ। ਕੇਂਦਰ ਸਰਕਾਰ ਵਲੋਂ ਮਨਮਾਨੀ ਤਰੀਕੇ ਨਾਲ ਬਣਾਏ ਹਿੱਟ ਐਂਡ ਰਨ ਤਹਿਤ ਐਕਸੀਡੈਂਟ ਹੋਣ ਨਾਲ ਮੌਤ ਤੇ 10 ਸਾਲ ਦੀ ਸਜਾ ਅਤੇ 7 ਲੱਖ ਰੁਪਏ ਦਾ ਜੁਰਮਾਨਾ ਲਗਾਉਣ ਤੇ ਮਾਹਿਲਪੁਰ ਟਰੱਕ ਯੂਨੀਅਨ (ਗੁੱਡਜ਼ ਕੈਰੀਅਰ ਟਰੱਕ ਅਪ੍ਰੈਟਿਵ ਯੂਨੀਅਨ) 'ਚ ਪ੍ਰਧਾਨ ਬਲਜੀਤ ਸਿੰਘ ਬੈਂਸ ਅਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਦੀ ਅਗਵਾਈ 'ਚ ਕੇਂਦਰ ਸਰਕਾਰ ਵਿਰੁੱਧ ਮੁਜਾਹਰਾ ਕੀਤਾ ਤੇ ਕਿਹਾ ਕਿ ਸਰਕਾਰ ਟਰਾਂਪੋਟਰਾਂ ਨੂੰ ਰਹਿਤ ਦੇਣ ਦੀ ਥਾਂ ਉਨ੍ਹਾਂ ਦੇ ਚਲਦੇ ਕੰਮਾਂ ਨੂੰ ਬੰਦ ਕਰਨ 'ਚ ਲੱਗੀ ਹਈ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਟਰ ਤਾਂ ਪਹਿਲਾਂ ਹੀ ਟੈਕਸ ਦੀ ਭਾਰੀ ਮਾਰ ਥੱਲ੍ਹੇ ਦਿਨ ਕੱਟੀ ਕਰ ਰਹੇ ਹਨ। ਇਸ ਸੰਬੰਧ 'ਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਵੀ ਕਿਹਾ ਕੇਂਦਰ ਸਰਕਾਰ ਅਜਿਹੇ ਕਾਲੇ ਕਾਨੂੰਨ ਬਣਾ ਕੇ ਇੰਨਸੋਰੈਂਸ ਕੰਪਨੀਆਂ ਦੀ ਪਿੱਠ ਪੂਰ ਰਹੀਆਂ ਹਨ ਤੇ ਟਰਾਂਸਪੋਟਰਾਂ ਦਾ ਕੰਮ ਪ੍ਰਭਾਵਿਤ ਕਰਨ ਵਿੱਚ ਲੱਗੀ ਹੋਈ ਹੈ। ਧੀਮਾਨ ਨੇ ਕਿਹਾ ਕਿ ਅਸਲ ਵਿੱਚ ਸਰਕਾਰ ਅਪਣੀਆਂ ਕੰਮਜ਼ੋਰੀਆਂ ਅਤੇ ਅਸਫਲਤਾਵਾਂ ਦਾ ਭਾਂਡਾ ਆਮ ਲੋਕਾਂ ਉਤੇ ਭੰਨਣਾ ਚਾਹੁੰਦੀ ਹੈ। ਪਰ ਹੁਣ ਉਹ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਕਾਲਾ ਕਾਨੂੰਨ ਹਰ ਲਾਇਸੈਂਸ ਹੋਲਡਰ ਉਤੇ ਲਾਗੂ ਹੋਵੇਗਾ ਨਾ ਕਿ ਇਕੱਲਾ ਟਰਾਂਪੋਟਰਾਂ ਦੇ ਡਰਾਇਵਰਾਂ 'ਤੇ। ਉਨ੍ਹਾਂ ਕਿਹਾ ਕਿ



ਅਸਲ ਵਿੱਚ ਦੇਸ਼ ਵਿੱਚ ਰੋਡ ਇਨਫਰਾਸਟਰਕਚਰ ਦਾ ਬੁਰਾ ਹਾਲ ਹੈ ਤੇ ਸਰਕਾਰ ਇਨਫਰਾ ਸਟਰਕਚਰ ਦੇ ਨਾਂਅ ਉਤੇ ਭਾਵੇਂ ਸੈਸ ਦੇ ਰੂਪ ਵਿਚ ਟੈਕਸ ਇਕੱਠਾ ਕਰ ਰਹੀ ਹੈ ਪਰ ਉਹ ਪੈਸਾ ਸੜਕਾਂ ਦੇ ਸੁਧਾਰ ਅਤੇ ਅਤੇ ਟ੍ਰੈਫਿਕ ਨਿਯਮਾਂ ਦੇ ਸੁਧਾਰ ਉਤੇ ਨਹੀਂ ਲੱਗ ਰਿਹਾ ਹੈ। ਉਕਤ ਨੇਤਾਵਾਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਹਰੇ ਇਕੱਠੇ ਹੋ ਕੇ ਟਰਾਂਪੋਰਟਰਾਂ ਦੀ ਸਹਾਇਤਾ ਕਰਨ ਤੇ ਨਾਲ ਮਿਲਕੇ ਇਸ ਕਾਨੂੰਨ ਵਾਪਸ ਕਰਵਾਉਣ ਲਈ ਸਹਿਯੋਗ ਕਰਨ।

# ਸਰਕਾਰ ਸਕੂਲਾਂ 'ਚ ਅਧਿਆਪਕ ਤੇ ਹਸਪਤਾਲਾਂ 'ਚ ਡਾਕਟਰ ਤੇ ਨਰਸਾਂ ਦੇਣ ਲਈ ਵਚਨਬੱਧ : ਕੁਲਵੰਤ ਸਿੰਘ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਸਕੂਲਾਂ 'ਚ ਅਧਿਆਪਕ ਅਤੇ ਹਸਪਤਾਲਾਂ 'ਚ ਡਾਕਟਰ ਤੇ ਨਰਸਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਚਨਬੱਧ ਹੈ। ਇਸੇ ਵਚਨਬੱਧਤਾ ਤਹਿਤ ਸੂਬੇ 'ਚ ਹੁਣ ਤੱਕ 40 ਹਜ਼ਾਰ ਤੋਂ ਵਧੇਰੇ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।ਇਹ ਪ੍ਰਗਟਾਵਾ ਐਮ ਐਲ ਏ ਕੁਲਵੰਤ ਸਿੰਘ ਮੋਹਾਲੀ ਨੇ ਅੱਜ ਸਨੇਟਾ ਨੇੜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ 'ਚ ਨਵੇਂ ਬਣੇ 24 ਕਮਰਿਆਂ ਨੂੰ ਵਿਦਿਆਰਥੀਆਂ ਨੂੰ ਲੋਕ ਅਰਪਣ ਕਰਨ ਮੌਕੇ ਕੀਤਾ। ਇਨ੍ਹਾਂ ਕਮਰਿਆਂ ਦੇ ਨਿਰਮਾਣ 'ਤੇ 3.70 ਕਰੋੜ ਰੁਪਏ ਦੀ ਲਾਗਤ ਆਈ ਹੈ। ਉਨ੍ਹਾਂ ਨੇ ਸਕੂਲ ਦੀ ਇਮਾਰਤ ਉਸਾਰੀ ਲਈ ਉਚੇਚੇ ਤੌਰ 'ਤੇ ਪਿੰਡ ਦੀ ਗਰਾਮ ਪੰਚਾਇਤ ਅਤੇ ਸਕੂਲ ਸਟਾਫ਼ ਦਾ ਧੰਨਵਾਦ ਪ੍ਰਗਟਾਇਆ ਜਿਨ੍ਹਾਂ ਨੇ ਵਿਦਿਆਰਥੀਆਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਸਰਕਾਰ ਪਾਸੋਂ ਪ੍ਰਾਪਤ ਗਰਾਂਟ ਨੂੰ ਪੂਰੀ ਸੁਹਿਰਦਤਾ ਨਾਲ ਸਕੂਲ ਦੀ ਇਮਾਰਤ ਲਈ ਵਰਤਿਆ।ਐਮ ਐਲ ਏ ਕੁਲਵੰਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਦੀ ਖੁਸ਼ਹਾਲੀ ਅਤੇ ਤਰੱਕੀ ਪ੍ਰਤੀ ਵਚਨਬੱਧਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਦੇ ਹਰੇਕ ਹਲਕੇ 'ਚ ਮਿਸਾਲੀ ਸਿਖਿਆ ਸੁਧਾਰ ਵਜੋਂ ਸਕੂਲ ਆਫ਼ ਐਮੀਨੈਂਸ ਦੀ ਕਾਇਮੀ ਅਤੇ ਵੱਖ-ਵੱਖ ਥਾਂਵਾਂ 'ਤੇ ਲੋਕਾਂ ਨੂੰ ਬੇਹਤਰੀਨ ਸਿਹਤ ਸੇਵਾਵਾਂ ਦੇਣ ਦੇ ਮੁੱਢਲੇ ਢਾਂਚੇ ਵਜੋਂ 650 ਤੋਂ ਵਧੇਰੇ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਪੰਜਾਬ 'ਚ ਲੋਕ ਪੱਖੀ ਸਰਕਾਰ ਦਾ ਸਭ ਤੋਂ ਵੱਡਾ ਉਪਰਾਲਾ ਹੈ।ਉਨ੍ਹਾਂ ਗੋਬਿੰਦਗੜ੍ਹ ਦੇ ਇਸ ਸਕੂਲ ਨੂੰ ਸਕੂਲ ਆਫ਼ ਐਮੀਨੈਂਸ ਬਣਵਾਉਣ ਅਤੇ ਇੱਥੇ ਸਾਇੰਸ ਅਤੇ ਕਾਮਰਸ ਵਿਸ਼ਿਆਂ ਦੀ ਪੜ੍ਹਾਈ ਸ਼ੁਰੂ ਕਰਵਾਉਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਇਸ ਨਾਲ ਆਲੇ-ਦੁਆਲੇ ਦੇ 15 ਪਿੰਡਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿਖਿਆ ਉਪਲਬਧ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਨ੍ਹਾਂ ਸੁਫ਼ਨਿਆਂ ਤੇ ਆਸਾਂ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਬਣਾਈ, ਉਨ੍ਹਾਂ ਸਾਰੇ ਸੁਫ਼ਨਿਆਂ ਨੂੰ ਹੌਲੀ-ਹੌਲੀ ਪੂਰਾ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿੰਡ ਗੋਬਿੰਦਗੜ੍ਹ ਦੇ ਵਿੱਚ ਚਾਰ ਏਕੜ ਰਕਬੇ ਦੇ ਵਿੱਚ ਦੋ ਮੰਜ਼ਿਲਾਂ 24 ਕਮਰਿਆਂ ਤੇ ਅਧਾਰਤ ਸਕੂਲ ਦੀ ਇਮਾਰਤ ਦਾ ਨਿਰਮਾਣ ਕੀਤਾ ਗਿਆ, ਜਿਸ ਵਿੱਚ ਸਾਇੰਸ ਅਤੇ ਕੰਪਿਊਟਰ ਦੀ ਆਧੁਨਿਕ ਲੈਬ ਤੋਂ ਇਲਾਵਾ ਲਾਇਬਰੇਰੀ ਦਾ ਵੀ ਉਚੇਚੇ ਤੌਰ ਤੇ ਪ੍ਰਬੰਧ ਕੀਤਾ ਗਿਆ ਹੈ। ਇਸ ਇਮਾਰਤ ਤੇ 3.7 ਕਰੋੜ ਰੁਪਏ ਦੀ ਲਾਗਤ ਆਈ ਹੈ।

# ਲੋਕਾਂ ਦੀ ਮੌਜੂਦਗੀ 'ਚ ਆਯੁਸ਼ਮਾਨ ਕਾਰਡ ਬੰਪਰ ਡਰਾਅ 9 ਨੂੰ ਕੱਢਿਆ ਜਾਵੇਗਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸੂਬੇ ਦੇ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਬੀਮਾ ਕਵਰ ਅਧੀਨ ਲਿਆਉਣ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਇੱਕ ਵਿਸ਼ੇਸ਼ ਪਹਿਲਕਦਮੀ-ਆਯੂਸ਼ਮਾਨ ਕਾਰਡ ਦੀਵਾਲੀ ਬੰਪਰ ਦਾ ਡਰਾਅ 9 ਜਨਵਰੀ, 2024 ਨੂੰ ਕੱਢਿਆ ਜਾ ਰਿਹਾ ਹੈ। ਇਹ ਡਰਾਅ ਪੰਜਾਬ ਰਾਜ ਲਾਟਰੀਆਂ, ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਲੁਧਿਆਣਾ ਦੇ ਕੈਂਪ ਦਫ਼ਤਰ ਵਿਖੇ ਲੋਕਾਂ ਦੀ ਮੌਜੂਦਗੀ ਵਿੱਚ ਕੱਢਿਆ ਜਾਵੇਗਾ।ਜ਼ਿਕਰਯੋਗ ਹੈ ਕਿ ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਰਾਜ ਸਿਹਤ ਏਜੰਸੀ ਵੱਲੋਂ 16 ਅਕਤੂਬਰ ਨੂੰ ਇੱਕ ਵਿਸ਼ੇਸ਼ ਦੀਵਾਲੀ ਬੰਪਰ ਡਰਾਅ ਸ਼ੁਰੂ ਕੀਤਾ ਗਿਆ ਸੀ, ਜਿਸ ਤਹਿਤ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਲਈ ਖ਼ੁਦ ਨੂੰ ਰਜਿਸਟਰ ਕਰਵਾਉਣ ਵਾਲੇ ਕਿਸੇ ਵੀ ਵਿਅਕਤੀ ਨੂੰ 1 ਲੱਖ ਰੁਪਏ ਤੱਕ ਦਾ ਇਨਾਮ ਜਿੱਤਣ ਮੌਕਾ ਸੀ।ਇਸ ਸਕੀਮ ਦੀ ਮਿਆਦ ਪਹਿਲਾਂ 30 ਨਵੰਬਰ, 2023 ਤੱਕ ਸੀ ਪਰ ਬਾਅਦ ਵਿੱਚ ਇਸ ਨੂੰ 31 ਦਸੰਬਰ 2023 ਤੱਕ ਵਧਾ ਦਿੱਤਾ ਗਿਆ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਇਸ ਸਕੀਮ ਦਾ ਲਾਭ ਲੈ ਸਕਣ।ਰਾਜ ਸਿਹਤ ਏਜੰਸੀ ਦੀ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਬਬੀਤਾ ਨੇ ਕਿਹਾ ਕਿ ਇਸ ਪਹਿਲਕਦਮੀ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਇਸ ਦੌਰਾਨ 3.21 ਲੱਖ ਤੋਂ ਵੱਧ ਕਾਰਡ ਜਾਰੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਬਿਨਾਂ ਕਿਸੇ ਲਿਹਾਜ਼ਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਡਰਾਅ ਰਾਹੀਂ 10 ਖੁਸ਼ਕਿਸਮਤ ਜੇਤੂਆਂ ਦੀ ਚੋਣ ਕੀਤੀ ਜਾਵੇਗੀ ਅਤੇ ਪਹਿਲਾ ਇਨਾਮ 1 ਲੱਖ ਰੁਪਏ, ਦੂਜਾ ਇਨਾਮ 50000 ਰੁਪਏ ਅਤੇ ਤੀਜਾ ਇਨਾਮ 25000 ਰੁਪਏ ਦਾ ਹੋਵੇਗਾ। ਇਸੇ ਤਰ੍ਹਾਂ ਚੌਥਾ ਇਨਾਮ 10000 ਰੁਪਏ ਅਤੇ ਪੰਜਵਾਂ ਇਨਾਮ 8000 ਰੁਪਏ ਹੈ ਜਦਕਿ ਛੇਵਾਂ ਤੋਂ ਦਸਵਾਂ ਇਨਾਮ 5000 ਰੁਪਏ ਹੋਵੇਗਾ।ਉਨ੍ਹਾਂ ਦੱਸਿਆ ਕਿ ਇਸ ਡਰਾਅ ਦੌਰਾਨ ਆਪਣੇ ਕਾਰਡ ਪ੍ਰਾਪਤ ਕਰਨ ਵਾਲੇ ਲਾਭਪਾਤਰੀ ਡਰਾਅ ਬਾਰੇ ਹੋਰ ਵੇਰਵਿਆਂ ਲਈ ਵਿਭਾਗੀ ਵੈੱਬਸਾਈਟ www.sha.punjab.gov.in 'ਤੇ ਜਾ ਸਕਦੇ ਹਨ। ਮੁੱਖ ਕਾਰਜਕਾਰੀ ਅਧਿਕਾਰੀ ਨੇ ਕਿਹਾ ਕਿ ਵਿਭਾਗ ਜੇਤੂਆਂ ਨੂੰ ਸੂਚਿਤ ਕਰੇਗਾ, ਅਤੇ ਸੂਚੀ ਵੈਬਸਾਈਟ 'ਤੇ ਅਤੇ ਵੱਖ-ਵੱਖ ਮੀਡੀਆ ਸਰੋਤਾਂ ਰਾਹੀਂ ਉਪਲਬਧ ਕਰਵਾਈ ਜਾਵੇਗੀ । ਇਸ ਦੇ ਨਾਲ ਹੀ, ਆਮ ਲੋਕਾਂ ਨੂੰ ਡਰਾਅ ਦੇਖਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

# ਪੈ ਰਹੀ ਅੱਤ ਦੀ ਸਰਦੀ ਕਾਰਨ ਸਕੂਲਾਂ 'ਚ ਛੁੱਟੀਆਂ ਕੀਤੀਆਂ ਜਾਣ : ਜੀ ਟੀ ਯੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਭਰ ਵਿੱਚ ਪੈ ਰਹੀ ਕਹਿਰ ਦੀ ਸਰਦੀ ਅਤੇ ਮੌਸਮ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਨੇ ਪੰਜਾਬ ਭਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਛੁੱਟੀਆਂ ਦੀ ਮੰਗ ਕੀਤੀ ਹੈ। ਇਸ ਬਾਰੇ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ, ਸੀਨੀਅਰ ਮੀਤ ਪ੍ਰਧਾਨ ਅਮਰ ਸਿੰਘ, ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ, ਜੱਥੇਬੰਧਕ ਸਕੱਤਰ ਹਰਵਿੰਦਰ ਸਿੰਘ ਅਤੇ ਜੁਆਇੰਟ ਸਕੱਤਰ ਵਿਕਾਸ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੂਬੇ ਵਿੱਚ ਪੈ ਰਹੀ ਅੱਤ ਦੀ ਸਰਦੀ ਅਤੇ ਚੱਲ ਰਹੀ ਸ਼ੀਤ ਲਹਿਰ ਕਾਰਨ ਸਕੂਲੀ ਵਿਦਿਆਰਥੀਆਂ ਖ਼ਾਸ ਤੌਰ ਤੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸਕੂਲਾਂ ਲਈ ਮੌਸਮ ਵਿਭਾਗ ਵੱਲੋਂ ਜਾਰੀ ਐਡਵਾਇਜ਼ਰੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅਤੇ ਸੂਬੇ ਭਰ ਦੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਛੁੱਟੀਆਂ ਕਰ ਦੇਣੀਆਂ ਚਾਹੀਦੀਆਂ ਹਨ । ਉਹਨਾਂ ਇਹ ਵੀ ਮੰਗ ਕੀਤੀ ਕਿ ਭਵਿੱਖ ਵਿੱਚ ਜ਼ਿਲ੍ਹਾ ਪੱਧਰ ਤੇ ਅਜਿਹੇ ਫੈਂਸਲੇ ਲੈਣ ਦਾ ਅਧਿਕਾਰ ਡਿਪਟੀ ਕਮਿਸ਼ਨਰਾਂ ਨੂੰ ਦੇ ਦੇਣਾ ਚਾਹੀਦਾ ਹੈ। ਇਸ ਮੌਕੇ ਵਰਿੰਦਰ ਵਿੱਕੀ, ਪ੍ਰਿੰਸ ਗੜ੍ਹਦੀਵਾਲਾ,ਅਰਵਿੰਦਰ ਸਿੰਘ ਮਾਹਿਲਪੁਰ ,ਹੈੱਡਮਾਸਟਰ ਸੰਦੀਪ ਸਿੰਘ, ਬਲਜੀਤ ਕੌਸ਼ਲ, ਨਰੇਸ਼ ਕੁਮਾਰ ਗੜ੍ਹਸ਼ੰਕਰ, ਸੰਜੀਵ ਧੂਤ, ਗੁਰਨਾਮ ਸਿੰਘ, ਰਜਤ ਮਹਾਜਨ, ਸਚਿਨ ਕੁਮਾਰ, ਸ਼ਾਮ ਸੁੰਦਰ ਕਪੂਰ, ਨਰਿੰਦਰ ਅਜਨੋਹਾ, ਕੇਸ਼ਵ ਦਾਸ ਖੇਪੜ, ਸਤਵਿੰਦਰ ਮਾਹਿਲਪੁਰ, ਸਤੀਸ਼ ਕੁਮਾਰ, ਰਾਜ ਕੁਮਾਰ, ਸੰਦੀਪ ਸ਼ਰਮਾ ਬਾਗਪੁਰ, ਰਣਵੀਰ ਸਿੰਘ, ਅਨੁਪਮ ਰਤਨ, ਲੈਕਚਰਾਰ ਉਪਿੰਦਰਜੀਤ ਸਿੰਘ, ਸਰਬਜੀਤ ਟਾਂਡਾ, ਨਰਿੰਦਰ ਮੰਗਲ, ਰਾਜੇਸ਼ ਅਰੋੜਾ, ਮਨਜੀਤ ਸਿੰਘ ਮੁਕੇਰੀਆਂ, ਪ੍ਰਿੰਸੀਪਲ ਬਲਵੀਰ ਸਿੰਘ, ਸ਼ਸ਼ੀਕਾਂਤ ਤਲਵਾੜਾ, ਕਮਲਦੀਪ ਸਿੰਘ ਭੂੰਗਾ, ਲੈਕਚਰਾਰ ਸੰਜੀਵ ਕੁਮਾਰ, ਬਲਜੀਤ ਕੌਸ਼ਲ, ਪਵਨ ਗੋਇਲ, ਅਸ਼ੋਕ ਕੁਮਾਰ ਬੁਲੋਵਾਲ, ਮਨੋਜ ਰਤਨ, ਖੁਸ਼ਵੰਤ ਸਿੰਘ ਮੁਕੇਰੀਆਂ, ਜਸਵਿੰਦਰ ਬੁਲੋਵਾਲ, ਜਰਨੈਲ ਸਿੰਘ, ਮਨਵੀਰ ਸਿੰਘ , ਅਮਨਦੀਪ ਸਿੰਘ, ਲੈਕਚਰਾਰ ਹਰਜੀਤ ਸਿੰਘ, ਲੈਕਚਰਾਰ ਸਵਰਨ ਸਿੰਘ, ਜਸਵੰਤ ਸਿੰਘ ਮੁਕੇਰੀਆਂ, ਪਰਸਰਾਮ, ਨਰੇਸ਼ ਕੁਮਾਰ ਮੇਧਾ, ਅਮਰਜੀਤ ਹਾਜੀਪੁਰ, ਗੁਰਵਿੰਦਰ ਜੱਜ ਤੇ ਸੁਰਿੰਦਰ ਕੁਮਾਰ ਕਮਾਹੀ ਦੇਵੀ, ਨਰੇਸ਼ ਕੁਮਾਰ ਆਦਿ ਹਾਜ਼ਰ ਸਨ।

# ਪੰਜਾਬ ਨੈਸ਼ਨਲ ਬੈਂਕ ਦਾ ਏ ਟੀ ਐਮ ਲੁੱਟ ਕੇ ਚੋਰ ਹੋਏ ਛੂ-ਮੰਤਰ

**ਭੋਗਪੁਰ(ਗੁਰਪ੍ਰੀਤ ਸਿੰਘ ਭੋਗਲ)**-ਬੀਤੀ ਰਾਤ ਚੋਰਾਂ ਵਲੋਂ ਜੀ ਟੀ ਰੋਡ ਭੋਗਪੁਰ ਨੇੜੇ ਅਜੀਤ ਟੈਂਟ ਹਾਊਸ ਤੇ ਸਥਿਤ ਪੰਜਾਬ ਨੈਸ਼ਨਲ ਬੈਂਕ ਦਾ ਏ ਟੀ ਐਮ ਲੁੱਟਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਬੈਂਕ ਮੈਨੇਜਰ ਪਰਸ਼ੋਤਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰਦਾਤ ਦਾ ਸਾਨੂੰ ਸਵੇਰੇ 6 ਵਜੇ ਪਤਾ ਲੱਗਾ ਅਸੀਂ ਮੌਕੇ 'ਤੇ ਭੋਗਪੁਰ ਬੈਂਕ ਪੁੱਜੇ ਤੇ ਇਸ ਸੰਬੰਧੀ ਭੋਗਪੁਰ ਪੁਲਸ ਨੂੰ ਸੂਚਿਤ ਕਰ ਦਿੱਤਾ। ਬੈਂਕ ਮੈਨੇਜਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਲੁਟੇਰਿਆਂ ਨੇ ਏ ਟੀ ਐਮ. ਅੰਦਰ ਦਾਖਲ ਹੁੰਦੇ ਹੀ ਏ ਟੀ ਐਮ ਅੰਦਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਤੇ ਸਪਰੇਅ ਮਾਰ ਦਿੱਤੀ, ਜਿਸ ਕਾਰਨ ਇਹਨਾਂ ਕੈਮਰਿਆਂ 'ਚ ਕੁਝ ਵੀ ਕੈਦ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਨੇ ਗੈਸ ਕਟਰ ਤੇ ਕਿਸੇ ਕੈਮੀਕਲ ਦੀ ਮਦਦ ਨਾਲ ਏ ਟੀ ਐਮ ਦੇ ਕੈਸ ਬਾਕਸ ਨੂੰ ਕੱਟਿਆ ਤੇ ਉਹ ਕੈਸ ਬਾਕਸ ਜਿਸ 'ਚ ਲਗਭਗ 7 ਲੱਖ, 48 ਹਜ਼ਾਰ ਰੁਪਏ ਦੇ ਕਰੀਬ ਨਗਦੀ ਕੈਸ ਲੈ ਕੇ ਫਰਾਰ ਹੋ ਗਏ। ਇਸ ਮੌਕੇ ਮੋਬਾਇਲ ਫਰਾਂਸਿਕ ਸਾਇੰਸ ਲੈਬ ਅਤੇ ਫਿੰਗਰ ਪ੍ਰਿੰਟ ਦੀ ਟੀਮ ਜਲੰਧਰ ਤੋਂ ਮੌਕੇ ਤੇ ਪਹੁੰਚ ਕੇ ਤਫਤੀਸ ਵਿੱਚ ਲੱਗ ਗਈ। ਇਸ ਮੌਕੇ ਨਵੀਨ ਗਾਂਗੜ ਪੀ. ਐਨ. ਬੀ. ਹੈਡ ਆਫਿਸ ਜਲੰਧਰ ਸਿਕਿਊਰਟੀ ਵੀ ਮੌਕੇ ਪਹੁੰਚ ਗਏ। ਭੋਗਪੁਰ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਬੈਂਕ ਦੇ ਨਜਦੀਕ ਲੱਗੇ ਹੋਏ ਸਾਰੇ ਦੁਕਾਨਾਂ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਜਿਸ 'ਚ ਥਾਣਾ ਮੁਖੀ ਇੰਸਪੈਕਟਰ ਬਲਜੀਤ ਸਿੰਘ ਹੁੰਦਲ ਨੇ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੈਂਕ ਦੇ ਨੇੜੇ ਲੱਗਦੇ, ਅਤੇ ਦੂਰ ਦੂਰ ਤੱਕ ਦੇ ਸਾਰੇ ਸੀ ਸੀ ਟੀ ਵੀ ਕੈਮਰੇ ਚੈੱਕ ਕੀਤੇ ਜਾ ਰਹੇ ਹਨ ਅਤੇ ਕੈਮਰਿਆਂ ਦੀ ਫੁਟੇਜ ਤੋਂ ਪਤਾ ਲੱਗਾ ਹੈ ਕਿ ਲੁਟੇਰਿਆਂ ਨੇ ਲੁੱਟ ਕਰਦੇ ਸਮੇਂ ਕਰੇਟਾ ਕਾਲੇ ਰੰਗ ਦੀ ਗੱਡੀ ਨੂੰ ਵਰਤਿਆ ਗਿਆ ਹੈ। ਤਫਤੀਸ ਪੂਰੇ ਜੋਰਾਂ ਸੋਰਾਂ 'ਤੇ ਚੱਲ ਰਹੀ ਹੈ ਇਲਾਕੇ 'ਚ ਥਾਂ ਥਾਂ ਨਾਕਾਬੰਦੀ ਕੀਤੀ ਜਾ ਚੁੱਕੀ ਹੈ। ਇਸ ਮੌਕੇ ਐਸ ਐਚ ਓ ਬਲਜੀਤ ਸਿੰਘ ਥਾਣਾ ਭੋਗਪੁਰ ਨੇ ਦੱਸਿਆ ਕਿ ਜਲਦ ਤੋਂ ਜਲਦ ਉਹਨਾਂ ਲੁਟੇਰਿਆਂ ਦੀ ਭਾਲ ਕਰਕੇ ਕਾਨੂੰਨੀ ਕਾਰਵਾਈ ਕਰਕੇ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ।

# ਹਿੱਟ ਐਂਡ ਰਨ ਕਾਨੂੰਨ ਦੇ ਵਿਰੋਧ 'ਚ ਰੋਸ ਮੁਜ਼ਾਹਰਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**

ਬੀਤੇ ਦਿਨੀ ਕੇਂਦਰ ਸਰਕਾਰ ਵੱਲੋਂ ਹਿੱਟ ਐਂਡ ਰਨ ਕਾਨੂੰਨ 'ਚ ਕੀਤੀ ਗਈ ਸੋਧ ਦੇ ਵਿਰੋਧ 'ਚ ਸੁਲਤਾਨਪੁਰ ਲੋਧੀ ਦੇ ਬੇਬੇ ਨਾਨਕੀ ਚੌਕ 'ਚ ਵੱਡੀ ਗਿਣਤੀ ਵਿੱਚ ਇਕੱਤਰ ਸਕੂਲ ਬੱਸ ਡਰਾਈਵਰ ਯੂਨੀਅਨ, ਗਿੱਲ ਰੋਡ ਕੈਰੀਅਰ ਯੂਨੀਅਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਤੇ ਹੋਰ ਡਰਾਈਵਰਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਗਿਆ ਅਤੇ ਨਾਅਰੇਬਾਜ਼ੀ ਕਰਕੇ ਰੋਸ ਪ੍ਰਗਟ ਕੀਤਾ ਗਿਆ।ਇਸ ਦੌਰਾਨ ਵਿਸ਼ਾਲ ਰੋਸ ਮਾਰਚ ਵੀ ਕੱਢਿਆ ਗਿਆ।ਇਸ ਮੌਕੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰੀਤਮ ਸਿੰਘ ਆਹਲੀ, ਕਿਸਾਨ ਆਗੂ ਸਰਵਣ ਸਿੰਘ ਬਾਊਪੁਰ, ਜਸਵੰਤ ਸਿੰਘ ਜੱਸਾ ਨੇ ਕਿਹਾ ਕਿ ਹਿੱਟ ਐਂਡ ਰਨ ਕਾਨੂੰਨ 'ਚ ਕੀਤੀ ਗਈ ਸੋਧ ਸਰਾਸਰ ਸਮੂਹ ਡਰਾਈਵਰਾਂ ਦੇ ਖਿਲਾਫ ਹੈ।ਉਹਨਾਂ ਕਿਹਾ ਕਿ ਇਹ ਕਾਨੂੰਨ ਡਰਾਈਵਰਾਂ ਦੀ ਜ਼ਿੰਦਗੀ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਲਿਆਂਦਾ ਗਿਆ। ਡਰਾਈਵਰਾਂ ਦੀਆਂ ਤਨਖਾਹਾਂ ਵੀ ਬਹੁਤ ਘੱਟ ਹੁੰਦੀਆਂ ਹਨ ਜੇਕਰ ਅਜਿਹੀ ਮਾਰ ਡਰਾਈਵਰ 'ਤੇ ਪੈ ਗਈ ਤਾਂ ਉਨ੍ਹਾਂ ਦੇ ਪਰਵਾਰਾਂ ਦਾ ਪਾਲਣ ਪੋਸ਼ਣ ਵੀ ਔਖਾ ਹੋ ਜਾਵੇਗਾ।ਇਸ ਨਾਲ ਡਰਾਈਵਰਾਂ ਨੂੰ ਬਹੁਤ ਵੱਡੀ ਪੱਧਰ 'ਤੇ ਮਾਰ ਝੱਲਣੀ ਪਵੇਗੀ।ਇਸ ਮੌਕੇ ਇਕੱਤਰ ਹੋਏ ਆਗੂਆਂ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਸ ਕਾਨੂੰਨ ਨੂੰ ਦੁਬਾਰਾ ਸੋਧ ਕਰਕੇ ਲਾਗੂ ਨਾ ਕੀਤਾ ਗਿਆ ਤਾਂ ਸਾਨੂੰ ਮਜ਼ਬੂਰ ਹੋ ਕੇ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਪ੍ਰੀਤਮ ਸਿੰਘ ਆਹਲੀ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਣ ਸਿੰਘ ਬਾਊਪੁਰ, ਬਲਵਿੰਦਰ ਸਿੰਘ ਪ੍ਰਧਾਨ, ਜਗਪਾਲ ਸਿੰਘ ਚੀਮਾ ਸਾਬਕਾ ਚੇਅਰਮੈਨ, ਚਰਨਜੀਤ ਸਿੰਘ, ਲਖਵਿੰਦਰ ਸਿੰਘ, ਅਸ਼ੋਕ, ਲਵਜੀਤ ਸਿੰਘ, ਗੁਰਮੀਤ ਸਿੰਘ,ਮਨਜਿੰਦਰ ਸਿੰਘ, ਸਤਨਾਮ ਸਿੰਘ, ਬਲਬੀਰ ਸਿੰਘ, ਵਰਿੰਦਰ ਸਿੰਘ, ਜੈ ਸਿੰਘ, ਸੁਰਜੀਤ ਸਿੰਘ, ਹਰਪਾਲ ਸਿੰਘ, ਭੁਪਿੰਦਰ ਸਿੰਘ, ਸੁਖਦੇਵ ਸਿੰਘ, ਵਰਿੰਦਰਜੀਤ ਸਿੰਘ, ਸੁਖਵਿੰਦਰ ਸਿੰਘ, ਸ਼ਮਸ਼ੇਰ ਸਿੰਘ, ਪਰਮਜੀਤ ਸਿੰਘ, ਰਣਜੀਤ ਸਿੰਘ, ਬਲਵੰਤ ਸਿੰਘ, ਸੁਖਜਿੰਦਰ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ, ਵਿੱਕੀ, ਪਵਨਦੀਪ ਸਿੰਘ, ਸਿਮਰਨਜੀਤ ਸਿੰਘ, ਲਹਿੰਬਰ ਸਿੰਘ, ਚਰਨਜੀਤ ਸਿੰਘ ਸੰਧੂ, ਮਨਜੀਤ ਪਾਲ, ਰਣਜੀਤ ਸਿੰਘ, ਜਗੀਰ ਸਿੰਘ, ਲਖਵਿੰਦਰ ਸਿੰਘ, ਦਰਬਾਰਾ ਸਿੰਘ, ਕੁਲਦੀਪ ਸਿੰਘ, ਪਰਮਜੀਤ ਸਿੰਘ, ਬਲਦੇਵ ਸਿੰਘ ,ਵਿੱਕੀ, ਬਿੱਲਾ, ਅੰਗਰੇਜ਼ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿਚ ਹਾਜ਼ਰ ਸਨ।



# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਲੰਗਰ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਪਰਸਨ (ਮਾਨਵਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੰਮਤੀ ਦੇ ਸਾਂਝੇ ਯਤਨਾਂ ਸਦਕਾ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਮਰਪਿਤ ਦੁੱਧ, ਸਮੋਸੇ ਅਤੇ ਬਿਸਕੁਟਾਂ ਦਾ ਲੰਗਰ ਸਥਾਨਕ ਨਿਊ ਮੰਡੀ ਰੋਡ ਸਥਿਤ ਕੰਗ ਇੰਟਰਪ੍ਰਾਈਜਿਜ ਵਿਖੇ ਲਗਾਇਆ ਗਿਆ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਵਾਈਸ ਡਿਸਟ੍ਰਿਕਟ ਗਵਰਨਰ-1 ਲਾਇਨਜ਼ ਇੰਟਰਨੈਸ਼ਨਲ 321-ਡੀ ਰਸ਼ਪਾਲ ਸਿੰਘ ਬੱਚਾਜੀਵੀ ਨੇ ਲੰਗਰ ਦੀ ਸ਼ੁਰੂਆਤ ਕਰਵਾਈ।ਇਸ ਦੌਰਾਨ ਗੁਰਦੀਪ ਸਿੰਘ ਕੰਗ ਨੇ ਸਮੂਹ ਨੌਜਵਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਦੇਸ਼ ਅਤੇ ਕੌਮ ਦੀ ਰਾਖੀ ਤੇ ਸਮਾਜ ਦੀ ਖੁਸ਼ਹਾਲੀ ਲਈ ਆਪਣਾ ਜੀਵਨ ਸਮਰਪਿਤ ਕਰਨਾ ਚਾਹੀਦਾ ਹੈ।ਇਸ ਮੌਕੇ ਸਮਾਜ ਸੇਵੀ ਐਸ.ਪੀ. ਬਸਰਾ, ਬਾਬਾ ਬਾਲਕ ਨਾਥ ਸੇਵਾ ਸਮਿਤੀ ਦੇ ਸਰਪ੍ਰਸਤ ਧਰਮਪਾਲ ਨਿਸ਼ਚਲ, ਆਲ ਇੰਡੀਆ ਐਂਟੀ ਕੁਰੱਪਸ਼ਨ ਫੋਰਮ ਦੇ ਜ਼ਿਲ੍ਹਾ ਪ੍ਰਧਾਨ ਚੰਦਰਸ਼ੇਖਰ ਖੁੱਲਰ, ਜੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ, ਲਾਇਨਜ਼ ਕਲੱਬ ਫਗਵਾੜਾ ਸਿਟੀ ਦੇ ਸਕੱਤਰ ਲਾਇਨ ਸੰਜੀਵ ਲਾਂਬਾ, ਕੈਸ਼ੀਅਰ ਜੁਗਲ ਬਵੇਜਾ, ਪੀ ਆਰ ਓ ਸੁਮਿਤ ਭੰਡਾਰੀ, ਲਾਇਨ ਓਮ ਪ੍ਰਕਾਸ਼, ਲਾਇਨ ਬੱਬੂ ਮਨੀਲਾ, ਲਾਇਨ ਐਸ ਕੇ ਅਗਰਵਾਲ, ਸੰਜੀਵ ਸੂਰੀ ਤੋਂ ਇਲਾਵਾ ਲਾਇਨ ਵਿਪਨ ਕੁਮਾਰ, ਲਾਇਨ ਰਣਜੀਤ ਮੱਲ੍ਹਣ, ਕਰਨ ਅੱਗਰਵਾਲ, ਸਵਰਨ ਸਿੰਘ, ਵਿਨੇ ਕੁਮਾਰ ਬਿੱਟੂ, ਆਸ਼ੂ ਕਰਵਲ, ਅਜੇ ਕੁਮਾਰ, ਹੈਪੀ ਮੱਲ੍ਹਣ, ਰੋਹਿਤ ਸ਼ਿੰਗਾਰੀ ਆਦਿ ਹਾਜ਼ਰ ਸਨ।

# ਗਰਮਜੋਸ਼ੀ ਨਾਲ ਹੋ ਰਿਹਾ ਵਿਕਸਿਤ ਭਾਰਤ ਸੰਕਲਪ ਯਾਤਰਾ ਦਾ ਸਵਾਗਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਵਿਕਸਿਤ ਭਾਰਤ ਸੰਕਲਪ ਯਾਤਰਾ ਯਾਨੀ (ਮੋਦੀ ਦੀ ਗਾਰੰਟੀ ਦੀ ਗੱਡੀ) ਦਾ ਕੜਾਕੇਦਾਰ ਠੰਢ ਦੇ ਵਿਚ ਹਰਿਆਣਾ ਦੇ ਲੋਕ ਗਰਮਜੋਸ਼ੀ ਨਾਲ ਸਵਾਗਤ ਕਰ ਰਹੇ ਹਨ। ਯਾਤਰਾ ਦੌਰਾਨ ਸੂਬਾ ਸਰਕਾਰ ਲੋਕਾਂ ਦੀ ਨਾ ਸਿਰਫ ਭਾਵਨਾਵਾਂ ਦਾ ਸਨਮਾਨ ਕਰ ਰਹੀ ਹੈ, ਸਗੋਂ ਉਨ੍ਹਾਂ ਦੀ ਸਮਸਿਆਵਾਂ ਦਾ ਵੀ ਮੌਕੇ 'ਤੇ ਹੀ ਹੱਲ ਕਰਾ ਰਹੀ ਹੈ। ਲੋਕਾਂ ਨੂੰ ਕੇਂਦਰ ਤੇ ਹਰਿਆਣਾ ਸਰਕਾਰ ਦੀ ਭਲਾਈਕਾਰੀ ਯੋਜਨਾਵਾਂ ਦੀ ਜਾਣਕਾਰੀ ਦੇਣ ਦੇ ਨਾਲ - ਨਾਲ ਉਨ੍ਹਾਂ ਨੂੰ ਯੋਜਨਾਵਾਂ ਦਾ ਲਾਭ ਲੈਣ ਦੇ ਢੰਗ ਵੀ ਦੱਸੇ ਜਾ ਰਹੇ ਹਨ। ਇਹੀ ਨਹੀਂ ਯਾਤਰਾ ਦੌਰਾਨ ਸਾਂਸਦ, ਵਿਧਾਇਕ ਅਤੇ ਅਧਿਕਾਰੀ ਲੋਕਾਂ ਦੇ ਵਿਚ ਜਾ ਕੇ ਉਨ੍ਹਾਂ ਦੀ ਸੱਮਸਿਆਵਾਂ ਦਾ ਹੱਲ ਕਰਦੇ ਹਨ ਅਤੇ ਨਿਦਾਨ ਦੀ ਰੂਪਰੇਖਾ ਵੀ ਤਿਆਰ ਕਰਦੇ ਹਨ। ਇਹੀ ਗੱਲ ਲੋਕਾਂ ਨੂੰ ਖੂਬ ਭਾਅ ਰਹੀ ਹੈ। ਇਹੀ ਵਜ੍ਹਾ ਕਿ ਲੋਕ ਯਾਤਰਾ ਨੂੰ ਲੈ ਕੇ ਖਾਸੇ ਉਤਸ਼ਾਹਿਤ ਹਨ ਅਤੇ ਰੋਜਾਨਾ ਉਨ੍ਹਾਂ ਦੀ ਭਾਗੀਦਾਰੀ ਵੱਧਦੀ ਜਾ ਰਹੀ ਹੈ। 35 ਦਿਨ ਵਿਚ ਯਾਤਰਾ ਵਿਚ 3 ਲੱਖ 33 ਹਜਾਰ 642 ਲੋਕ ਆਪਣੀ ਭਾਗੀਦਾਰੀ ਕਰ ਚੁੱਕੇ ਹਨ। ਵਿਕਸਿਤ ਭਾਰਤ ਸੰਕਲਪ ਯਾਤਰਾ ਪਿੰਡਾਂ-ਪਿੰਡਾਂ ਵਿਚ ਪਹੁੰਚ ਰਹੀ ਹੈ। ਇਸ ਦੌਰਾਨ ਨਾਰੀ ਮਜਬੂਤੀਕਰਣ ਨੂੰ ਪੂਰੀ ਤਰਜੀਹ ਦਿੱਤੀ ਜਾ ਰਹੀ ਹੈ। ਸਮਾਜ ਵਿਚ ਸ਼ਲਾਘਾਯੋਗ ਕੰਮ ਕਰਨ ਵਾਲੀਆਂ ਮਹਿਲਾਵਾਂ ਨੂੰ ਮੌਕੇ 'ਤੇ ਹੀ ਸਨਮਾਨ ਮਿਲ ਰਿਹਾ ਹੈ। ਵੱਖ-ਵੱਖ ਪ੍ਰੋਗ੍ਰਾਮਾਂ ਵਿਚ ਅਨੇਕ ਖੇਤਰਾਂ ਵਿਚ ਵਰਨਣਯੋਗ ਕੰਮ ਕਰਨ ਵਾਲੇ 2621 ਮਹਿਲਾਵਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸੀ ਤਰ੍ਹਾਂ ਨਾਲ 39255 ਮੇਧਾਵੀ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ 5580 ਖਿਡਾਰੀਆਂ ਨੂੰ ਵੀ ਇਨਾਮ ਮਿਲ ਚੁੱਕਾ ਹੈ। ਮੁੱਖ ਮੰਤਰੀ ਮਨੋਹਰ ਲਾਲ ਦੀ ਸੋਚ ਹੈ ਕਿ ਵਿਕਸਿਤ ਭਾਰਤ ਸੰਕਲਪ ਯਾਤਰਾ ਦੌਰਾਨ ਨਾ ਸਿਰਫ ਹਰਿਆਣਾ ਵਾਸੀਆਂ ਨੂੰ ਕੇਂਦਰ ਤੇ ਸੂਬੇ ਦੀ ਲੋਕ ਭਲਾਈਕਾਰੀ ਯੋਜਨਾਵਾਂ ਦੀ ਜਾਣਕਾਰੀ ਮਿਲੇ ਸਗੋਂ ਹਰ ਯੋਗ ਤਕ ਯੋਜਨਾਵਾਂ ਦਾ ਲਾਭ ਵੀ ਪਹੁੰਚੇ। ਮੌਕੇ 'ਤੇ ਲੋਕਾਂ ਦੇ ਸਿਹਤ ਦੀ ਜਾਂਚ ਵੀ ਹੋਵੇ ਇਸੀ ਨੂੰ ਧਿਆਨ ਵਿਚ ਰੱਖ ਕੇ ਯਾਤਰਾ ਦੇ ਵਿਚ ਪ੍ਰੋਗ੍ਰਾਮ ਸਥਾਨਾਂ 'ਤੇ ਸਟਾਲ ਲਗਾ ਕੇ ਲੋਕਾਂ ਨੂੰ ਸਿਹਤ ਨਾਲ ਜੁੜੀ ਸੂਬੇ ਦੀ ਨਿਰੋਗੀ ਹਰਿਆਣਾ, ਆਯੂਸ਼ਮਾਨ ਭਾਰਤ, ਚਿਰਾਯੂ ਹਰਿਆਣਾ, ਟੀਬੀ ਮੁਕਤ ਭਾਰਤ ਯੋਜਨਾ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਕੈਂਪ ਲਗਾ ਕੇ ਲੋਕਾਂ ਦੇ ਸਿਹਤ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਇੰਨ੍ਹਾਂ ਕੈਂਪਾਂ ਵਿਚ ਹੁਣ ਤਕ 43738 ਲੋਕ ਸਿਹਤ ਦੀ ਜਾਂਚ ਕਰਾ ਚੁੱਕੇ ਹਨ। ਉਨ੍ਹਾਂ ਨੂੰ ਮੁਫਤ ਦਵਾਈਆਂ ਵੀ ਮੌਕੇ 'ਤੇ ਉਪਲਬਧ ਕਰਾਈਆਂ ਗਈਆਂ। ਵਿਕਸਿਤ ਭਾਰਤ ਸੰਕਲਪ ਯਾਤਰਾ ਦੌਰਾਨ ਮੌਕੇ 'ਤੇ ਲੋਕਾਂ ਨੂੰ ਯੋਜਨਾਵਾਂ ਦਾ ਲਾਭ ਦਿੱਤਾ ਜਾ ਰਿਹਾ ਹੈ। ਪ੍ਰੋਗ੍ਰਾਮ ਸਥਾਨਾਂ 'ਤੇ ਉਜਵਲਾ ਯੋਜਨਾ ਦੇ 8019 ਲਭਾਕਾਰਾਂ ਨੂੰ ਕਾਰਡ ਵੰਡੇ ਗਏ। ਲਾਭਕਾਰਾਂ ਦਾ ਯੋਜਨਾ ਦਾ ਲਾਭ ਮਿਲ ਰਿਹਾ ਹੈ। ਇਸੀ ਤਰ੍ਹਾਂ ਨਾਲ ਆਯੂਸ਼ਮਾਨ ਯੋਜਨਾ ਦੇ 11673 ਲਾਭਕਾਰਾਂ ਨੂੰ ਕਾਰਡ ਉਪਲਬਧ ਕਰਾਏ ਗਏ।

# ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਵੀਰਵਾਰ ਨੂੰ ਇਕ ਸਾਲਾ ਕੰਪਿਊਟਰ ਕੋਰਸ ਮੁਕੰਮਲ ਕਰਨ ਵਾਲੇ 18 ਵਿਦਿਆਰਥੀਆਂ ਨੂੰ ਸਰਟੀਫਿਕੇਟ ਸੌਂਪੇ।ਇਹ ਕੋਰਸ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਬਾਲ ਭਲਾਈ ਕੌਂਸਲ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ ਅਤੇ ਕਲਾਸਾਂ ਰੈੱਡ ਕਰਾਸ ਭਵਨ, ਲਾਜਪਤ ਨਗਰ ਵਿਖੇ ਸਥਿਤ ਰਾਜੀਵ ਗਾਂਧੀ ਕੰਪਿਊਟਰ ਇੰਸਟੀਚਿਊਟ ਵਿੱਚ ਚੱਲ ਰਹੀਆਂ ਹਨ।ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਨਵੀਆਂ ਬੁਲੰਦੀਆਂ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕਰਦਿਆਂ ਸਾਰੰਗਲ ਨੇ ਕਿਹਾ ਕਿ ਇਹ ਇਕ ਸਾਲਾ ਕੰਪਿਊਟਰ ਕੋਰਸ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਅਤੇ ਲਾਹੇਵੰਦ ਰੋਜ਼ਗਾਰ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਵੀ ਕੀਤੀ।ਹੋਰਨਾਂ ਨੂੰ ਵੀ ਇੱਥੇ ਕਰਵਾਏ ਜਾ ਰਹੇ ਕੋਰਸ ਦਾ ਲਾਭ ਉਠਾਉਣ ਦਾ ਸੱਦਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਿਖ਼ਲਾਈ ਦੇਣ ਲਈ ਕੇਂਦਰ ਵਿੱਚ ਸਮਰਪਿਤ ਸਟਾਫ਼ ਤਾਇਨਾਤ ਕੀਤਾ ਗਿਆ ਹੈ ਅਤੇ ਹਰੇਕ ਵਿਦਿਆਰਥੀ ਤੋਂ 400 ਰੁਪਏ ਮਹੀਨਾ ਫੀਸ ਲਈ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਇਸ ਕੋਰਸ ਤਹਿਤ ਵਿਦਿਆਰਥੀਆਂ ਨੂੰ ਕੰਪਿਊਟਰ ਫੰਡਾਮੈਂਟਲ ਅਤੇ ਉਪਰੇਟਿੰਗ ਸਿਸਟਮ, ਸਾਫਟਵੇਅਰ ਐਪਲੀਕੇਸ਼ਨਜ਼ ਟੂਲਜ਼, ਆਰ ਡੀ ਬੀ ਐਮ ਐਸ/ਡੀ ਬੀ ਐਮ ਐਸ, ਸੀ++(ਸੀ++), ਕੰਪਿਊਟਰ ਅਕਾਊਂਟ, ਐਚਟੀਐਮਐਲ ਅਤੇ ਹਾਰਡਵੇਅਰ ਵਰਗੇ ਵਿਸ਼ੇ ਪੜ੍ਹਾਏ ਗਏ ਹਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੰਪਿਊਟਰ ਕੋਰਸ ਕਰਨ ਲਈ ਉਮਰ ਦੀ ਕੋਈ ਸੀਮਾ ਨਹੀਂ ਹੈ ਅਤੇ ਕੋਈ ਵੀ ਵਿਅਕਤੀ, ਜੋ ਕੋਰਸ ਕਰਨਾ ਚਾਹੁੰਦਾ ਹੈ, ਰੈੱਡ ਕਰਾਸ ਭਵਨ ਵਿਖੇ ਸੰਪਰਕ ਕਰ ਸਕਦਾ ਹੈ।

# ਭਾਰਤੀ ਮਿਆਰ ਬਿਊਰੋ ਨੇ ਲਗਾਇਆ ਪੰਜਵਾਂ ਗ੍ਰਾਮ ਪੰਚਾਇਤ ਜਾਗਰੂਕਤਾ ਕੈਂਪ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬਲਰਾਜ ਸਿੰਘ ਦੇ ਸਹਿਯੋਗ ਨਾਲ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲਾ, ਭਾਰਤ ਸਰਕਾਰ ਦੇ ਭਾਰਤੀ ਮਿਆਰ ਬਿਊਰੋ ਦੇ ਚੰਡੀਗੜ੍ਹ ਸ਼ਾਖਾ ਦਫਤਰ ਵੱਲੋਂ ਬਲਾਕ ਹੁਸ਼ਿਆਰਪੁਰ-1 ਵਿਖੇ ਬੀ. ਡੀ. ਪੀ. ਓ ਸੁਖਜਿੰਦਰ ਸਿੰਘ ਦੀ ਅਗਵਾਈ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਵਾਂ ਗ੍ਰਾਮ ਪੰਚਾਇਤ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ 55 ਦੇ ਕਰੀਬ ਪੰਚਾਂ-ਸਰਪੰਚਾਂ ਅਤੇ ਸੰਮਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬੀ. ਆਈ. ਐਸ ਵੱਲੋਂ ਪਿੰਡਾਂ ਲਈ ਵਿਸ਼ੇਸ਼ ਰੂਪ ਵਿਚ ਤਿਆਰ ਕੀਤੇ ਕਿਤਾਬਚੇ, ਫਲਾਇਰ ਅਤੇ ਖੇਤੀਬਾੜੀ ਨਾਲ ਸੰਬੰਧਿਤ ਸਮੱਗਰੀ ਹਾਜ਼ਰੀਨ ਵਿਚ ਵੰਡੀ ਗਈ ਤਾਂ ਜੋ ਉਨਾਂ ਦੇ ਰੋਜ਼ਾਨਾ ਜੀਵਨ ਦੇ ਨਾਲ-ਨਾਲ ਖੇਤੀ ਸੈਕਟਰ ਦੇ ਗਿਆਨ ਵਿਚ ਵਾਧਾ ਕੀਤਾ ਜਾ ਸਕੇ। ਇਸ ਸਮਾਗਮ ਦੌਰਾਨ ਪੰਚਾਂ-ਸਰਪੰਚਾਂ ਅਤੇ ਸੰਮਤੀ ਮੈਂਬਰਾਂ ਨੂੰ ਵਿਕਾਸ ਗਤੀਵਿਧੀਆਂ ਲਈ ਨਿੱਜੀ ਲੋੜਾਂ, ਪਿੰਡਾਂ ਦੇ ਵਿਕਾਸ ਲਈ ਅਤੇ ਖੇਤਾਂ ਵਿੱਚ ਸਿੰਚਾਈ ਸਰੋਤ ਬਣਾਉਣ ਸਮੇਂ ਮਿਆਰੀ ਸਾਮਾਨ ਖਰੀਦਣ ਲਈ ਮਿਆਰਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਹਾਜ਼ਰ ਪੰਚਾਂ-ਸਰਪੰਚਾਂ ਨੇ ਬੀ.ਆਈ.ਐਸ ਕੇਅਰ ਐਪ ਨੂੰ ਵੀ ਡਾਊਨਲੋਡ ਕੀਤਾ ਅਤੇ ਅਸਲ ਆਈ.ਐਸ.ਆਈ ਮਾਰਕ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕਰਨ ਲਈ ਇਸ ਐਪ ਦੀ ਵਰਤੋਂ ਕਰਨਾ ਵੀ ਸਿੱਖਿਆ ਤਾਂ ਜੋ ਰੋਜ਼ਾਨਾ ਜੀਵਨ ਵਿੱਚ ਮਿਆਰਾਂ ਬਾਰੇ ਉਨਾਂ ਦੇ ਗਿਆਨ ਵਿਚ ਵਾਧਾ ਹੋ ਸਕੇ। ਪ੍ਰੋਗਰਾਮ ਦੌਰਾਨ ਵੱਡੀ ਗਿਣਤੀ ਵਿਚ ਮਹਿਲਾ ਪੰਚਾਇਤ ਮੈਂਬਰਾਂ ਨੇ ਹਾਲ ਮਾਰਕਿੰਗ ਅਤੇ ਬੀ.ਆਈ.ਐਸ ਕੇਅਰ ਐਪ 'ਤੇ ਚਰਚਾ ਵਿਚ ਉਤਸ਼ਾਹ ਨਾਲ ਹਿੱਸਾ ਲਿਆ। ਹਾਜ਼ਰ ਸਾਰੇ ਵਿਅਕਤੀਆਂ ਗਰਮਜੋਸ਼ੀ ਨਾਲ 'ਜਾਗੋ ਗ੍ਰਾਹਕ ਜਾਗੋ' ਦਾ ਨਾਅਰਾ ਵੀ ਲਗਾਇਆ। ਹਾਜ਼ਰ ਪੰਚਾਇਤ ਮੈਂਬਰਾਂ ਨੇ ਵਰਕਸ਼ਾਪ ਦੌਰਾਨ ਪ੍ਰਾਪਤ ਕੀਤੀ ਜਾਣਕਾਰੀ ਦੀ ਪ੍ਰਭਾਵੀ ਵਰਤੋਂ ਕਰਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਉਹ ਇਹ ਜਾਣ ਕੇ ਹੈਰਾਨ ਹੋ ਗਏ ਕਿ ਉਹ ਬੀ.ਆਈ.ਐਸ ਕੇਅਰ ਐਪ ਤੇ ਖੁਦ ਸਿੱਧੇ ਤੌਰ ਤੇ ਸ਼ਿਕਾਇਤ ਕਰ ਸਕਦੇ ਹਨ ਅਤੇ ਸਟੈਂਡਰਡ ਮਾਰਕ ਦੀ ਦੁਰਵਰਤੋਂ ਦੀ ਜਾਂਚ ਕਰ ਸਕਦੇ ਹਨ, ਜਿਸ ਦਾ ਵਿਭਾਗ ਵੱਲੋਂ ਇਕ ਮਹੀਨੇ ਦੇ ਅੰਦਰ ਨਿਪਟਾਰਾ ਕਰਨਾ ਹੁੰਦਾ ਹੈ। ਹਾਜ਼ਰ ਮੈਂਬਰਾਂ ਨੇ ਬੀ.ਆਈ.ਐਸ ਦੇ ਨਿਸ਼ਾਨ ਦੀ ਮਾਰਕਿੰਗ ਅਤੇ ਪ੍ਰਮਾਣਿਕਤਾ ਦੀ ਜਾਂਚ ਕਰਨ ਦੇ ਸਾਧਨਾਂ ਤੇ ਪ੍ਰਾਪਤ ਕੀਤੇ ਨਵੇਂ ਗਿਆਨ ਬਾਰੇ ਚਾਨਣਾ ਪਾਉਣ ਲਈ ਧੰਨਵਾਦ ਕੀਤਾ ਅਤੇ ਆਪਣੇ ਆਪਣੇ ਪਿੰਡਾਂ ਵਿਚ ਅਜਿਹੇ ਹੋਰ ਪ੍ਰੋਗਰਾਮ ਕਰਾਉਣ ਦੀ ਮੰਗ ਕੀਤੀ। ਇਸ ਮੌਕੇ ਬੀ.ਡੀ.ਪੀ.ਓ ਸੁਖਜਿੰਦਰ ਸਿੰਘ ਨੇ ਆਏ ਹੋਏ ਪੰਚਾਂ-ਸਰਪੰਚਾਂ ਲਈ ਰਿਫਰੈਸ਼ਮੈਂਟ ਅਤੇ ਚਾਹ ਦਾ ਵੀ ਇੰਤਜ਼ਾਮ ਕੀਤਾ ਅਤੇ ਵਾਅਦਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਕੈਂਪ ਪਿੰਡ ਪੱਧਰ ਉੱਤੇ ਵੀ ਲਗਾਏ ਜਾਣਗੇ। ਉਨ੍ਹਾਂ ਬੀ.ਆਈ.ਐਸ ਵਿਭਾਗ ਤੋਂ ਆਏ ਸਲਾਹਕਾਰ ਦਲਬੀਰ ਸਿੰਘ, ਰਿਸੋਰਸ ਪਰਸਨ ਫੌਰਨ ਚੰਦ ਅਤੇ ਯੋਗਰਾਜ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿੱਦੀਕੀ, ਸੁਪਰਡੈਂਟ ਜਸਵੰਤ ਰਾਏ ਅਤੇ ਬੀ. ਡੀ. ਪੀ. ਓ ਦਫ਼ਤਰ ਦਾ ਸਮੂਹ ਸਟਾਫ ਹਾਜ਼ਰ ਸੀ।



# ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਕੈਂਪ ਲਗਾ ਕੇ ਬਣਾਏ ਲੋੜਵੰਦਾਂ ਦੇ ਆਯੁਸ਼ਮਾਨ ਕਾਰਡ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਭਾਰਤ ਸਰਕਾਰ ਦੀ ਸਿਹਤ ਯੋਜਨਾ ਤਹਿਤ ਆਯੁਸ਼ਮਾਨ ਕਾਰਡ ਬਨਾਉਣ ਦਾ ਕੈਂਪ ਲਗਾਇਆ ਗਿਆ।ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਕੈਂਪ ਦੇ ਪਹਿਲੇ ਦਿਨ 50 ਨਵੇਂ ਕਾਰਡ ਬਣਾਏ ਗਏ ਜਦਕਿ 40 ਲੋੜਵੰਦਾਂ ਦੇ ਕਾਰਡ ਅਪਡੇਟ ਕੀਤੇ ਗਏ ਹਨ।ਜਿਹਨਾਂ ਲੋਕਾਂ ਨੂੰ ਕੇਂਦਰ ਸਰਕਾਰ ਦੀ ਯੋਜਨਾ ਤਹਿਤ ਫਰੀ ਕਣਕ ਮਿਲਦੀ ਹੈ ਉਹ 5 ਜਨਵਰੀ ਨੂੰ ਆਪਣਾ ਨੀਲਾ ਕਾਰਡ ਲੈ ਕੇ ਸਵੇਰੇ 11 ਤੋਂ ਸ਼ਾਮ 5 ਵਜੇ ਤੱਕ ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਆਯੁਸ਼ਮਾਨ ਕਾਰਡ ਬਣਵਾ ਸਕਦੇ ਹਨ।ਰਘਬੋਤਰਾ ਨੇ ਦੱਸਿਆ ਕਿ ਆਯੁਸ਼ਮਾਨ ਸਕੀਮ ਤਹਿਤ ਲਾਭਪਾਤਰੀ ਨੂੰ ਪੰਜ ਲੱਖ ਰੁਪਏ ਤੱਕ ਦਾ ਇਲਾਜ ਫਰੀ ਕਰਵਾਉਣ ਦੀ ਸੁਵਿਧਾ ਮਿਲਦੀ ਹੈ। ਇਸ ਮੌਕੇ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਸਕੱਤਰ ਸੁਰਿੰਦਰ ਪਾਲ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਬਲਦੇਵ ਸ਼ਰਮਾ, ਰਾਮ ਲੁਭਾਇਆ ਤੇ ਗੁਰਜੀਤ ਸਿੰਘ ਆਦਿ ਹਾਜ਼ਰ ਸਨ।



# ਮਨੋਹਰ ਸਰਕਾਰ 'ਚ ਹਰਿਆਣਾ ਉਦਯੋਗਿਕ ਵਿਕਾਸ ਵੱਲ ਲਗਾਤਾਰ ਵਧਿਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਪਿਛਲੇ 9 ਸਾਲਾਂ ਤੋਂ ਹਰਿਆਣਾ ਲਗਾਤਾਰ ਉਦਯੋਗਿਕ ਵਿਕਾਸ ਵੱਲ ਵੱਧ ਰਿਹਾ ਹੈ। ਸਰਕਾਰ ਵੱਲੋਂ ਨਿਵੇਸ਼ਕਾਂ ਨੂੰ ਦਿੱਤੇ ਜਾ ਰਹੇ ਵੱਖ-ਵੱਖ ਪ੍ਰੋਤਸਾਹਨਾਂ ਤੇ ਰਿਆਇਤਾਂ ਦੇ ਚਲਦੇ ਦੇਸ਼-ਵਿਦੇਸ਼ ਦੇ ਨਿਵੇਸ਼ਕ ਹਰਿਆਣਾ ਦੇ ਵੱਲ ਰੁਖ ਕਰ ਰਹੇ ਹਨ। ਗੁਰੂਗ੍ਰਾਮ ਦੇ ਬਾਅਦ ਹੁਣ ਆਈਐਮਟੀ ਖਰਖੌਦਾ ਵੀ ਉਦਯੋਗਿਕ ਵਿਕਾਸ ਦੀ ਦ੍ਰਿਸ਼ਟੀ ਨਾਲ ਵਿਕਸਿਤ ਹੋਣ ਜਾ ਰਿਹਾ ਹੈ। ਖਰਖੌਦਾ ਵਿਚ ਮਾਰੂਤੀ ਸੁਜੂਕੀ ਦੇ ਮੇਗਾ ਪਲਾਂਟ ਬਾਅਦ ਹੁਣ ਯੂਨੋ ਮਿੰਡਾ ਲਿਮੀਟੇਡ ਵੀ ਲਗਭਗ 1100 ਕਰੋੜ ਰੁਪਏ ਦੇ ਨਿਵੇਸ਼ ਨਾਲ ਆਪਣਾ ਮੇਗਾ ਪ੍ਰੋਜੈਕਟ ਲਗਾਏਗੀ, ਜਿਸ ਨਾਲ ਇਸ ਖੇਤਰ ਦਾ ਹੋਰ ਵੱਧ ਵਿਕਾਸ ਹੋਵੇਗਾ ਅਤੇ ਰੁਜਗਾਰ ਦੇ ਮੌਕੇ ਵੀ ਵੱਧਣਗੇ। ਮੁੱਖ ਮੰਤਰੀ ਦੀ ਅਗਵਾਈ ਹੇਠ ਬੁੱਧਵਾਰ ਦੇਰ ਸ਼ਾਮ ਹੋਈ ਹਰਿਆਣਾ ਉਦਮ ਪ੍ਰੋਤਸਾਹਨ ਬੋਰਡ ਦੀ 16ਵੀਂ ਮੀਟਿੰਗ ਦੌਰਾਨ ਯੂਨੋ ਮਿੰਡਾ ਲਿਮੀਟੇਡ ਨੂੰ ਮੇਗਾ ਪ੍ਰੋਜੈਕਟ ਦੇ ਲਈ ਲਗਭਗ 94.32 ਏਕੜ ਭੂਮੀ ਅਲਾਟ ਕਰਨ ਦੀ ਮੰਜੂਰੀ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ, ਸੁਜੂਕੀ ਮੋਟਰਸਾਈਕਲ ਇੰਡੀਆ ਪ੍ਰਾਈਵੇਟ ਲਿਮੀਟੇਡ ਵੱਲੋਂ ਵੀ ਆਈਐਮਟੀ ਖਰਖੌਦਾ ਵਿਚ ਲਗਭਗ 2 ਹਜਾਰ ਕਰੋੜ ਰੁਪਏ ਦੇ ਨਿਵੇਸ਼ ਦੇ ਨਾਲ ਮੇਗਾ ਪਲਾਂਟ ਲਿਆਉਣ ਦੇ ਲਈ ਪ੍ਰਸਤਾਵ ਦਿੱਤਾ ਹੈ। ਮੀਟਿੰਗ ਵਿਚ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, ਸਕੂਲ ਸਿਖਿਆ ਮੰਤਰੀ ਕੰਵਰ ਪਾਲ, ਕਿਰਤ ਰਾਜ ਮੰਤਰੀ ਸ੍ਰੀ ਅਨੂਪ ਧਾਨਕ ਵੀ ਮੌਜੂਦ ਸਨ। ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਉਦਯੋਗਿਕ ਵਿਕਾਸ ਨੂੰ ਪ੍ਰੋਤਸਾਹਨ ਦੇਣ ਲਈ ਸੂਬਾ ਸਰਕਾਰ ਵੱਲੋਂ ਐਲਾਨ ਹਰਿਆਣਾ ਉਦਮ ਅਤੇ ਪ੍ਰੋਤਸਾਹਨ ਨੀਤੀ, 2020 ਤਹਿਤ ਨਿਵੇਸ਼ਕਾਂ ਨੂੰ ਇਕ ਹੀ ਛੱਤ ਦੇ ਹੇਠਾਂ ਸਾਰੀ ਤਰ੍ਹਾ ਦੀ ਕਲੀਅਰੇਂਸ ਦਿੱਤੀ ਜਾ ਰਹੀ ਹੈ, ਜਿਸ ਨਾਲ ਹਰ ਨਿਵੇਸ਼ਕ ਦਾ ਭਰੋਸਾ ਹਰਿਆਣਾ ਪ੍ਰਤੀ ਵਧਿਆ ਹੈ। ਇਸੀ ਲੜੀ ਵਿਚ ਆਈਓਸੀਐਲ ਪਾਣੀਪਤ ਦੇ ਨੇੜੇ ਪੋਲਿਸਟਰ ਚਿਪਸ ਉਤਪਾਦਨ ਲਈ ਕੈਮੀਕਲਸ ਅਤੇ ਪੈਟਰੋਕੈਮੀਕਲਸ ਦਾ ਮੇਗਾ ਪਲਾਂਟ ਲਗਣ ਜਾ ਰਿਹਾ ਹੈ। ਇਸ ਦੇ ਲਈ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐਚਐਸਆਈਆਈਡੀਸੀ) ਵੱਲੋਂ ਯੂ ਫਲੈਕਸ ਲਿਮੀਟੇਡ ਨੂੰ ਆਈਓਸੀਐਲਪਾਣੀਪਤ ਰਿਫਾਇਨਰੀ ਦੇ ਕੋਲ 14 ਏਕੜ ਭੂਮੀ ਅਲਾਟ ਕੀਤੀ ਗਈ ਹੈ। ਕੰਪਨੀ ਵੱਲੋਂ ਸੂਬੇ ਵਿਚ ਲਗਭਗ 600 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ ਅਤੇ ਸਥਾਨਕ ਨੌਜੁਆਨਾਂ ਨੂੰ ਰੁਜਗਾਰ ਦੇ ਮੌਕੇ ਪ੍ਰਦਾਨ ਹੋਣਗੇ। ਪਾਣੀਪਤ ਵਿਚ ਪਲਾਂਟ ਸਥਾਪਿਤ ਕਰਨ ਨਾਲ ਕੰਪਨੀ ਨੂੰ ਜਿੱਥੇ ਇਕ ਪਾਸੇ ਕੱਚੇ ਮਾਲ ਦੀ ਆਸਾਨੀ ਨਾਲ ਉਪਲਬਧਤਾ ਯਕੀਨੀ ਹੋਵੇਗੀ ਉੱਥੇ ਹੀ ਸਰਕਾਰ ਨੂੰ ਵੀ ਮਾਲ ਦੇ ਨਾਂਅ 'ਤੇ ਵੀ ਲਾਭ ਹੋਵੇਗਾ।

ਮੀਟਿੰਗ ਵਿਚ ਦਸਿਆ ਗਿਆ ਕਿ ਆਈਐਮਟੀ ਰੋਹਤਕ ਵਿਚ ਮਾਰੂਤੀ ਸੁਜੂਕੀ ਇੰਡੀਆ ਲਿਮੀਟੇਡ (ਐਮਐਸਆਈਐਲ) ਨੂੰ ਅਲਾਟ 700 ਏਕੜ ਭੂਮੀ ਵਿੱਚੋਂ 600 ਏਕੜ ਭੂਮੀ 'ਤੇ ਐਮਐਸਆਈਐਲ ਲਗਭਗ 3600 ਕਰੋੜ ਰੁਪਏ ਦੇ ਨਿਵੇਸ਼ ਦੇ ਨਾਲ ਖੋਜ ਅਤੇ ਵਿਕਾਸ (ਆਰ ਐਂਡ ਬੀ) ਗਤੀਵਿਧੀਆਂ ਪਹਿਲਾਂ ਤੋਂ ਹੀ ਸੰਚਾਲਿਤ ਕਰ ਰਹੀ ਹੈ, ਜਿਸ ਤੋਂ ਲਗਭਗ 3400 ਲੋਕਾਂ ਨੂੰ ਰੁਜਗਾਰ ਮਿਲਿਆ ਹੈ। ਹੁਣ ਐਮਐਸਆਈਐਲ ਨੇ ਆਪਣੇ ਇਸੀ ਯੂਨਿਟ ਦੇ ਵਿਸਤਾਰ ਤਹਿਤ ਬਾਕੀ 100 ਏਕੜ ਜਮੀਨ ਨੂੰ ਵੀ ਲੈਣ ਦੀ ਇੱਛਾ ਪ੍ਰਗਟਾਈ ਹੈ, ਜਿਸ ਤੋਂ ਬੋਰਡ ਨੇ ਮੰਜੂਰੀ ਪ੍ਰਦਾਨ ਕਰ ਦਿੱਤੀ ਹੈ। ਮੀਟਿੰਗ ਵਿਚ ਦਸਿਆ ਗਿਆ ਕਿ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ (ਐਚਐਸਆਈਆਈਡੀਸੀ) ਵੱਲੋਂ ਸੂਬੇ ਵਿਚ ਹਰਿਆਣਾ ਉਦਮ ਅਤੇ ਪ੍ਰੋਤਸਾਹਨ ਨੀਤੀ, 2020 ਤਹਿਤ ਐਲਾਨ ਬਲਾਕ-ਏ, ਬੀ, ਸੀ ਅਤੇ ਡੀ ਵਿਚ ਉਦਯੋਗਿਕ ਵਿਕਾਸ ਤਹਿਤ 28,950 ਕਰੋੜ ਰੁਪਏ ਦਾ ਨਿਵੇਸ਼ ਖਿੱਚਣ ਦਾ ਟੀਚਾ ਨਿਰਧਾਰਿਤ ਕੀਤਾ ਹੈ। ਇਸ ਦੇ ਲਈ ਸਮੇਂ-ਸਮੇਂ 'ਤੇ ਪਲਾਂਟ ਨੀਲਾਮੀ ਦੇ ਲਈ ਇਸ਼ਤਿਹਾਰ ਜਾਰੀ ਕੀਤੇ ਜਾ ਰਹੇ ਹਨ। ਨਿਵੇਸ਼ਕ ਵੀ ਇੱਥੇ ਨਿਵੇਸ਼ ਕਰਨ ਲਈ ਉਤਸ਼ਾਹ ਦਿਖਾ ਰਹੇ ਹਨ। ਮੀਟਿੰਗ ਵਿਚ ਮੁੱਖ ਸਕੱਤਰ ਸੰਜੀਵ ਕੌਸ਼ਲ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਉਦਯੋਗ ਅਤੇ ਵਪਾਰ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਨੰਦ ਮੋਹਨ ਸ਼ਰਣ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਪ੍ਰਬੰਧ ਨਿਦੇਸ਼ ਯੱਸ਼ ਗਰਗ ਅਤੇ ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਵਧੀਕ ਪ੍ਰਬੰਧ ਨਿਦੇਸ਼ਕ ਸ੍ਰੀਮਤੀ ਵਰਸ਼ਾ ਖੰਗਵਾਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਮੋਦੀ ਵਰਗੇ ਕਾਰਪੋਰੇਟ ਮਿੱਤਰਾਂ ਨੂੰ ਹਰਾਉਣਾ ਜ਼ਰੂਰੀ : ਸੇਖੋਂ

**ਜਲੰਧਰ (ਰਾਜੇਸ਼ ਥਾਪਾ)**- ਜ਼ਿਲ੍ਹਾ ਜਲੰਧਰ ਦੇ ਪ੍ਰਸਿੱਧ ਪਿੰਡ ਨੂਰਪੁਰ ਚੱਠਾ ਵਿਖੇ ਸੀ ਪੀ ਆਈ (ਐਮ) ਦੇ ਵਰਕਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਸਰਮਾਏਦਾਰਾਂ ਦੇ ਸੱਚੇ ਮਿੱਤਰ ਮੋਦੀ ਨੂੰ ਹਰਾਉਣਾ ਜ਼ਰੂਰੀ ਹੈ ਕਿਉਂਕਿ ਕਿ ਪਿਛਲੇ 10 ਸਾਲਾਂ ਵਿੱਚ ਗਰੀਬਾਂ 'ਤੇ ਲੱਕ ਤੋੜ ਮਹਿੰਗਾਈ ਹੈ। ਗਰੀਬਾਂ ਦੇ ਰੁਜ਼ਗਾਰ ਖੁਸ ਗਏ ਹਨ। ਕਿਸਾਨ ਖੁਦਕਸ਼ੀਆਂ ਕਰ ਰਹੇ ਹਨ। ਨੌਜਵਾਨ ਨਸ਼ੇ ਦੀ ਦਲ ਦਲ ਵਿੱਚ ਫਸ ਗਏ ਹਨ। ਪੰਜਾਬ ਤੇ ਕੇਂਦਰ ਦੀ ਸਰਕਾਰਾਂ ਕੁੰਭਕਰਨ ਦੀ ਨੀਂਦ ਸੁੱਤੀਆਂ ਹਨ। ਇਸ ਲਈ ਸਾਨੂੰ ਖੇਤ ਮਜ਼ਦੂਰਾਂ, ਨੌਜਵਾਨਾਂ, ਇਸਤਰੀਆਂ, ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਤਿੱਖੇ ਕਰਨੇ ਪੈਣਗੇ। ਪਿੰਡ ਨੂਰਪੁਰ ਚੱਠਾ ਕਮਿਊਨਿਸਟਾਂ ਦਾ ਪੁਰਾਣਾ ਪਿੰਡ ਹੈ। ਇੱਥੇ ਨੰਦ ਲਾਲ ਨੂਰਪੁਰੀ ਵਰਗੇ ਮਹਾਨ ਦੇਸ਼ ਭਗਤ ਲਿਖਾਰੀ ਹੋਏ ਹਨ। ਸਾਡੀ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਅਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਦੀ ਵੀ ਜਨਮ ਭੂਮੀ ਹੈ। ਪਹਿਲਾਂ ਕਾਮਰੇਡ ਸੇਖੋਂ, ਨੂਰਪੁਰੀ, ਜੌਹਲ, ਮੇਹਰ ਸਿੰਘ ਅਤੇ ਬਾਕੀ ਸਾਥੀਆਂ ਦਾ ਇਨਕਲਾਬੀ ਢੰਗ ਨਾਲ ਸਵਾਗਤ ਕੀਤਾ। ਇਸ ਮੌਕੇ ਰਾਮ ਸਿੰਘ ਨੂਰਪੁਰੀ, ਸੁਖਪ੍ਰੀਤ ਸਿੰਘ ਜੌਹਲ, ਪ੍ਰਸ਼ੋਤਮ ਲਾਲ ਬਿਲਗਾ, ਮਾ: ਮੂਲ ਚੰਦ, ਮੇਹਰ ਸਿੰਘ, ਪ੍ਰਕਾਸ਼ ਕਲੇਰ, ਮਾ: ਮਹਿੰਦਰ ਪਾਲ, ਅਮਰੀਕ ਲਿੱਤਰਾ, ਰਾਮ ਪਾਲ ਮਹੂੰਵਾਲ, ਕਾਮਰੇਡ ਚਮਣ, ਸੋਡੀ ਰਾਮ ਉਪਲਾ ਆਦਿ ਸਾਥੀਆਂ ਨੇ ਸੰਬੋਧਨ ਕੀਤਾ। ਇਕੱਠ ਦੀ ਪ੍ਰਧਾਨਗੀ ਗਗਨਦੀਪ ਨੇ ਕੀਤੀ। ਪਿੰਡ ਵਾਲਿਆਂ ਨੇ ਕਾਮਰੇਡ ਸੇਖੋਂ, ਨੂਰਪੁਰੀ, ਜੌਹਲ ਅਤੇ ਮੇਹਰ ਸਿੰਘ ਨੂੰ ਸਨਮਾਨਿਤ ਕੀਤਾ।

# ਬਾਲ ਘਰਾਂ ਦੀ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ : ਡੀ ਸੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ 0 ਤੋਂ 18 ਸਾਲ ਤੱਕ ਦੇ ਅਨਾਥ ਅਤੇ ਬੇਸਹਾਰਾ ਬੱਚਿਆਂ ਜਾਂ ਦਿਵਿਆਂਗ ਬੱਚਿਆਂ ਲਈ ਚਲਾਏ ਜਾ ਰਹੇ ਬਾਲ ਘਰ, ਜਿਹੜੇ ਕਿ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 41 (1) ਅਧੀਨ ਰਜਿਸਟਰਡ ਨਹੀ ਹਨ, ਉਨ੍ਹਾਂ ਬਾਲ ਘਰਾਂ ਦੇ ਮੁਖੀ 'ਤੇ ਵਿਭਾਗ ਵੱਲੋਂ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 42 ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਵਿਚ ਇਕ ਸਾਲ ਦੀ ਸਜ਼ਾ ਜਾਂ 1 ਲੱਖ ਰੁਪਏ ਜ਼ੁਰਮਾਨਾ ਜਾਂ ਦੋਵੇਂ ਹੀ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋ ਬਣਾਏ ਗਏ ਜੁਵੇਨਾਇਲ ਜਸਟਿਸ ਐਕਟ 2015 ਅਨੁਸਾਰ ਅਜਿਹਾ ਕੋਈ ਵੀ ਬਾਲ ਘਰ, ਜੋ ਕਿ ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਵੱਲੋ ਚਲਾਇਆ ਜਾ ਰਿਹਾ ਹੈ ਅਤੇ ਜਿਸ ਵਿੱਚ 0 ਤੋਂ 18 ਸਾਲ ਤੱਕ ਦੇ ਅਨਾਥ ਅਤੇ ਬੇਸਹਾਰਾ ਬੱਚਿਆਂ ਜਾਂ ਦਿਵਿਆਂਗ ਬੱਚਿਆਂ ਦੇ ਰਹਿਣ ਅਤੇ ਖਾਣ-ਪੀਣ, ਦੇਖਭਾਲ ਦੀ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਸਰਕਾਰ ਵੱਲੋ ਗ੍ਰਾਂਟ ਪ੍ਰਾਪਤ ਕਰਦੇ ਹਨ ਜਾਂ ਨਹੀ, ਉਨ੍ਹਾਂ ਦਾ ਜੁਵੇਨਾਇਲ ਜਸਟਿਸ ਐਕਟ 2015 ਦੀ ਧਾਰਾ 41 (1) ਅਧੀਨ ਰਜਿਸਟਰਡ ਹੋਣਾ ਜ਼ਰੂਰੀ ਹੈ। ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਵੱਲੋਂ ਰਜਿਸਟ੍ਰੇਸ਼ਨ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਨੂੰ ਜੁਵੇਨਾਇਲ ਜਸਟਿਸ (ਬੱਚਿਆਂ ਦੀ ਸੁਰੱਖਿਆ ਅਤੇ ਦੇਖਭਾਲ) ਮਾਡਲ ਰੂਲਸ, 2016 ਦੇ ਫਾਰਮ 27 (ਰੂਲ 21 (2) ਅਤੇ 22 (2) ਅਧੀਨ ਬੇਨਤੀ ਪੱਤਰ ਦਿੱਤਾ ਜਾਣਾ ਹੈ ਜਿਸ 'ਤੇ ਜ਼ਿਲ੍ਹਾ ਪੱਧਰੀ ਨਿਰੀਖਣ ਕਮੇਟੀ ਵੱਲੋ ਉਕਤ ਬਾਲ ਘਰ ਦਾ ਨਿਰੀਖਣ ਕਰਨ ਉਪਰੰਤ ਰਾਜ ਸਰਕਾਰ ਨੂੰ ਡਿਪਟੀ ਕਮਿਸ਼ਨਰ ਦੀ ਸਿਫਾਰਿਸ਼ ਰਾਹੀ ਰਜਿਸਟ੍ਰੇਸ਼ਨ ਲਈ ਭੇਜਿਆ ਜਾਣਾ ਹੈ। ਉਕਤ ਸਮੇਂ ਦੌਰਾਨ 6 ਮਹੀਨੇ ਲਈ ਰਾਜ ਸਰਕਾਰ ਵੱਲੋ ਪ੍ਰੋਵੀਜ਼ਨਲ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ ਅਤੇ ਦਸਤਾਵਜ਼ਾਂ ਦੀ ਮੁਕੰਮਲ ਪੜਤਾਲ ਉਪਰੰਤ 3 ਸਾਲ ਲਈ ਪੱਕੇ ਤੌਰ 'ਤੇ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕੋਈ ਗੈਰ-ਸਰਕਾਰੀ ਸੰਸਥਾ (ਅਣ-ਰਜਿਸਟਰਡ) ਚੱਲ ਰਹੀ ਹੈ ਤਾਂ ਉਸਦੀ ਤੁਰੰਤ ਸੂਚਨਾ ਦਫ਼ਤਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਅਤੇ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਹੁਸ਼ਿਆਰਪੁਰ (01882-291839, 98765-91722) 'ਤੇ ਦੇਣੀ ਯਕੀਨੀ ਬਣਾਈ ਜਾਵੇ।



# ਨਕਲੀ ਦੇਸੀ ਘਿਉ ਬਣਾਉਣ ਵਾਲੀ ਫੈਕਟਰੀ ਦਾ ਪਰਦਾਫ਼ਾਸ਼

## ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਸਿਵਲ ਸਰਜਨ



**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਿਸ਼ਨ ਤੰਦਰੁਸਤ ਪੰਜਾਬ ਦੇ ਸੰਕਲਪ ਦੇ ਚੱਲਦਿਆਂ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਵੱਲੋਂ ਮਿਲਾਵਟਖੋਰਾਂ ਖਿਲਾਫ ਵਿੱਢੀ ਮੁਹਿੰਮ ਦੇ ਚੱਲਦਿਆਂ ਜ਼ਿਲ੍ਹਾ ਸਿਹਤ ਅਫ਼ਸਰ ਡਾ. ਬਲਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਭਵਾਨੀਗੜ੍ਹ ਨਾਭਾ ਰੋਡ 'ਤੇ ਸਥਿਤ ਇੱਕ ਡਿਟਰਜੈਂਟ ਫੈਕਟਰੀ ਦੀ ਆੜ ਵਿੱਚ ਨਕਲੀ ਦੇਸੀ ਘਿਉ ਬਣਾਉਣ ਵਾਲੀ ਫੈਕਟਰੀ ਵਿਖੇ ਛਾਪੇਮਾਰੀ ਦੌਰਾਨ 700 ਲੀਟਰ ਵੱਖ-ਵੱਖ ਮਾਰਕਿਆਂ ਵਾਲਾ ਨਕਲੀ ਦੇਸੀ ਘਿਉ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਇਸ ਘਿਉ ਨੂੰ ਤਿਆਰ ਕਰਨ ਲਈ ਵਰਤਿਆ ਜਾਂਦਾ ਸਾਮਾਨ ਬਰਾਮਦ ਕੀਤਾ ਹੈ। ਸਿਹਤ ਵਿਭਾਗ ਨੇ ਇਸ ਘਿਓ ਦੇ ਸੈਂਪਲ ਲੈ ਕੇ ਲੈਬਾਰਟਰੀ ਜਾਂਚ ਲਈ ਭੇਜ ਦਿੱਤੇ ਹਨ। ਜ਼ਿਲ੍ਹਾ ਸਿਹਤ ਅਫਸਰ ਡਾ. ਬਲਜੀਤ ਸਿੰਘ ਨੇ ਦੱਸਿਆ ਕਿ ਉਕਤ ਫੈਕਟਰੀ ਤੋਂ ਬਰਾਮਦ ਕੀਤਾ ਗਿਆ ਦੇਸੀ ਘਿਓ ਅਲੱਗ-ਅਲੱਗ ਕੰਪਨੀਆਂ ਦੇ ਨਾਂਅ ਦੇ ਰੈਪਰ ਲੱਗੇ ਹੋਏ ਸੀ। ਉਨ੍ਹਾਂ ਦੱਸਿਆ ਕਿ ਜਾਂਚ ਟੀਮ ਨੂੰ ਉਥੋਂ ਜਿਹੜਾ ਦੇਸੀ ਘਿਓ ਮਿਲਿਆ ਹੈ, ਉਸ 'ਚ ਕਿਹੜੇ-ਕਿਹੜੇ ਰਸਾਇਣਿਕ ਤੱਤਾਂ ਦਾ ਇਸਤੇਮਾਲ ਕੀਤਾ ਗਿਆ। ਇਸ ਦਾ ਖੁਲਾਸਾ ਸੈਂਪਲ ਦੇ ਟੈਸਟ ਤੋਂ ਬਾਅਦ ਹੋਵੇਗਾ। ਸਿਹਤ ਵਿਭਾਗ ਨੇ ਉਥੇ ਪਏ ਸਾਰੇ ਡੱਬਾ ਬੰਦ ਘਿਓ ਨੂੰ ਜ਼ਬਤ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਉੱਥੇ ਵੱਖ-ਵੱਖ ਕੰਪਨੀਆਂ ਦੇ ਰੈਪਰ, ਕੰਟੇਨਰ, 170 ਖਾਲੀ ਰਿਫਾਈਂਡ ਦੇ ਡੱਬੇ ਵੀ ਬਰਾਮਦ ਹੋਏ ਹਨ। ਉਹ ਵੱਖ-ਵੱਖ ਫਲੇਵਰਾਂ ਦਾ ਇਸਤੇਮਾਲ ਕਰਕੇ ਇਹ ਘਿਉ ਤਿਆਰ ਕਰਦੇ ਸਨ। ਉਨ੍ਹਾਂ ਦੱਸਿਆ ਕਿ ਇਹ ਫੈਕਟਰੀ ਜਿੰਮੀ ਗਰਗ ਵਾਸੀ ਮਾਨਸਾ ਚਲਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ ਹੈ ਤੇ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਚੇਤਾਵਨੀ ਦਿੱਤੀ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਮਿਲਾਵਟਖੋਰਾਂ ਖਿਲਾਫ਼ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਘੱਗਰ 'ਚ ਹੜ੍ਹਾਂ ਦੇ ਪਾਣੀ ਦੀ ਤਬਾਹੀ ਨੂੰ ਰੋਕੇ ਸਰਕਾਰ : ਵਿਰਕ

## ਸਿਰਸਾ ਜ਼ਿਲ੍ਹੇ ਦੇ ਅਨੇਕਾਂ ਪਿੰਡਾਂ 'ਚ ਦਾਖ਼ਲ ਹੋ ਜਾਂਦੈ ਘੱਗਰ ਦਾ ਪਾਣੀ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਘੱਗਰ ਦਰਿਆ ਦੀ ਖੁਦਾਈ ਤੇ ਬੰਨ੍ਹ ਨੂੰ ਪੱਕਾ ਕਰਨ ਲਈ ਕਿਸਾਨਾਂ ਨੇ ਆਪਣੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਸਿਰਸਾ ਦੇ ਮਿੰਨੀ ਸਕੱਤਰੇਤ ਦੇ ਬਾਹਰ ਧਰਨਾ ਦਿੱਤਾ ਤੇ ਡੀ ਸੀ ਪਾਰਥ ਗੁਪਤਾ ਨੂੰ ਮੰਗ ਪੱਤਰ ਦਿੱਤਾ। ਕਿਸਾਨ ਆਗੂ ਸਵਰਨ ਸਿੰਘ ਵਿਰਕ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਕਿਸਾਨ ਖ਼ੁਦ ਹੀ ਕੋਈ ਸਖ਼ਤ ਫ਼ੈਸਲਾ ਲੈਣ ਲਈ ਮਜਬੂਰ ਹੋਣਗੇ।ਵਰਨਣਯੋਗ ਹੈ ਕਿ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਹੜ੍ਹਾਂ ਦਾ ਪਾਣੀ ਆਸ-ਪਾਸ ਦੇ ਕਈ ਪਿੰਡਾਂ ਵਿੱਚ ਦਾਖ਼ਲ ਹੋ ਜਾਂਦਾ ਹੈ ਅਤੇ ਸੈਂਕੜੇ ਏਕੜ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ।ਕਿਸਾਨ ਆਗੂ ਵਿਰਕ ਨੇ ਕਿਹਾ ਕਿ ਜਦੋਂ ਵੀ ਘੱਗਰ ਦਰਿਆ ਵਿੱਚ ਹੜ੍ਹ ਆਉਂਦਾ ਹੈ ਤਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ-ਨਾਲ ਪੂਰਾ ਪਿੰਡ ਪੂਰੀ ਤਨਦੇਹੀ ਨਾਲ ਕੰਮ ਕਰਨ ਵਿੱਚ ਜੁੱਟ ਜਾਂਦਾ ਹੈ, ਪਰ ਜਿਵੇਂ ਹੀ ਹੜ੍ਹ ਦਾ ਖ਼ਤਰਾ ਲੰਘ ਜਾਂਦਾ ਹੈ ਤਾਂ ਸਰਕਾਰ ਇਸ ਨੂੰ ਭੁੱਲ ਜਾਂਦੀ ਹੈ।ਕਾ: ਵਿਰਕ ਨੇ ਦੱਸਿਆ ਕਿ ਪਿੰਡ ਨਕੋੜਾ ਵਿੱਚ ਕਿਸਾਨਾਂ ਦੀ ਮੀਟਿੰਗ ਵਿੱਚ ਹਰਿਆਣਾ ਸਰਕਾਰ ਦੇ ਨਾਮ, ਜੋ ਮੰਗ ਪੱਤਰ ਤਿਆਰ ਕੀਤਾ ਗਿਆ, ਉਸ ਵਿੱਚ ਘੱਗਰ ਦਰਿਆ ਦੀ ਖੁਦਾਈ ਕਰਕੇ ਇਸ ਦੇ ਬੰਨ੍ਹ ਨੂੰ ਪੱਕਾ ਕਰਨ ਤੇ ਇਸ ਉਪਰ ਕੰਕਰੀਟ ਦੀ ਸੜਕ ਬਣਾਉਣ ਅਤੇ ਬੰਨ੍ਹਾਂ 'ਤੇ ਬਿਜਲੀ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ।ਇਹ ਮੰਗ ਪੱਤਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ ਹੈ।ਕਾਮਰੇਡ ਵਿਰਕ ਨੇ ਦੱਸਿਆ ਕਿ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਭਰੋਸਾ ਮਿਲਿਆ ਹੈ ਕਿ ਅਗਲੇ 15 ਦਿਨਾਂ ਵਿੱਚ ਇਸ ਬਾਰੇ ਜਾਣਕਾਰੀ ਦੇਣਗੇ।ਕਾਮਰੇਡਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਲੋਕ ਵੱਡਾ ਫੈਸਲਾ ਲੈਣ ਲਈ ਮਜਬੂਰ ਹੋਣਗੇ।

# ਨੇਪਾਲੀ ਕਰ ਰਹੇ ਪੰਜਾਬੀਆਂ ਦੀ ਸਿਹਤ ਨਾਲ ਖਿਲਵਾੜ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਫੂਡ ਸੇਫਟੀ ਟੀਮ ਨੇ ਇਕ ਨੇਪਾਲੀ ਦੁਕਾਨ ਐਨਐਫ਼ਸੀ ਤੇ ਸ਼ਿਕਾਇਤ ਦੇ ਆਧਾਰ ਤੇ ਅਭਿਆਨ ਚਲਾਇਆ। ਨੇਪਾਲੀਆ ਦੀ ਕਾਰਗੁਜ਼ਾਰੀ ਵੇਖ ਕੇ ਫੂਡ ਸੇਫਟੀ ਟੀਮ ਹੱਕੀ-ਬੱਕੀ ਰਹਿ ਗਈ।ਐਨਐਫਸੀ ਨੇਪਾਲੀ ਲੋਕ ਇੱਕ ਦਿਨ ਵਿੱਚ ਸਿਟੀ ਤੇ ਕੈਂਟ ਵਿੱਚ ਹਰ ਰੋਜ਼ ਲੱਖਾਂ ਦੀ ਕਮਾਈ ਕਰਦੇ ਹਨ ਅਤੇ ਸਾਡੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਦਰ-ਦਰ ਦੇ ਧੱਕੇ ਖਾ ਰਹੇ ਹਨ।ਸੂਰਬੀਰਾਂ ਦੀ ਕੌਮ ਪੰਜਾਬੀਆਂ ਨੂੰ ਨੇਪਾਲੀ ਲੋਕ ਅਜਿਨੋਮਾਟੋ ਖਿਲਾ ਕੇ ਕੈਂਸਲ ਤੇ ਹੋਰ ਗੰਭੀਰ ਬਿਮਾਰੀਆਂ ਵਿੱਚ ਖੁੱਲ੍ਹੇਆਮ ਧਕੇਲ ਰਹੇ ਹਨ।ਫੂਡ ਸੇਫਟੀ ਦੇ ਅਫ਼ਸਰ ਅਭਿਨਵ ਡੀ ਐਚ ਓ ਹਰਕੀਰਤ ਸਿੰਘ ਅਤੇ ਫੂਡ ਅਫ਼ਸਰ ਬਾਂਸਲ ਨੇ ਦੱਸਿਆ ਕਿ ਐਨਐਫਸੀ ਦੇ ਲੋਕ ਕਿਸੇ ਤਰ੍ਹਾਂ ਦੇ ਰੂਲ ਦੀ ਪਾਲਣਾ ਨਹੀਂ ਕਰ ਰਹੇ ਟਾਇਲਟ ਵਾਲੀ ਜਗ੍ਹਾ 'ਤੇ ਰਸੋਈ ਬਣੀ ਹੋਈ ਹੈ ਅਤੇ ਸਟੋਰ ਕੀਤੇ ਗਏ ਚਾਪ ਫੰਗਸ ਵਾਲੀਆ ਪੇਟੀਆਂ ਵਿੱਚ ਰੱਖੇ ਹੋਏ ਹਨ ਤੇ ਜਗ੍ਹਾ ਜਗ੍ਹਾ ਤੇ ਭਰਪੂਰ ਗੰਦਗੀ ਵਿੱਚ ਮਾਲ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਾਰਟੀ ਦੀ ਸੇਲ ਇੱਕ ਕਾਊਂਟਰ ਦੀ 50,000 ਤੋਂ ਉੱਪਰ ਹੈ।ਇਨ੍ਹਾਂ ਨੇ ਕਿਸੇ ਤਰ੍ਹਾਂ ਦੀ ਵੀ ਫੂਡ ਸੇਫਟੀ ਐਕਟ ਦੀ ਪਾਲਣਾ ਨਹੀਂ ਕੀਤੀ।ਮਾਲ ਬਣਾਉਣ ਵਾਲੇ ਮੈਲੇ-ਕੁਚੈਲੇ ਕੱਪੜੇ ਪਾ ਕੇ ਤੇ ਸ਼ਰਾਬ ਪੀ ਕੇ ਮਾਲ ਤਿਆਰ ਕਰ ਰਹੇ ਹਨ।ਇਨ੍ਹਾਂ ਦੇ ਸਟਾਫ਼ ਨੇ ਕਿਸੇ ਤਰ੍ਹਾਂ ਦੀ ਵੀ ਫੂਡ ਟ੍ਰੇਨਿੰਗ ਨਹੀਂ ਲਈ ਇਨ੍ਹਾਂ ਦੇ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।ਜਦੋਂ ਤੱਕ ਇਹ ਟ੍ਰੇਨਿੰਗ ਨਹੀਂ ਕਰ ਲੈਂਦੇ ਤੇ ਲਾਇਸੰਸ ਪ੍ਰਾਪਤ ਨਹੀਂ ਕਰ ਲੈਂਦੇ, ਇਹ ਸਮਾਨ ਬਣਾਉਣ ਦੇ ਹੱਕਦਾਰ ਨਹੀਂ ਹਨ। ਅਸੀਂ ਫਿਰ ਇੱਕ-ਦੋ ਦਿਨ ਬਾਅਦ ਇਨ੍ਹਾਂ ਦੀ ਚੈਕਿੰਗ ਕਰਾਂਗੇ ਤੇ ਇੰਸਪੈਕਟਰ ਅਭਿਨਵ ਨੇ ਦੱਸਿਆ ਸਾਨੂੰ ਅਜਿਨੋਮਾਟੋ ਵਾਲਾ ਭੋਜਨ ਨਹੀਂ ਕਰਨਾ ਚਾਹੀਦਾ, ਜੋ ਸਰਕਾਰ ਨੇ ਬੈਨ ਕਰ ਰੱਖਿਆ ਹੈ। ਸਵਾਦ ਨੂੰ ਵਧਾਉਣ ਦੀ ਖਾਤਰ ਇਹ ਨੇਪਾਲੀ ਲੋਕ ਬਿਨਾਂ ਮਾਤਰਾ ਅਜਿਨੋਮਾਟੋ ਪਾ ਕੇ ਖੁੱਲ੍ਹੇਆਮ ਪੰਜਾਬੀ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।

## ਕਾਤਰਾਂ

### ਬੱਸ 'ਚੋਂ ਡਿੱਗੇ ਨੌਜਵਾਨ ਦੇ ਸਿਰ ਉਪਰੋਂ ਲੰਘੀ ਬੱਸ, ਮੌਤ ਪਿੱਛੋਂ ਡਰਾਈਵਰ ਖਿਲਾਫ਼ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਪਿੰਡ ਮੱਲਵਾਲ ਕਦੀਮ ਵਿਖੇ ਇਕ ਪ੍ਰਾਈਵੇਟ ਬੱਸ ਵਿਚੋਂ ਡਿੱਗੇ ਨੌਜਵਾਨ ਦੇ ਸਿਰ ਉਪਰ ਦੀ ਬੱਸ ਲੰਘਣ ਨਾਲ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਪੁਲਸ ਨੇ ਬੱਸ ਚਾਲਕ ਖਿਲਾਫ 304-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੰਦੀਪ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਪਿੰਡ ਕਿਆਰਾ ਸਮੇਗਾ ਥਾਣਾ ਸਿਰਾਹਾ ਤਹਿਸੀਲ ਪਛਾੜ ਜ਼ਿਲ੍ਹਾ ਸਿਰਮੌਰ (ਹਿਮਾਚਲ ਪ੍ਰਦੇਸ਼) ਨੇ ਦੱਸਿਆ ਕਿ ਉਸ ਦਾ ਭਰਾ ਵਿਨੋਦ ਕੁਮਾਰ (22 ਸਾਲ) ਤੇ ਸੰਜੇ ਠਾਕੁਰ ਫਿਰੋਜ਼ਪੁਰ ਵਿਖੇ ਮੈਰਿਜ ਪੈਲੇਸ ਵਿਚ ਕੇਟਰਿੰਗ ਦਾ ਕੰਮ ਕਰਨ ਲਈ ਆ ਸੀ, ਉਹ ਮੋਗਾ ਤੋਂ ਫਿਰੋਜ਼ਪੁਰ ਇਕ ਪ੍ਰਾਈਵੇਟ ਬੱਸ ਨੰਬਰ ਪੀਬੀ 04 ਏਈ 8659 ਵਿਚ ਬੈਠ ਕੇ ਆ ਰਹੇ ਸੀ। ਜਦ ਬੱਸ ਮੱਲਵਾਲ ਬੱਸ ਅੱਡਾ 'ਤੇ ਰੁਕੀ ਤਾਂ ਉਸ ਦਾ ਭਰਾ ਵਿਨੋਦ ਕੁਮਾਰ ਬੱਸ ਵਿਚੋਂ ਉਤਰਨ ਲੱਗਾ ਤਾਂ ਬੱਸ ਡਰਾਈਵਰ ਨੇ ਲਾਪ੍ਰਵਾਹੀ ਨਾਲ ਬੱਸ ਤੋਰ ਲਈ ਤਾਂ ਬੱਸ ਅੰਦਰ ਬੈਠੀਆਂ ਸਵਾਰੀਆਂ ਨੇ ਰੌਲਾ ਪਾਇਆ ਕਿ ਬੱਸ ਰੋਕ ਲੈ ਪਰ ਡਰਾਈਵਰ ਨੇ ਬੱਸ ਨਹੀਂ ਰੋਕੀ, ਜਿਸ ਤੇ ਉਸ ਦਾ ਭਰਾ ਵਿਨੋਦ ਕੁਮਾਰ ਬੱਸ ਤੋਂ ਡਿੱਗ ਪਿਆ ਤੇ ਬੱਸ ਵਿਨੋਦ ਕੁਮਾਰ ਦੇ ਸਿਰ ਉਪਰ ਦੀ ਲੰਘ ਗਈ, ਜਿਸ ਕਾਰਨ ਵਿਨੋਦ ਕੁਮਾਰ ਦੀ ਮੌਕੇ 'ਤੇ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਬੱਸ ਡਰਾਈਵਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

### ਏਕਨੂਰ ਵੈੱਲਫੇਅਰ ਐਸੋਸੀਏਸ਼ਨ ਨੇ ਵਿਧਵਾ ਲਈ ਛੱਤ ਦਾ ਕੀਤਾ ਇੰਤਜ਼ਾਮ



**ਬੁਢਲਾਡਾ (ਅਸ਼ੋਕ ਲਾਕੜਾ)**-ਸਮਾਜ ਸੇਵਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਵਾਲੀ ਸੁਤੰਤਰਤਾ ਸੰਗਰਾਮੀਆਂ ਦੀ ਵਾਰਿਸ ਹੋਣਹਾਰ ਧੀ ਏਕਨੂਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਪ੍ਰਧਾਨ ਨੈਸ਼ਨਲ ਐਵਾਰਡ ਜੇਤੂ ਤੇ ਉੱਘੀ ਸਮਾਜ ਸੇਵਿਕਾ ਜੀਤ ਦਹੀਆ ਵੱਲੋਂ ਇੱਕ ਲੋੜਵੰਦ ਪਰਿਵਾਰ ਦੀ ਅੰਗਹੀਣ ਵਿਧਵਾ ਔਰਤ ਦੇ ਡਿੱਗੇ ਮਕਾਨ ਦੀ ਦਾ ਨਿਰਮਾਣ ਕਰਕੇ ਦੇਣ ਲਈ ਨੀਂਹ ਪੱਥਰ ਰੱਖਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਮਾਜ ਸੇਵਿਕਾ ਜੀਤ ਦਹੀਆ ਨੇ ਕਿਹਾ ਕਿ ਗੁਰਮੇਲ ਕੌਰ ਨਾਮ ਦੀ ਔਰਤ, ਜੋ 6 ਮਹੀਨਿਆਂ ਤੋਂ ਕਮਰੇ ਦੀ ਡਿੱਗੀ ਛੱਤ ਵਿੱਚ ਇਕੱਲੀ ਰਹਿ ਰਹੀ ਸੀ ਤੇ ਉਨ੍ਹਾਂ ਦਾ ਅੱਤ ਦੀ ਪੈ ਰਹੀ ਠੰਢ ਵਿੱਚ ਖਿਆਲ ਰੱਖਣ ਵਾਲਾ ਕੋਈ ਸਾਕ ਸੰਬੰਧੀ ਨਹੀਂ ਸੀ, ਉਨ੍ਹਾਂ ਲਈ ਰਹਿਣ ਵਾਸਤੇ ਆਪਣੇ ਨਿੱਜੀ ਖਰਚੇ ਵਿੱਚੋਂ ਛੱਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਛੱਤ ਪਾਉਣ ਲਈ ਲੋੜੀਂਦੇ ਸਾਮਾਨ ਜਿਵੇਂ ਕਿ ਸੀਮਿੰਟ, ਬਜਰੀ, ਬਰੇਤੀ ਤੇ ਇੱਟਾਂ ਦਾ ਪ੍ਰਬੰਧ ਲਈ ਉਨ੍ਹਾਂ ਤੇ ਸੰਸਥਾ ਦੇ ਮੈਂਬਰਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਮੌਕੇ ਉਨ੍ਹਾਂ ਦਾਨੀ ਸੱਜਣਾਂ ਨੂੰ ਵੀ ਇਸ ਅੰਗਹੀਣ ਵਿਧਵਾ ਔਰਤ ਦੀ ਮੱਦਦ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸਮਾਜ ਸੇਵੀ ਬਿੱਕਰ ਸਿੰਘ ਮੰਘਾਣੀਆ, ਏਕਨੂਰ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੇ ਮੀਡੀਆ ਇੰਚਾਰਜ ਦਵਿੰਦਰ ਸਿੰਘ ਕੋਹਲੀ, ਸਮਾਜਸੇਵੀ ਪੱਤਰਕਾਰ ਬੀਰਬਲ ਧਾਲੀਵਾਲ ਆਦਿ ਨੇ ਕਿਹਾ ਕਿ ਇਸ ਲੋੜਵੰਦ ਪਰਿਵਾਰ ਦੀ ਵਿਧਵਾ ਔਰਤ ਦੀ ਛੱਤ ਉਸਾਰੀ ਲਈ ਦਾਨੀ ਸੱਜਣਾਂ ਨੂੰ ਵੱਧ ਤੋਂ ਵੱਧ ਹਿੱਸਾ ਪਾ ਕੇ ਮਨੁੱਖਤਾ ਭਲਾਈ 'ਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

### ਕਮਿਊਨਿਟੀ ਹੈਲਥ ਸੈਂਟਰ ਫਿਰੋਜ਼ਸ਼ਾਹ 'ਚ ਸੁਖਮਨੀ ਸਾਹਿਬ ਪਾਠ ਦਾ ਭੋਗ ਪਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਦੇ ਅਧੀਨ ਆਉਂਦੇ ਕਮਿਊਨਿਟੀ ਹੈਲਥ ਸੈਂਟਰ ਫਿਰੋਜ਼ਸ਼ਾਹ ਵਿਖੇ ਡਾ. ਦੀਪਕ ਚੰਦਰ ਸੀਨੀਅਰ ਮੈਡੀਕਲ ਅਫ਼ਸਰ ਫ਼ਿਰੋਜ਼ਸ਼ਾਹ ਦੀ ਅਤੇ ਸਮੂਹ ਸਟਾਫ਼ ਦੇ ਸਹਿਯੋਗ ਸਦਕਾ ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ।ਡਾ. ਦੀਪਕ ਚੰਦਰ ਨੇ ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਪਹਿਲਾਂ ਦੇ ਮੁਕਾਬਲੇ ਸਰਕਾਰੀ ਹਸਪਤਾਲਾਂ ਦੀ ਸਥਿਤੀ ਵਿਚ ਬਹੁਤ ਹੀ ਜ਼ਿਆਦਾ ਸੁਧਾਰ ਆਇਆ ਹੈ ਤੇ ਹੁਣ ਲੋਕਾਂ ਦਾ ਰੁਝਾਨ ਵੀ ਸਰਕਾਰੀ ਹਸਪਤਾਲਾਂ ਵੱਲ ਵਧਿਆ ਹੈ।ਸਮਾਗਮ ਵਿੱਚ ਡਾ. ਗੁਰਮੇਜ ਗੁਰਾਇਆ ਡੀਐਮਸੀ ਫ਼ਿਰੋਜ਼ਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਬਲਾਕ ਫ਼ਿਰੋਜ਼ਸ਼ਾਹ ਦੇ ਸਮੂਹ ਸਟਾਫ਼ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ।

# ਨੌਜਵਾਨ ਭਾਰਤ ਸਭਾ ਵੱਲੋਂ ਰੁਲ ਰਹੀਆਂ ਇਤਿਹਾਸਕ ਇਮਾਰਤਾਂ ਨੂੰ ਬਚਾਉਣ ਦੀ ਮੰਗ

## 'ਨੌਜਵਾਨ ਜੋੜੋ ਪੈਦਲ ਯਾਤਰਾ' ਸੱਤਵੇਂ ਦਿਨ ਪਿੰਡ ਡੋਹਕ, ਸੀਰਵਾਲੀ, ਭੰਗੇਵਾਲਾ ਵਿਖੇ ਪਹੁੰਚੀ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਨੌਜਵਾਨ ਭਾਰਤ ਸਭਾ ਦੇ ਸੂਬਾ ਜਨਰਲ ਸਕੱਤਰ ਮੰਗਾ ਸਿੰਘ ਅਜ਼ਾਦ, ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ, ਜ਼ਿਲ੍ਹਾ ਸਕੱਤਰ ਰਾਜਦੀਪ ਸਿੰਘ ਬਾਗੀ ਨੇ ਕਿਹਾ ਕਿ ਨੌਜਵਾਨ ਭਾਰਤ ਸਭਾ ਵੱਲੋਂ ਪਿਛਲੀ 29 ਦਸੰਬਰ ਪਿੰਡ ਮੌੜ ਤੋਂ ਪੈਦਲ ਯਾਤਰਾ ਸ਼ੁਰੂ ਕੀਤੀ ਸੀ, ਜੋ ਹਰੀ ਨੌਂ, ਭੈਰੋਂ ਭੱਟੀ, ਮੌੜ ਕਲੋਨੀਆਂ, ਸਮਾਘ, ਹਰੀਕੇ ਕਲਾਂ, ਸਰਾਏਨਾਗਾ, ਖੋਖਰ, ਆਸਾ ਬੁੱਟਰ, ਖਿੜਕੀਆਂ ਵਾਲਾ, ਭੁੱਟੀਵਾਲਾ, ਹਰਾਜ, ਕੋਟਲੀ ਸੰਘਰ, ਥਾਂਦੇਵਾਲਾ, ਝਬੇਲਵਾਲੀ, ਨਹਿਰ ਬਸਤੀ ਵੜਿੰਗ, ਵੜਿੰਗ, ਬਰੀਵਾਲਾ, ਚੱਕ ਗਾਂਧਾ ਸਿੰਘ ਵਾਲਾ, ਡੋਡਾਂਵਾਲੀ, ਬਸਤੀ ਡੋਡਾਂਵਾਲੀ, ਤਖਤ ਮਲਾਣਾ, ਜੰਮੂਆਣਾ, ਜੰਡੋਕੇ, ਡੋਹਕ, ਸੀਰਵਾਲੀ, ਭੰਗੇਵਾਲਾ ਵਿਖੇ ਪਹੁੰਚੀ, ਜਿੱਥੇ ਇਸ ਦਾ ਭਰਵਾਂ ਸਵਾਗਤ ਕੀਤਾ ਗਿਆ।

ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਮਹਾਸਾ ਸਿੰਘ ਸਮਾਘ, ਗੁਰਤੇਜ ਸਿੰਘ ਵੜਿੰਗ, ਖੁਸ਼ਪ੍ਰੀਤ ਸਿੰਘ ਗੋਸ਼ੀ, ਗੁਰਾਦਿੱਤਾ ਸਿੰਘ ਝਬੇਲਵਾਲੀ ਨੇ ਕਿਹਾ ਕਿ ਇਸ ਯਾਤਰਾ ਦੀਆਂ ਮੁੱਖ ਮੰਗਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਕੋਟਲਾ ਨਿਹੰਗ ਖਾਂ ਦੇ ਰੁਲ ਰਹੇ ਕਿਲ੍ਹੇ ਦੀ ਇਤਿਹਾਸਕ ਦਿੱਖ ਬਹਾਲ ਕਰਨ, ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਫਿਰੋਜ਼ਪੁਰ ਤੂੜੀ ਬਜ਼ਾਰ ਵਿੱਚ ਸਥਿਤ ਗੁਪਤ ਟਿਕਾਣੇ ਨੂੰ ਲਾਇਬ੍ਰੇਰੀ ਤੇ ਮਿਊਜ਼ੀਅਮ ਵਿੱਚ ਤਬਦੀਲ ਕਰਨ ਤੇ ਸ਼ਹੀਦਾਂ ਨਾਲ ਸਬੰਧਤ ਰੁਲ ਰਹੀਆਂ ਇਤਿਹਾਸਕ ਇਮਾਰਤਾਂ ਨੂੰ ਸਾਂਭਣ, ਹਰ ਪਿੰਡ ਵਿੱਚ ਖੇਡ ਗਰਾਊਂਡਾਂ ਬਣਾਉਣ, ਖੇਡ ਕਿੱਟਾਂ, ਖੇਡ ਕੋਚ ਭਰਤੀ ਕਰਨ, ਜਿੰਮ ਦਾ ਪ੍ਰਬੰਧ ਕਰਨ, ਬੇਰੁਜ਼ਗਾਰ ਨੌਜਵਾਨਾਂ ਦੀ ਰੁਜ਼ਗਾਰ ਦਫਤਰਾਂ 'ਚ ਰਜਿਸਟ੍ਰੇਸ਼ਨ ਕਰਕੇ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕਰਵਾਉਣ, ਨਾ-ਰੁਜ਼ਗਾਰ ਦੇਣ ਦੀ ਸੂਰਤ ਵਿੱਚ ਤਿੰਨ ਹਜ਼ਾਰ ਰੁਪਏ ਬੇਰੁਜ਼ਗਾਰੀ ਭੱਤਾ ਦੇਣ, ਨਸ਼ਿਆਂ ਦੇ ਪੂਰਨ ਪਾਬੰਦੀ ਲਾਉਣ, ਨਸ਼ਿਆਂ 'ਚ ਗ੍ਰਸਤ ਪੀੜਤ ਨੌਜਵਾਨਾਂ ਦਾ ਮੁਫਤ ਇਲਾਜ ਕਰਨ ਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਆਦਿ ਹਨ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਵਿਜੇ ਕੁਮਾਰ, ਗੁਰਵੀਰ ਭੁੱਲਰ, ਮਲਕੀਤ ਡੋਹਕ, ਸੁਖਪ੍ਰੀਤ ਮੌੜ, ਐਮੀ ਮੌੜ, ਲਖਵੀਰ ਸਿੰਘ ਸਮਾਘ, ਬੌਬੀ ਸਮਾਘ, ਜਸਕਰਨ ਸਮਾਘ, ਲਖਵੀਰ ਖਿੜਕੀਆਂ, ਤਰਸੇਮ ਭੁੱਟੀਵਾਲਾ, ਬਲਕਾਰ ਸਿੰਘ ਡੋਹਕ, ਚਮਕੌਰ ਸਿੰਘ, ਹਰਪ੍ਰੀਤ ਸਿੰਘ ਹਰੀਨੌਂ, ਗੋਲੂ ਸਿੰਘ, ਬੱਗੜ ਸਿੰਘ, ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਭੇਜ ਸਿੰਘ ਆਦਿ ਨੌਜਵਾਨਾਂ ਨੇ ਵੀ ਸੰਬੋਧਨ ਕੀਤਾ।

# ਮੁਲਾਜ਼ਮ ਯੂਨਾਈਟਿਡ ਆਰਗੇਨਾਈਜ਼ੇਸ਼ਨ ਡਵੀਜ਼ਨ ਦੀ ਮੀਟਿੰਗ

## 8 ਨੂੰ ਹੋਣ ਵਾਲੀ ਮੀਟਿੰਗ 'ਚ ਮੁਲਾਜ਼ਮ ਮੰਗਾਂ ਦਾ ਹੱਲ ਕੀਤਾ ਜਾਵੇ : ਆਗੂ



**ਜਲਾਲਾਬਾਦ (ਜੀਤ ਕੁਮਾਰ)**

ਮੁਲਾਜ਼ਮ ਯੂਨਾਈਟਿਡ ਔਰਗੇਨਾਈਜ਼ੇਸ਼ਨ ਸਬ ਡਵੀਜ਼ਨ ਸ਼ਹਿਰੀ ਤੇ ਸਬ ਡਵੀਜ਼ਨ ਜਲਾਲਾਬਾਦ ਦੇ ਸੀਨੀਅਰ ਆਗੂਆਂ ਦੀ ਮੀਟਿੰਗ 132 ਕੇ ਵੀ ਦਫਤਰ ਜਲਾਲਾਬਾਦ ਵਿਖੇ ਕੀਤੀ ਗਈ। ਮੀਟਿੰਗ 'ਚ ਸੀ.ਆਰ.ਏ. 295/19 ਦੇ ਮੁਲਾਜ਼ਮ ਸਾਥੀਆਂ ਦੀਆਂ ਪੂਰੀਆਂ ਤਨਖਾਹਾਂ ਜਾਰੀ ਕਰਵਾਉਣ ਸਬੰਧੀ ਵਿਚਾਰ ਚਰਚਾ ਕੀਤੀ ਗਈ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਥੇ ਦੱਸਣਯੋਗ ਹੈ ਕਿ ਪਿਛਲੇ ਮਹੀਨੇ 12 ਨਵੰਬਰ 2023 ਨੂੰ ਤਨਖਾਹ ਨਾ ਜਾਰੀ ਕਰਨ ਤੇ ਪਿਛਲੇ ਸਮੇਂ ਪਾਵਰਕਾਮ ਨਾਲ ਬਣੀਆਂ ਸਹਿਮਤੀਆਂ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਰਿਹਾਇਸ਼ ਨਿਊ ਸ੍ਰੀ ਅਮ੍ਰਿਤਸਰ ਵਿਖੇ ਸੰਘਰਸ਼ ਕਮੇਟੀ ਦੁਆਰਾ ਧਰਨਾ ਦਿੱਤਾ ਗਿਆ ਸੀ, ਜਿਸ ਦੇ ਦਬਾਅ ਕਾਰਨ ਲੋਕਲ ਪ੍ਰਸ਼ਾਸਨ ਨੇ ਪੈਨਲ ਮੀਟਿੰਗ 8 ਜਨਵਰੀ 2024 ਨੂੰ ਬਿਜਲੀ ਮੰਤਰੀ ਤੇ ਪਾਵਰਕਾਮ ਦੇ ਉੱਚ ਅਧਿਕਾਰੀਆਂ ਨਾਲ ਕਰਵਾਉਣ ਦੀ ਸਹਿਮਤੀ ਦਿੱਤੀ ਗਈ ਸੀ, ਜਿਸ ਦੇ ਕਾਰਨ ਸੰਘਰਸ਼ ਕਮੇਟੀ ਨਾਲ ਸਹਿਮਤੀ ਬਣੀ। ਇਸ ਲਈ ਮੁਲਾਜ਼ਮ ਯੂਨਾਈਟਿਡ ਔਰਗੇਨਾਈਜ਼ੇਸ਼ਨ ਦੇ ਆਗੂਆਂ ਨੇ ਸੰਬੋਧਤ ਕਰਦੇ ਕਿਹਾ ਕਿ ਜੇਕਰ 8 ਜਨਵਰੀ 2024 ਨੂੰ ਹੋਣ ਵਾਲੀ ਮੀਟਿੰਗ ਵਿੱਚ ਸਾਡੀਆਂ ਰੁਕੀਆਂ ਤਨਖਾਹਾਂ ਜਾਰੀ ਕਰਨਾ, ਕ੍ਰਾਈਮ ਬ੍ਰਾਂਚ ਦੁਆਰਾ ਮੁਲਾਜ਼ਮਾਂ ਤੇ ਕੀਤੇ ਝੂਠੇ ਪਰਚੇ ਰੱਦ ਕਰਨ ਸਬੰਧੀ ਕੋਈ ਸਾਰਥਕ ਸਿੱਟੇ ਨਾ ਨਿੱਕਲੇ ਤਾਂ ਆਉਣ ਵਾਲੇ ਸਮੇਂ ਵਿੱਚ ਕਰੋ ਜਾਂ ਮਰੋ ਵਾਲਾ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸ ਦੇ ਨਿਕਲਣ ਵਾਲੇ ਸਿੱਟੇ ਦੀ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਜ਼ੁੰਮੇਵਾਰ ਹੋਵੇਗੀ।

ਮੀਟਿੰਗ ਵਿੱਚ ਹਾਜ਼ਰ ਮੁਲਾਜ਼ਮ ਲਖਵਿੰਦਰ ਸਿੰਘ ਖਾਲਸਾ ਡਵੀਜ਼ਨ ਮੀਤ ਪ੍ਰਧਾਨ, ਬਲਵੀਰ ਸਿੰਘ ਡਵੀਜ਼ਨ ਪ੍ਰਧਾਨ, ਕਮਲੇਸ਼ ਸਿੰਘ ਸਿਟੀ ਸਕੱਤਰ, ਕੁਲਦੀਪ ਸਿੰਘ ਸਿਟੀ ਕੈਸ਼ੀਅਰ, ਜਸਵਿੰਦਰ ਕੁਮਾਰ ਸਬ ਅਰਬਨ ਸਕੱਤਰ, ਪ੍ਰਵੇਸ਼ ਕੁਮਾਰ ਸਹਾਇਕ ਸਲਾਹਕਾਰ, ਬਲਕਾਰ ਸਿੰਘ ਪ੍ਰੈੱਸ ਸਕੱਤਰ, ਸੁਰਿੰਦਰ ਮੱਕੜ, ਇੰਦਰਜੀਤ ਸਿੰਘ ਆਦਿ ਮੌਜੂਦ ਸਨ।

# ਕੇਂਦਰ ਸਰਕਾਰ ਨੂੰ ਨਵੇਂ ਬਣਾਏ ਕਾਨੂੰਨ 'ਤੇ ਫਿਰ ਵਿਚਾਰ ਕਰਨਾ ਚਾਹੀਦਾ : ਬਲਵੀਰ ਲਹਿਰਾ



**ਮੱਖੂ (ਰਛਪਾਲ ਸਿੰਘ ਸੰਧੂ)**

ਕੇਂਦਰ ਸਰਕਾਰ ਵੱਲੋਂ ਟਰੱਕ ਡਰਾਈਵਰਾਂ ਖਿਲਾਫ਼ ਪਾਸ ਕੀਤੇ ਨਵੇਂ ਕਾਨੂੰਨ ਕਾਰਨ ਪੂਰੇ ਭਾਰਤ ਦੇ ਡਰਾਈਵਰਾਂ ਵਿੱਚ ਬੜਾ ਖੌਫ ਪਾਇਆ ਜਾ ਰਿਹਾ ਹੈ। ਕੋਈ ਵੀ ਡਰਾਈਵਰ ਜਾਣ ਬੁੱਝ ਕੇ ਐਕਸੀਡੈਂਟ ਨਹੀਂ ਕਰਦਾ, ਸਗੋਂ ਕਈ ਵਾਰ ਧੁੰਦ ਜਾਂ ਗੱਡੀ ਦਾ ਟਾਇਰ ਫਟਣ ਨਾਲ ਵੀ ਐਕਸੀਡੈਂਟ ਹੋ ਜਾਂਦਾ ਹੈ ਤੇ ਇਸ ਸਥਿਤੀ ਵਿੱਚ ਉੱਥੇ ਇਕੱਠੀ ਹੋਈ ਭੀੜ ਡਰਾਈਵਰ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੰਦੀ ਹੈ, ਜਿਸ ਕਰਕੇ ਡਰਾਈਵਰ ਆਪਣੀ ਜਾਨ ਬਚਾਉਣ ਲਈ ਭੱਜਣਾ ਪੈਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਲੇਬਰ ਯੂਨੀਅਨ ਦੇ ਸੂਬਾਈ ਆਗੂ ਬਲਵੀਰ ਲਹਿਰਾ ਨੇ ਕਿਹਾ ਕਿ ਟਰੱਕ ਡਰਾਈਵਰ ਦਿਹਾੜੀ 'ਤੇ ਕੰਮ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਹਾਦਸਾ ਹੋਣ 'ਤੇ ਇੱਕ ਗ਼ਰੀਬ ਡਰਾਈਵਰ ਇਨ੍ਹਾਂ ਵੱਡਾ ਜੁਰਮਾਨਾ ਕਿੱਥੋਂ ਦੇਵੇਗਾ ਅਤੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਿਵੇਂ ਕਰੇਗਾ। ਇਸ ਲਈ ਕੇਂਦਰ ਸਰਕਾਰ ਨੂੰ ਨਵੇਂ ਬਣਾਏ ਕਾਨੂੰਨ 'ਤੇ ਫਿਰ ਵਿਚਾਰ ਕਰਨਾ ਚਾਹੀਦਾ ਹੈ ਅਤੇ ਗ਼ਰੀਬ ਦਿਹਾੜੀਦਾਰ ਡਰਾਈਵਰਾਂ ਤੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਬਾਰੇ ਸੋਚਣਾ ਚਾਹੀਦਾ ਹੈ। ਜੇ ਡਰਾਈਵਰ ਹੜਤਾਲ 'ਤੇ ਰਹਿੰਦੇ ਹਨ ਤਾਂ ਆਮ ਲੋਕਾਂ ਨੂੰ ਆਪਣੀ ਰੋਜ਼ਮਰਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਬਹੁਤ ਜ਼ਿਆਦਾ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪਵੇਗਾ। ਟਰੱਕ ਡਰਾਈਵਰਾਂ ਦੀ ਹੜਤਾਲ ਨਾਲ ਬਜ਼ਾਰ ਵਿੱਚ ਕਾਲਾ ਬਜ਼ਾਰੀ ਵਧੇਗੀ ਅਤੇ ਮਹਿੰਗਾਈ ਦਾ ਸਿੱਧਾ ਅਸਰ ਗ਼ਰੀਬ ਜਨਤਾ 'ਤੇ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਟਰੱਕ ਡਰਾਈਵਰਾਂ ਨਾਲ ਗੱਲਬਾਤ ਕਰਕੇ ਜਲਦੀ ਇਸ ਦਾ ਸਾਰਥਿਕ ਹੱਲ ਕੱਢਿਆ ਜਾਵੇ।

# ਦਿਵਿਆਂਗਜਨਾਂ ਦੀ ਭਲਾਈ ਲਈ ਸਰਕਾਰ ਦ੍ਰਿੜ੍ਹ ਸੰਕਲਪ : ਡਾ. ਬਲਜੀਤ ਕੌਰ



**ਮਲੋਟ (ਓਮ ਪ੍ਰਕਾਸ਼ ਸ਼ੇਖੂ, ਗੁਰਮੀਤ ਮੱਕੜ)**-ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਲਦ ਹੀ ਦਿਵਿਆਂਗਜਨਾਂ ਦਾ ਸਰਕਾਰੀ ਨੌਕਰੀਆਂ ਵਿੱਚ ਬੈਕਲਾਗ ਪੂਰਾ ਕਰੇਗੀ। ਇਹ ਗੱਲ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਮੰਤਰੀ ਡਾ: ਬਲਜੀਤ ਕੌਰ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ। ਉਹ ਆਪਣੇ ਵਿਭਾਗ ਵੱਲੋਂ ਦਿਵਿਆਂਗਜਨਾਂ ਦੇ ਪਹਿਚਾਣ ਪੱਤਰ ਤੇ ਪੈਨਸ਼ਨ ਲਗਾਉਣ ਸਬੰਧੀ ਲਗਾਏ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਇੱਥੇ ਪੁੱਜੇ ਸਨ।

ਕੈਬਨਿਟ ਮੰਤਰੀ ਡਾ: ਬਲਜੀਤ ਕੌਰ ਨੇ ਕਿਹਾ ਕਿ ਇਸ ਲਈ ਇਕ ਮੁਹਿੰਮ ਚਲਾ ਕੇ ਸਰਕਾਰ ਸਰਕਾਰੀ ਨੌਕਰੀਆਂ ਵਿੱਚ ਦਿਵਿਆਂਗਜਨਾਂ ਦਾ ਬੈਕਲਾਗ ਪੂਰਾ ਕਰੇਗੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 40 ਹਜ਼ਾਰ ਤੋਂ ਜ਼ਿਆਦਾ ਨੌਕਰੀਆਂ ਦਿੱਤੀਆਂ ਹਨ ਤੇ ਹੁਣ ਦਿਵਿਆਂਗਜਨਾਂ ਨੂੰ ਵੀ ਨੌਕਰੀਆਂ ਵਿੱਚ ਬਣਦਾ ਉਨ੍ਹਾਂ ਦਾ ਹੱਕ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਨਵੀਆਂ ਅਸਾਮੀਆਂ ਵਿੱਚ ਤਾਂ ਦਿਵਿਆਂਗਜਨਾਂ ਦਾ ਕੋਟਾ ਨਾਲੋ ਨਾਲ ਭਰਿਆ ਜਾ ਰਿਹਾ ਹੈ, ਪਰ ਪੁਰਾਣੀ ਭਰਤੀ ਵਿੱਚ ਬੈਕਲਾਗ ਸੀ, ਜਿਸ ਨੂੰ ਹੁਣ ਪੂਰਾ ਕਰ ਲਿਆ ਜਾਵੇਗਾ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅੰਤਰਰਾਸ਼ਟਰੀ ਦਿਵਿਆਂਗ ਦਿਵਸ ਨੂੰ ਇਕ ਦਿਨ ਮਾਤਰ ਨੂੰ ਮਨਾਉਣ ਦੀ ਬਜਾਏ ਫੈਸਲਾ ਕੀਤਾ ਸੀ ਕਿ ਦਿਵਿਆਂਗਜਨਾਂ ਦੀ ਭਲਾਈ ਲਈ ਲਗਾਤਾਰ ਕੰਮ ਕੀਤਾ ਜਾਵੇ। ਇਸੇ ਲੜੀ ਵਿੱਚ ਅੱਜ ਇੱਥੇ ਇਹ ਕੈਂਪ ਲਗਾਇਆ ਗਿਆ, ਜਿਸ ਵਿਚ ਮੌਕੇ 'ਤੇ ਹੀ ਦਿਵਿਆਂਗਜਨਾਂ ਦੇ ਫਾਰਮ ਭਰ ਕੇ ਪਹਿਲਾਂ ਮੈਡੀਕਲ ਟੀਮ ਵੱਲੋਂ ਜਾਂਚ ਤੋਂ ਬਾਅਦ ਯੂ ਡੀ ਆਈ ਡੀ ਕਾਰਡ ਤੇ ਦਿਵਿਆਂਗਤਾ ਸਰਟੀਫਿਕੇਟ ਬਣਾਏ ਗਏ ਅਤੇ ਫਿਰ ਮੌਕੇ 'ਤੇ ਹੀ ਉਨ੍ਹਾਂ ਦੀਆਂ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਕਮਜ਼ੋਰ ਵਰਗਾਂ ਦੀ ਭਲਾਈ ਲਈ ਦ੍ਰਿੜ੍ਹ ਸੰਕਲਪਤ ਹੈ। ਉਨ੍ਹਾ ਕਿਹਾ ਕਿ ਦਿਵਿਆਂਗ ਵਿਅਕਤੀ ਕਿਸੇ ਗੱਲੋਂ ਘੱਟ ਨਹੀਂ ਹੁੰਦੇ, ਸਗੋਂ ਸਾਨੂੰ ਆਪਣਾ ਮਨੋਬਲ ਕਦੇ ਵੀ ਡਿੱਗਣ ਨਹੀਂ ਦੇਣਾ ਚਾਹੀਦਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦਿਵਿਆਂਗਜਨਾਂ ਦੇ ਨਾਲ ਹੈ। ਇਸ ਕੈਂਪ ਵਿੱਚ ਲੋੜਵੰਦ ਦਿਵਿਆਂਗਜਨਾਂ ਨੂੰ ਟ੍ਰਾਈ ਸਾਈਕਲਾਂ ਵੀ ਦਿੱਤੀਆਂ ਗਈਆਂ।

# ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਮਾਲਵਾ ਦਾ ਸਨਮਾਨ

**ਜਗਰਾਉਂ (ਅਮਿਤ ਖੰਨਾ)**-ਨਗਰ ਕੌਂਸਲ ਜਗਰਾਓਂ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਦਾ ਸਨਮਾਨ ਕਰਨ ਲਈ ਸ਼ਹਿਰ ਦੀਆਂ ਸਮਾਜਸੇਵੀ ਸੰਸਥਾਵਾਂ ਦੇ ਮੁਖੀ ਨਗਰ ਕੌਂਸਲ ਦੇ ਦਫ਼ਤਰ ਪਹੁੰਚੇ। ਇਸ ਵਫ਼ਦ ਵਿੱਚ ਕੈਮਿਸਟ ਐਸੋਸੀਏਸ਼ਨ ਦੇ ਸੈਕ੍ਰੇਟਰੀ ਕੇਵਲ ਮਲਹੋਤਰਾ, ਸਵੱਛ ਭਾਰਤ ਦੇ ਬ੍ਰਾਂਡ ਅੰਬੈਸਡਰ ਕੈਪਟਨ ਨਰੇਸ਼ ਵਰਮਾ, ਪੈਟ੍ਰੋਲੀਅਮ ਡੀਲਰਜ਼ ਐਸੋਸੀਏਸ਼ਨ ਦੇ ਸੈਕਟਰੀ ਜਤਿੰਦਰ ਬਾਂਸਲ ਤੇ ਸਮਾਜ ਸੇਵੀ ਜੀਤ ਪੇਂਟਰ ਸ਼ਾਮਲ ਸਨ। ਇਸ ਮੌਕੇ ਸਾਰੇ ਨੁਮਾਇੰਦਿਆਂ ਨੇ ਪ੍ਰਧਾਨ ਅਮਰਜੀਤ ਮਾਲਵਾ ਨੂੰ ਜਿੱਥੇ ਸਨਮਾਨਤ ਕੀਤਾ, ਉੱਥੇ ਸ਼ਹਿਰ ਦੀ ਸਾਫ ਸਫਾਈ ਤੇ ਟ੍ਰੈਫਿਕ ਸਮੱਸਿਆ ਨੂੰ ਨਜਿੱਠਣ ਲਈ ਅਪਣਾ ਸਾਥ ਦੇਣ ਦੀ ਗੱਲ ਆਖੀ। ਇਸ ਮੌਕੇ ਕਾਰਜਕਾਰੀ ਪ੍ਰਧਾਨ ਅਮਰਜੀਤ ਮਾਲਵਾ ਨੇ ਕਿਹਾ ਕਿ ਉਹ ਸ਼ਹਿਰ ਵਾਸੀਆਂ ਦੀ ਹਰ ਇੱਕ ਮੁਸ਼ਕਲ ਦਾ ਹੱਲ ਕਰਨ ਦੀ ਭਰਪੂਰ ਕੋਸ਼ਿਸ਼ ਕਰਨਗੇ। ਇਸ ਮੌਕੇ ਸਮਾਜ ਸੇਵੀ ਜੀਤ ਸਿੰਘ ਪੇਂਟਰ ਨੇ ਰਾਏਕੋਟ ਰੋਡ ਵਾਲ਼ੇ ਪਾਰਕ ਦੀਆਂ ਲਾਈਟਾਂ ਤੇ ਗੇਟ ਦੀ ਰਿਪੇਅਰ ਦੀ ਅਪੀਲ ਕੀਤੀ। ਇਸ ਮੌਕੇ ਪ੍ਰਧਾਨ ਅਮਰਜੀਤ ਮਾਲਵਾ ਨੇ ਕਿਹਾ ਕਿ ਉਹ ਜਗਰਾਓਂ ਵਾਸੀਆਂ ਦੀਆਂ ਤਕਲੀਫ਼ਾਂ ਨੂੰ ਦੇਖਦੇ ਹੋਏ ਜਲਦੀ ਹੀ ਇੱਕ ਟੋਲ ਨੰਬਰ ਜਾਰੀ ਕਰਨਗੇ। ਉਨ੍ਹਾਂ ਇਸ ਮੌਕੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਵਰਨਣਯੋਗ ਹੈ ਕਿ ਅਮਰਜੀਤ ਮਾਲਵਾ ਖ਼ੁਦ ਵੀ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ।

# ਵਿਧਾਇਕ ਪਰਾਸ਼ਰ ਵੱਲੋਂ ਵਾਰਡ 30 ਤੇ 75 'ਚ ਜਲ ਸਪਲਾਈ ਲਾਈਨ ਤੇ ਟਿਊਬਵੈੱਲ ਲਗਾਉਣ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਪੀਣਯੋਗ ਪਾਣੀ ਦੀ ਸਪਲਾਈ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਬੁੱਧਵਾਰ ਨੂੰ ਵਾਰਡ ਨੰਬਰ 30 ਤੇ 75 ਵਿੱਚ ਕ੍ਰਮਵਾਰ ਜਲ ਸਪਲਾਈ ਲਾਈਨਾਂ ਤੇ ਟਿਊਬਵੈੱਲ ਲਗਾਉਣ ਲਈ ਵੱਖ-ਵੱਖ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ। ਨਗਰ ਨੇੜੇ ਇੰਦਰਾ ਕਲੋਨੀ (ਵਾਰਡ ਨੰਬਰ 30) ਵਿੱਚ ਕਰੀਬ 36.67 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਲਾਈਨ ਪਾਈ ਜਾ ਰਹੀ ਹੈ, ਜਦਕਿ 25 ਐੱਚ.ਪੀ. ਦਾ ਟਿਊਬਵੈੱਲ ਮੁਸਤਾਕ ਗੰਜ ਇਲਾਕੇ (ਵਾਰਡ ਨੰਬਰ 75) ਨੇੜੇ ਸ੍ਰੀ ਚੰਦ ਗੁਰਦੁਆਰਾ ਸਾਹਿਬ ਵਿਖੇ ਲਗਭਗ 10.67 ਲੱਖ ਦੀ ਲਾਗਤ ਨਾਲ ਲਗਾਇਆ ਜਾ ਰਿਹਾ ਹੈ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਕੇਂਦਰੀ ਹਲਕੇ ਦੇ ਵੱਖ-ਵੱਖ ਵਾਰਡਾਂ 'ਚ ਲੋੜ ਅਨੁਸਾਰ ਟਿਊਬਵੈੱਲ ਲਗਾਉਣ ਲਈ ਕਈ ਪ੍ਰੋਜੈਕਟ ਕੀਤੇ ਜਾ ਰਹੇ ਹਨ। ਇਸ ਦਾ ਉਦੇਸ਼ ਵਸਨੀਕਾਂ ਲਈ ਪੀਣ ਯੋਗ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣਾ ਹੈ। ਇੰਦਰਾ ਕਲੋਨੀ 'ਚ ਪੁਰਾਣੀਆਂ ਵਾਟਰ ਸਪਲਾਈ ਲਾਈਨਾਂ ਨੂੰ ਬਦਲਣ ਦਾ ਪ੍ਰਾਜੈਕਟ ਵੀ ਸ਼ੁਰੂ ਕੀਤਾ ਗਿਆ ਹੈ।

# ਸਿਵਲ ਸਰਜਨ ਵੱਲੋਂ ਪ੍ਰੋਗਰਾਮ ਅਫਸਰਾਂ ਤੇ ਐੱਸ ਐੱਮ ਓਜ਼ ਨਾਲ ਮੀਟਿੰਗ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਨੇ ਜ਼ਿਲ੍ਹੇ ਅੰਦਰ ਸਿਹਤ ਵਿਭਾਗ ਵੱਲੋਂ ਦਸੰਬਰ ਮਹੀਨੇ ਦੌਰਾਨ ਆਮ ਲੋਕਾਂ ਨੂੰ ਦਿੱਤੀਆਂ ਗਈਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰਾਂ ਤੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਮਹੀਨਾਵਾਰੀ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਡਾ. ਦਵਿੰਦਰਜੀਤ ਕੌਰ ਨੇ ਸਿਹਤ ਪ੍ਰੋਗਰਾਮਾਂ ਨੂੰ ਜ਼ਿਲ੍ਹੇ ਅੰਦਰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸੂਬਾ ਪੱਧਰ ਤੋਂ ਮਿਲੀਆਂ ਨਵੀਆਂ ਗਾਈਡਲਾਈਨਾਂ ਬਾਰੇ ਵੀ ਅਧਿਕਾਰੀਆਂ ਨੂੰ ਜਾਣੂ ਕਰਵਾਇਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਨਰਮੀ ਵਾਲਾ ਵਤੀਰਾ ਰੱਖਿਆ ਜਾਵੇ ਤੇ ਉਨ੍ਹਾਂ ਦਾ ਇਲਾਜ ਇਮਾਨਦਾਰੀ, ਤਨਦੇਹੀ ਨਾਲ ਕੀਤਾ ਜਾਵੇ, ਦਵਾਈਆਂ ਹਸਪਤਾਲ ਦੇ ਅੰਦਰੋਂ ਹੀ ਦਿੱਤੀਆਂ ਜਾਣ ਤੇ ਲੋੜੀਂਦੇ ਲੈਬਾਰਟਰੀ ਟੈਸਟ ਵੀ ਮੁਫ਼ਤ ਕੀਤੇ ਜਾਣ।ਉਨ੍ਹਾਂ ਕਿਹਾ ਕਿ ਸਿਹਤ ਪ੍ਰੋਗਰਾਮਾਂ ਸਬੰਧੀ ਸੰਸਥਾ ਵਿੱਚ ਆਏ ਫੰਡ ਖਰਚ ਕਰਨੇ ਤੇ 31 ਮਾਰਚ ਤੱਕ ਆਪੋ ਆਪਣੀ ਸਿਹਤ ਸੰਸਥਾ ਦੇ ਨਿਰਧਾਰਤ ਟੀਚੇ ਪੂਰੇ ਕਰਨੇ ਯਕੀਨੀ ਬਣਾਏ ਜਾਣ, ਗਰਭਵਤੀ ਔਰਤਾਂ ਦਾ ਅਲਟਰਾਸਾਊਂਡ ਜੇ.ਐੱਸ.ਐੱਸ.ਕੇ. ਸਕੀਮ ਅਧੀਨ ਸਰਕਾਰੀ ਤੇ ਇੰਪੈਨਲਡ ਹਸਪਤਾਲਾਂ ਤੋਂ ਹੀ ਕਰਵਾਇਆ ਜਾਵੇ, ਹਸਪਤਾਲਾਂ ਵਿੱਚ ਇਲਾਜ ਕਰਾਉਣ ਲਈ ਆਏ ਮਰੀਜ਼ਾਂ ਤੇ ਆਮ ਲੋਕਾਂ ਦੀ ਵਿਸ਼ੇਸ਼ ਕੈਂਪ ਲਗਾ ਕੇ ਆਭਾ ਆਈ ਡੀ ਜਨਰੇਟ ਕਰਨੀ ਯਕੀਨੀ ਬਣਾਈ ਜਾਵੇ।ਗਰਭਵਤੀ ਔਰਤਾਂ ਤੇ ਬੱਚਿਆਂ ਦਾ ਟੀਕਾਕਰਨ ਸੌ ਫੀਸਦੀ ਕਰਨਾ ਤੇ ਇਨ੍ਹਾਂ ਨੂੰ ਯੂ ਵਿਨ ਪੋਰਟਲ 'ਤੇ ਆਨਲਾਈਨ ਕਰਨਾ ਵੀ ਯਕੀਨੀ ਬਣਾਇਆ ਜਾਵੇ ਅਤੇ ਟੀਕਾਕਰਨ ਦੀ ਸਾਲਾਨਾ ਮਾਈਕਰੋ ਪਲਾਨ ਜਲਦੀ ਤੋਂ ਜਲਦੀ ਇਸ ਦਫਤਰ ਨੂੰ ਭੇਜੀ ਜਾਵੇ, ਆਸ਼ਾ ਵਰਕਰਾਂ ਨੂੰ ਵੀ ਯੂ ਵਿਨ ਪੋਰਟਲ ਤੇ ਰਜਿਸਟਰਡ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਸ ਮਹੀਨੇ ਦੌਰਾਨ ਔਰਤਾਂ ਦੀ ਛਾਤੀ ਦੇ ਕੈਂਸਰ ਸਬੰਧੀ ਸਕਰੀਨਿੰਗ ਕਰਨ ਲਈ ਵਿਸ਼ੇਸ਼ ਕੈਂਪ ਲਾਏ ਜਾਣ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਵਪਨਜੀਤ ਕੌਰ, ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਰਾਜੇਸ਼ ਕੁਮਾਰ, ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਦਲਜੀਤ ਕੌਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਡੀ ਪੀ ਐੱਮ ਕਸੀਤਿਜ ਸੀਮਾ ਤੋਂ ਇਲਾਵਾ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰ ਹਾਜ਼ਰ ਸਨ।

# ਕਾਂਗਰਸੀ ਵਰਕਰਾਂ ਦਾ ਵਫਦ ਨਵਜੋਤ ਸਿੱਧੂ ਨੂੰ ਮਿਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਸਾਬਕਾ ਵਿਧਾਇਕ ਨਾਜਰ ਸਿੰਘ ਮਾਨ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੇ ਸਰਗਰਮ ਕਾਰਕੁਨਾਂ ਦਾ ਇੱਕ ਵਫਦ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ. ਨਵਜੋਤ ਸਿੰਘ ਸਿੱਧੂ ਨੂੰ ਮਿਲਿਆ। ਵਫਦ ਨੇ ਸਿੱਧੂ ਨੂੰ ਮਿਲ ਕੇ ਉਨ੍ਹਾਂ ਦੇ ਪੰਜਾਬ ਸੰਬੰਧੀ ਏਜੰਡੇ ਦਾ ਪੂਰਨ ਸਮਰਥਨ ਕੀਤਾ। ਉਨ੍ਹਾਂ ਪੰਜਾਬ ਕਾਂਗਰਸ ਦੇ ਘਰੀਂ ਬੈਠੇ ਨਿਰਾਸ਼ ਹੋਏ ਵਰਕਰਾਂ ਨੂੰ ਉਤਸ਼ਾਹਤ ਕਰਨ ਲਈ ਨਵਜੋਤ ਸਿੱਧੂ ਨੂੰ ਹਰ ਹਲਕੇ 'ਚ ਆਪਣੇ ਪ੍ਰੋਗਰਾਮ ਰੱਖਣ ਦੀ ਬੇਨਤੀ ਵੀ ਕੀਤੀ, ਤਾਂ ਜੋ ਕਾਂਗਰਸ ਨੂੰ ਮੁੜ ਤੋਂ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ। ਵਫਦ ਵਿੱਚ ਹੋਰਨਾਂ ਤੋਂ ਇਲਾਵਾ ਜਥੇਦਾਰ ਅਜੀਤ ਸਿੰਘ ਬਖ਼ਸ਼ੀਵਾਲਾ, ਮੋਹਣ ਸਿੰਘ ਸਾਬਕਾ ਸਰਪੰਚ ਖੁਡਾਲ ਕਲਾਂ, ਬਲਕਰਨ ਸਿੰਘ ਰੱਲੀ, ਮਹਿੰਦਰ ਸਿੰਘ ਰੰਘੜਿਆਲ, ਗੁਰਜੰਟ ਸਿੰਘ ਬਖ਼ਸ਼ੀਵਾਲਾ, ਬਲਵਿੰਦਰ ਸਿੰਘ, ਤਰਸੇਮ ਸਿੰਘ ਧਰਮਪੁਰਾ, ਜੀਵਾ ਸਿੰਘ ਅਕਬਰਪੁਰ ਖੁਡਾਲ, ਬੀਰਬਲ ਸਿੰਘ ਖੁਡਾਲ, ਗੁਰਤੇਜ ਸਿੰਘ ਨਿਰਮਲ ਸਿੰਘ ਤੇ ਰੂਪ ਸਿੰਘ ਸਿਰਸੀ ਵਾਲਾ ਆਦਿ ਸ਼ਾਮਲ ਸਨ।

# ਇੰਡੀਆ ਗੱਠਜੋੜ 'ਚ ਹਰ ਕੋਈ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਦੇਖ ਰਿਹਾ : ਵਤਸ

## ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਕੰਜਾਰੀ ਤੇ ਲਾਡਪੁਰ ਵਿਖੇ ਕੇਂਦਰ ਦੀਆਂ ਸਕੀਮਾਂ ਬਾਰੇ ਕਰਵਾਇਆ ਜਾਣੂ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਵਿਕਸਿਤ ਭਾਰਤ ਸੰਕਲਪ ਯਾਤਰਾ ਤਹਿਤ ਬਲਾਕ ਅਮਲੋਹ ਦੇ ਪਿੰਡ ਕੰਜਾਰੀ ਤੇ ਲਾਡਪੁਰ ਵਿਖੇ ਹਲਕਾ ਇੰਚਾਰਜ ਤੇ ਸੂਬਾ ਸਕੱਤਰ ਕੰਵਰਵੀਰ ਸਿੰਘ ਟੌਹੜਾ ਦੀ ਅਗਵਾਈ ਹੇਠ ਪ੍ਰੋਗਰਾਮ ਕਰਵਾਇਆ ਗਿਆ, ਜਿਸ ਦੌਰਾਨ ਰਾਜ ਸਭਾ ਮੈਂਬਰ ਰਿਟਾ. ਲੈਫਟੀਨੈਂਟ ਜਨਰਲ ਦਵਿੰਦਰ ਪਾਲ ਵਤਸ ਵਿਸ਼ੇਸ਼ ਤੌਰ 'ਤੇ ਪਹੁੰਚੇ। ਡੀ. ਪੀ. ਵਤਸ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਭਲਾਈ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਤੇ ਇਨ੍ਹਾਂ ਸਕੀਮਾਂ ਦਾ ਲਾਭ ਹਰ ਲੋੜਵੰਦ ਪਰਿਵਾਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਵਿਕਸਤ ਭਾਰਤ ਯਾਤਰਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਯੋਜਨਾ, ਉਜਵਲਾ ਯੋਜਨਾ, ਕਿਸਾਨ ਸਮ੍ਰਿਧੀ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਅੰਨ ਯੋਜਨਾ, ਜਲ ਸ਼ਕਤੀ ਯੋਜਨਾ ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਅਨੇਕਾਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ, ਜਿਸ ਦੇ ਤਹਿਤ ਮੋਦੀ ਸਰਕਾਰ ਵੱਲੋਂ ਕਰੋੜਾਂ ਰੁਪਏ ਜਾਰੀ ਕੀਤੇ ਜਾਂਦੇ ਹਨ, ਪਰ ਸੂਬਾ ਸਰਕਾਰ ਇਸ ਪੈਸੇ ਦੀ ਦੁਰਵਰਤੋਂ ਕਰ ਰਹੀ ਹੈ। ਵਤਸ ਨੇ ਕਿਹਾ ਕਿ ਦੇਸ਼ ਦੇ ਚਾਰ ਸੂਬਿਆਂ 'ਚ ਹੋਈਆਂ ਚੋਣਾਂ 'ਚ ਤਿੰਨ ਸੂਬਿਆਂ 'ਚ ਭਾਜਪਾ ਦੀ ਵੱਡੀ ਜਿੱਤ ਨੇ ਸਾਬਿਤ ਕਰ ਦਿੱਤਾ ਹੈ ਕਿ ਕੋਈ ਵੀ ਗੱਠਜੋੜ ਬਣ ਜਾਵੇ, ਮੋਦੀ ਸਰਕਾਰ ਦਾ ਕੋਈ ਤੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਲਈ ਦੇਸ਼ ਨੂੰ ਲੁੱਟਣ ਵਾਲੀਆਂ ਪਾਰਟੀਆਂ ਵੱਲੋਂ ਬਣਾਏ ਗਏ ਇੰਡੀਆ ਗੱਠਜੋੜ ਵਿੱਚ ਹਰ ਕੋਈ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਦੇਖ ਰਿਹਾ ਹੈ ਤੇ ਇਸ ਲਈ ਇਹ ਗੱਠਜੋੜ ਜਲਦੀ ਹੀ ਟੁੱਟਣਾ ਤੈਅ ਹੈ। ਇਸ ਮੌਕੇ ਹਲਕਾ ਅਮਲੋਹ ਦੇ ਕਨਵੀਨਰ ਤੇ ਸੂਬਾ ਸਕੱਤਰ ਕੰਵਰਵੀਰ ਸਿੰਘ ਟੌਹੜਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਵਿਕਸਿਤ ਭਾਰਤ ਸੰਕਲਪ ਯਾਤਰਾ ਦਾ ਲੋਕਾਂ ਨੂੰ ਲਾਭ ਮਿਲ ਰਿਹਾ ਹੈ। ਇਸ ਯਾਤਰਾ ਤਹਿਤ ਕੇਂਦਰ ਦੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ ਤੇ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਰਵਿੰਦਰ ਪਦਮ, ਹਰੀਸ਼ ਅਗਰਵਾਲ, ਜ਼ਿਲ੍ਹਾ ਖਜ਼ਾਨਚੀ ਸਾਹਿਲ ਗਰਗ, ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਕੱਕੜ, ਯੁਵਾ ਮੋਰਚਾ ਸਾਬਕਾ ਜ਼ਿਲ੍ਹਾ ਪ੍ਰਧਾਨ ਹਿਤੇਸ਼ ਗਾਵੜੀ, ਡਾ: ਰਘਬੀਰ ਸ਼ੁਕਲਾ, ਹਿਮਾਂਸ਼ੂ ਗਰਗ, ਕਮਲਜੀਤ ਸਿੰਘ, ਡਾ: ਹਰਪ੍ਰੀਤ ਸਿੰਘ, ਡਾ. ਗੁਰਚਰਨ ਸਿੰਘ, ਜਗਵਿੰਦਰ ਸਿੰਘ, ਡਾ. ਨਵਪ੍ਰੀਤ ਸਿੰਘ, ਪਵਨਦੀਪ ਕੌਰ, ਅਮਰੀਕ ਸਿੰਘ, ਮੇਵਾ ਸਿੰਘ, ਸਮਸ਼ੇਰ ਸਿੰਘ, ਅੰਮ੍ਰਿਤ ਸਿੰਘ ਤੇ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

# ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਪਿੰਡ ਬਹਾਦਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਅਖੰਡ ਪਾਠ ਕਰਵਾਇਆ ਗਿਆ। ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਰਾਗੀ, ਢਾਡੀ ਤੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਅਤੇ ਨਿਹੰਗ ਸਿੰਘ ਸਮੇਤ ਸਕੂਲੀ ਬੱਚਿਆਂ ਨੇ ਗੱਤਕੇ ਦੇ ਜੌਹਰ ਦਿਖਾਏ। ਇਸ ਸਮੇਂ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਲਾਏ ਗਏ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਰਾਜਪੁਰਾ ਪੱਤੀ, ਮੇਨ ਰੋਡ ਬਸਤੀ, ਬੱਸ ਸਟੈਂਡ ਬਹਾਦਰਪੁਰ, ਬਾਹਰਲੀ ਪੱਤੀ, ਰਵਿਦਾਰੀਆਂ ਪੱਤੀ, ਮਜ਼੍ਹਬੀ ਪੱਤੀ, ਸਲਾਹੀ ਪੱਤੀ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਉਪਰੰਤ ਗੁਰਦੁਆਰਾ ਪ੍ਰਬੰਧਕਾਂ ਨੇ ਪੰਜ ਪਿਆਰਿਆਂ ਸਮੇਤ ਰਾਗੀ, ਢਾਡੀ, ਕੀਰਤਨ ਜਥਿਆਂ ਦਾ ਸਿਰਪਾਓ ਪਾ ਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਸ਼ਹੀਦੀ ਦਿਹਾੜਿਆਂ ਨੂੰ ਸਮਰਪਤ ਦੋ ਰੋਜ਼ਾ ਧਾਰਮਿਕ ਸਮਾਗਮ ਸੰਪੰਨ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸਥਾਨਕ ਸ਼ਹਿਰ ਦੇ ਮੰਡੀਰਾਂ ਵਾਲਾ ਰੋਡ ਉਪਰ ਸਥਿਤ ਗੁਰਦੁਆਰਾ ਬਾਬਾ ਜੀਵਨ ਸਿੰਘ (ਸੰਗਤਸਰ) ਵਿਖੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਤ ਦੋ ਰੋਜ਼ਾ ਰਾਤਰੀ ਧਾਰਮਿਕ ਦੀਵਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਗਟ ਸਿੰਘ, ਸੈਕਟਰੀ ਸ਼ਮਸ਼ੇਰ ਸਿੰਘ ਭੁੱਟੋ ਤੇ ਕੈਸ਼ੀਅਰ ਸੁਖਮੰਦਰ ਸਿੰਘ ਭੱਟੀ ਦੀ ਰਹਿਨੁਮਾਈ ਹੇਠ ਸਜਾਏ ਗਏ, ਜਿਸ ਵਿੱਚ ਗੁਰਦੁਆਰਾ ਕਮੇਟੀ ਦੇ ਸਮੂਹ ਮੈਂਬਰਾਨਾਂ ਵੱਲੋਂ ਆਪਣੀਆਂ ਸੇਵਾਵਾਂ ਤਨਦੇਹੀ ਨਾਲ ਨਿਭਾਈਆਂ ਗਈਆਂ ਤੇ ਨਗਰ ਦੀਆਂ ਸੰਗਤਾਂ ਨੇ ਦੋਨੋਂ ਦਿਨ ਵੱਡੀ ਗਿਣਤੀ ਵਿੱਚ ਆਪਣੀ ਹਾਜ਼ਰੀ ਭਰੀ।ਦੋ ਰੋਜ਼ਾ ਰਾਤਰੀ ਚੱਲੇ ਧਾਰਮਿਕ ਦੀਵਾਨਾਂ ਦੌਰਾਨ ਬਾਬਾ ਹਰਜਿੰਦਰ ਸਿੰਘ ਜੀ (ਮਟੀਲੀ ਵਾਲਿਆਂ) ਵੱਲੋਂ ਸ੍ਰੀ ਦਰਬਾਰ ਸਾਹਿਬ ਵਿੱਚ ਹਾਜ਼ਰ ਸੰਗਤ ਨੂੰ ਪ੍ਰਵਚਨ ਕਰਦਿਆਂ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫਤਿਹ ਸਿੰਘ ਜੀ ਦੀ ਸ਼ਹੀਦੀ ਬਾਰੇ ਅਤੇ ਉਨ੍ਹਾਂ ਦੀ ਬਹਾਦਰੀ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ।ਉਨ੍ਹਾ ਦੱਸਿਆ ਕਿ ਮੁਗਲ ਫੌਜਾਂ ਨੇ ਗੁਰੂ ਸਾਹਿਬ ਨਾਲ ਵਾਅਦਾ ਖਿਲਾਫੀ ਕਰਦਿਆਂ ਗੁਰੂ ਸਾਹਿਬ ਦੇ ਕਾਫਲੇ 'ਤੇ ਅਚਾਨਕ ਹਮਲਾ ਕਰ ਦਿੱਤਾ।ਕਈ ਸਿੱਖ ਇਸ ਲੜਾਈ ਵਿੱਚ ਸ਼ਹੀਦ ਹੋ ਗਏ।ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਤੇ ਗੁਰੂ ਸਾਹਿਬ ਦੇ ਮਾਤਾ ਜੀ ਉਨ੍ਹਾਂ ਤੋਂ ਵਿੱਛੜ ਗਏ।ਇਸ ਕਾਰਨ ਹੀ ਇਨ੍ਹਾਂ ਦਿਨਾਂ ਨੂੰ ਪਰਿਵਰ ਵਿਛੋੜਾ ਦਿਨਾਂ ਦਾ ਨਾਮ ਦਿੱਤਾ ਗਿਆ ਹੈ।ਚਾਰੋ ਸਹਿਬਜ਼ਾਦਿਆਂ ਦੀ ਸ਼ਹੀਦੀ ਦੀ ਮਹਾਨਤਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾ ਕਿਹਾ ਕਿ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ।ਇਸ ਮੌਕੇ ਬਾਬਾ ਜੀ ਨੇ ਸੰਗਤ ਨੂੰ ਆਪਣੇ ਬੱਚਿਆਂ ਨੂੰ ਸਿੱਖੀ ਸਰੂਪ 'ਚ ਸਜਾਉਣ 'ਤੇ ਜ਼ੋਰ ਦਿੰਦਿਆਂ ਦਸਤਾਰ ਤੇ ਸਿੱਖੀ ਦੀ ਮਹੱਤਤਾ ਬਾਰੇ ਵੀ ਦੱਸਿਆ।ਬਾਬਾ ਜੀ ਨੇ ਕਿਹਾ ਕਿ ਜਿਹੋ ਜਿਹਾ ਤੁਸੀਂ ਬੀਜੋਗੇ, ਉਹੋ ਜਿਹਾ ਹੀ ਪਾਓਗੇ।ਇਸ ਲਈ ਆਪਣੇ ਬੱਚਿਆਂ ਨੂੰ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ, ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਓ ਤੇ ਹਮੇਸ਼ਾ ਸਵੇਰ ਸਮੇਂ ਜਪੁਜੀ ਸਾਹਿਬ ਦਾ ਪਾਠ ਅਤੇ ਸ਼ਾਮ ਸਮੇਂ ਰਹਿਰਾਸ ਸਾਹਿਬ ਕਰਨ ਦੀ ਅਪੀਲ ਕੀਤੀ।ਇਸ ਮੌਕੇ ਮੁਨੀਸ਼ ਕੁਮਾਰ ਲਾਲ, ਵੇਦ ਪ੍ਰਕਾਸ਼ ਘਾਰੂ, ਸਰਬਜੀਤ ਸਿੰਘ ਬਰਾੜ, ਰਾਜ ਕੁਮਾਰ ਰਾਜਾ, ਹੈੱਡ ਗ੍ਰੰਥੀ ਭਾਈ ਸੁਲੱਖਣ ਸਿੰਘ, ਪਰਦਮਨ ਸਿੰਘ ਭੱਟੀ, ਸੁਖਪ੍ਰੀਤ ਸਿੰਘ ਭੱਟੀ, ਰਵੀ ਬਰਾੜ, ਨਗਿੰਦਰ ਸਿੰਘ ਨਿੰਦੀ ਬਰਾੜ, ਸੁੱਖਾ ਗਿੱਲ ਦੇ ਇਲਾਵਾ ਹੋਰ ਸੇਵਾਦਾਰਾਂ ਵੱਲੋਂ ਵੀ ਆਪਣੀਆਂ ਸਮਾਗਮਾਂ ਦੌਰਾਨ ਸੇਵਾਵਾਂ ਨਿਭਾਈਆਂ ਗਈਆਂ।

# ਗੈਸ ਲੀਕ ਹੋਣ ਕਾਰਨ ਘਰ ਦੇ ਤਿੰਨ ਜੀਅ ਬੁਰੀ ਤਰ੍ਹਾਂ ਝੁਲਸੇ

## ਪਰਿਵਾਰ ਨੇ ਸਮਾਜ ਸੇਵੀਆਂ ਨੂੰ ਲਗਾਈ ਮਦਦ ਦੀ ਗੁਹਾਰ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਜ਼ਿਲ੍ਹਾ ਤਰਨ ਤਾਰਨ ਅਧੀਨ ਆਉਂਦੇ ਪਿੰਡ ਭੈਣੀ ਮੱਸਾ 'ਚ ਗੈਸ ਲੀਕ ਹੋਣ ਨਾਲ ਘਰ ਨੂੰ ਅੱਗ ਲੱਗੀ ਗਈ, ਜਿਸ ਦੌਰਾਨ ਇੱਕੋ ਪਰਿਵਾਰ ਦੇ ਤਿੰਨ ਮੈਂਬਰ ਬੁਰੀ ਤਰ੍ਹਾਂ ਝੁਲਸ ਗਏ।ਪ੍ਰਾਪਤ ਜਾਣਕਾਰੀ ਅਨੁਸਾਰ ਹਾਦਸਾ ਬੀਤੀ ਕੱਲ ਸ਼ਾਮ ਨੂੰ ਸਮਾਂ ਕਰੀਬ ਸਾਢੇ ਛੇ ਵਜੇ ਵਾਪਰਿਆ।

ਇਸ ਹਾਦਸੇ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਰਘਬੀਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਭੈਣੀ ਮੱਸਾ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਸ਼ਾਮ ਨੂੰ ਸਮਾਂ ਕਰੀਬ ਛੇ ਵਜੇ ਉਸ ਦੀਆਂ ਦੋਵੇਂ ਲੜਕੀਆਂ ਗੁਰਪ੍ਰੀਤ ਕੌਰ ਅਤੇ ਮਨਪ੍ਰੀਤ ਕੌਰ ਨੇ ਚਾਹ ਬਣਾਉਣ ਲਈ ਜਦੋਂ ਮਾਚਿਸ ਨਾਲ ਗੈਸ ਸਟੋਵ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਗੈਸ ਲੀਕ ਹੋਣ ਕਾਰਨ ਉਨ੍ਹਾਂ ਦੇ ਘਰ ਨੂੰ ਅੱਗ ਲੱਗ ਗਈ, ਜਿਸ ਵਿੱਚ ਉਸ ਦੀਆਂ ਦੋਵੇਂ ਧੀਆਂ ਅਤੇ ਉਹ ਖੁਦ ਬੁਰੀ ਤਰ੍ਹਾਂ ਝੁਲਸ ਗਏ ਅਤੇ ਉਨ੍ਹਾਂ ਦੇ ਘਰ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ।ਰਘਬੀਰ ਸਿੰਘ ਨੇ ਦੱਸਿਆ ਕਿ ਧਮਾਕਾ ਇੰਨਾ ਜ਼ਿਆਦਾ ਭਿਆਨਕ ਸੀ ਕਿ ਉਨ੍ਹਾਂ ਦੇ ਘਰ ਦੀਆਂ ਕੰਧਾਂ ਵੀ ਢਹਿ ਗਈਆਂ।ਦੱਸ ਦਈਏ ਕਿ ਰਘਬੀਰ ਗਰੀਬ ਪਰਿਵਾਰ ਨਾਲ ਸੰਬੰਧ ਰੱਖਦਾ ਹੈ ਅਤੇ ਉਹ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਹੈ।ਇਸ ਮੌਕੇ ਰਘਬੀਰ ਸਿੰਘ ਨੇ ਕਿਹਾ ਕਿ ਗਰੀਬ ਹੋਣ ਕਾਰਨ ਉਹ ਆਪਣਾ ਅਤੇ ਆਪਣੀਆਂ ਧੀਆਂ ਦਾ ਇਲਾਜ ਅਤੇ ਘਰ ਦੀ ਮੁਰੰਮਤ ਕਰਵਾਉਣ 'ਚ ਅਸਮਰੱਥ ਹੈ।ਰਘਬੀਰ ਸਿੰਘ ਨੇ ਸਮਾਜ ਸੇਵੀਆਂ ਅਤੇ ਦਾਨੀ ਸੱਜਣਾਂ ਨੂੰ ਉਸ ਦੀਆਂ ਧੀਆਂ ਦੇ ਇਲਾਜ ਅਤੇ ਘਰ ਦੀ ਮੁਰੰਮਤ ਕਰਵਾਉਣ ਦੀ ਅਪੀਲ ਕੀਤੀ ਹੈ।

# ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਛਾਪੇਮਾਰੀ ਤੇਜ਼



**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਚਾਈਨਾ ਡੋਰ ਦੀ ਬਰਾਮਦੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪਤੰਗਾਂ ਉਡਾਉਣ ਲਈ ਕੇਵਲ ਸੂਤੀ ਧਾਗੇ ਦੀ ਡੋਰ ਦੀ ਵਰਤੋਂ ਹੀ ਕਰਨ। ਉਨ੍ਹਾਂ ਕਿਹਾ ਕਿ ਪਲਾਸਟਿਕ/ਸੰਥੈਟਿਕ ਡੋਰ ਜਿਸਨੂੰ ਚਾਈਨਾ ਡੋਰ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਉਸ ਡੋਰ ਨਾਲ ਪਤੰਗਬਾਜ਼ੀ ਕਰਨ ਅਤੇ ਉਸਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜਾ ਵੀ ਵਿਅਕਤੀ ਪਲਾਸਟਿਕ/ਸੰਥੈਟਿਕ ਡੋਰ ਦੀ ਵਿਕਰੀ ਜਾਂ ਵਰਤੋਂ ਕਰੇਗਾ ਉਸ ਖਿਲਾਫ ਸਖਤ ਧਾਰਾ 188 ਦੇ ਨਾਲ-ਨਾਲ ਇਨਵਾਇਰਮੈਂਟ ਪ੍ਰੋਟੈਕਸ਼ਨ ਐਕਟ ਦੇ ਸੈਕਸ਼ਨ 15 ਤਹਿਤ ਕਾਨੂੰਨੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਜਿਸ ਤਹਿਤ 5 ਸਾਲ ਦੀ ਸਜ਼ਾ ਅਤੇ 1 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾਕਿ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਸਖ਼ਤੀ ਕੀਤੀ ਜਾ ਰਹੀ ਹੈ ਅਤੇ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬਜ਼ਾਰਾਂ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦੁਕਾਨਦਾਰ ਕੋਲੋਂ ਪਾਬੰਦੀਸ਼ੁਦਾ ਡੋਰ ਬਰਮਾਦ ਹੋਈ ਤਾਂ ਉਸ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਸੂਰਤ ਵਿੱਚ ਖ਼ਤਰਨਾਕ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹੇ ਵਿੱਚ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਇੱਕ ਜ਼ਿਲ੍ਹਾ ਪੱਧਰ ਤੇ ਵਿਸ਼ੇਸ਼ ਹੈਲਪ ਲਾਈਨ ਨੰਬਰ 1800-180-1852 ਜਾਰੀ ਕੀਤਾ ਗਿਆ ਹੈ, ਜਿਸ ਉਪਰ ਚਾਈਨਾਂ ਡੋਰ ਦੀ ਵਿਕਰੀ ਤੇ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਤੇ ਪਤਾ ਪੂਰੀ ਤਰਾਂ ਗੁਪਤ ਰੱਖਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਹੜੇ ਬੱਚਿਆਂ ਕੋਲ ਅਜੇ ਵੀ ਪਿਛਲੇ ਸਾਲ ਦੀ ਪਲਾਸਟਿਕ/ਚਾਈਨਾ ਡੋਰ ਘਰ ਪਈ ਹੋਈ ਹੈ ਉਹ ਜ਼ਿਲ੍ਹਾ ਪ੍ਰਸ਼ਾਸਨ ਨੂੰ ਉਹ ਡੋਰ ਦੇ ਕੇ ਬਦਲੇ ਵਿੱਚ ਸੂਤੀ ਧਾਗੇ ਦੀ ਡੋਰ ਤੇ ਨਾਲ ਪਤੰਗਾਂ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਸ਼ਹਿਰ ਵਿੱਚ ਏਡੀਸੀ ਵਿਕਾਸ ਦੇ ਦਫ਼ਤਰ ਕੋਲ 'ਅਬਾਦ ਹੁਨਰ ਹੱਟ' ਤੋਂ ਬੱਚੇ ਚਾਈਨਾ ਡੋਰ ਵਟਾ ਕੇ ਸੂਤੀ ਧਾਗੇ ਦੀ ਡੋਰ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਬੱਚੇ ਡੋਰ ਵਟਾਉਣ ਆਉਣ ਸਮੇਂ ਆਪਣੇ ਮਾਪਿਆਂ ਨੂੰ ਨਾਲ ਲੈ ਕੇ ਆਉਣ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਬਾਦ ਹੁਨਰ ਹੱਟ ਵਿਖੇ ਸੂਤੀ ਧਾਗੇ ਦੀ ਡੋਰ ਵੀ ਵਿਕਰੀ ਲਈ ਰੱਖੀ ਗਈ ਹੈ ਤਾਂ ਜੋ ਪਤੰਗਬਾਜ਼ੀ ਦੇ ਸ਼ੌਕੀਨਾਂ ਨੂੰ ਆਸਾਨੀ ਨਾਲ ਸੂਤੀ ਧਾਗੇ ਦੀ ਡੋਰ ਮਿਲ ਸਕੇ। ਡੀਸੀ ਨੇ ਪਾਬੰਦੀਸ਼ੁਦਾ ਚਾਈਨਾ ਡੋਰ ਵੇਚਣ ਤੇ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਤਾੜਨਾ ਕਰਦਿਆਂ ਕਿਹਾ ਹੈ ਕਿ ਉਹ ਮਨੁੱਖੀ ਜਾਨਾਂ ਨਾਲ ਖੇਡਣ ਵਾਲੇ ਇਸ ਧੰਦੇ ਨੂੰ ਤੁਰੰਤ ਬੰਦ ਕਰ ਦੇਣ ਨਹੀਂ ਤਾਂ ਪ੍ਰਸ਼ਾਸਨ ਵੱਲੋਂ ਉਨਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਥੈਟਿਕ/ਪਲਾਸਟਿਕ ਡੋਰ ਦੇ ਮਾੜੇ ਰੁਝਾਨ ਨੂੰ ਰੋਕਣ ਲਈ ਅੱਗੇ ਆਉਣ।

## ਆਈਟੀਆਈ ਕਾਦੀਆਂ ਦੇ ਸਮੂਹ ਸਟਾਫ ਤੇ ਸਿੱਖਿਆਰਥੀਆਂ ਨੇ ਵੋਟਰ ਜਾਗਰੂਕਤਾ ਰੈਲੀ ਕੱਢੀ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕਾਦੀਆਂ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਵੋਟਰ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਵਿੱਚ ਸੰਸਥਾ ਦੇ ਸਮੂਹ ਸਿਖਿਆਰਥੀਆਂ ਅਤੇ ਸਟਾਫ ਨੇ ਹਿੱਸਾ ਲਿਆ।ਇਸ ਸਮੇਂ ਸੰਸਥਾ ਦੇ ਸਾਵਰੀ ਸਾਨਨ ਵੱਲੋਂ ਸਾਰਿਆਂ ਨੂੰ ਵੋਟਰ ਸਹੁੰ ਚੁਕਾਈ ਗਈ।ਇਸ ਰੈਲੀ ਨੂੰ ਡੈਡੀਕੇਟਿਡ ਏਈਆਰਓ ਹਲਕਾ 06 ਕਾਦੀਆਂ -ਕਮ-ਪ੍ਰਿੰਸੀਪਲ ਆਈਟੀਆਈ ਕਾਦੀਆਂ ਤਜਿੰਦਰ ਸਿੰਘ ਵੋਹਰਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਸਮੇਂ ਪ੍ਰੋਗਰਾਮ ਵਿੱਚ ਸੁਪਰਡੈਂਟ ਯੁਵਰਾਜ ਪੁਰੀ, ਟ੍ਰੇਨਿੰਗ ਅਫਸਰ ਜਗਜੀਤ ਸਿੰਘ, ਸਾਵਰੀ ਸਾਨਨ, ਕੁਲਵੰਤ ਕੌਰ, ਸੁਖਬੀਰ ਪਾਲ ਸਿੰਘ, ਨਵਜੋਤ ਸਿੰਘ, ਦਮਨਬੀਰ ਸਿੰਘ, ਮਦਨ ਲਾਲ, ਭੁਪਿੰਦਰ ਸਿੰਘ, ਜਸਪਾਲ ਸਿੰਘ , ਦਲਜੀਤ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ

## ਤੀਜਾ ਵਾਤਾਵਰਨ ਸੰਭਾਲ ਮੇਲਾ ਲੁਧਿਆਣਾ ਵਿਖੇ 3 ਤੇ 4 ਫਰਵਰੀ ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ)**-ਤੀਜਾ ਵਾਤਾਵਰਨ ਸੰਭਾਲ ਮੇਲਾ-2024 ਨਹਿਰੂ ਰੋਜ ਗਾਰਡਨ ਲੁਧਿਆਣਾ ਵਿਖੇ ਬਾਬਾ ਗੁਰਮੀਤ ਸਿੰਘ ਦੀ ਰਹਿਨੁਮਾਈ ਹੇਠ 3 ਤੇ 4 ਫਰਵਰੀ, 2024 ਨੂੰ ਮਿਊਂਸੀਪਲ ਕਾਰਪੋਰੇਸ਼ਨ ਲੁਧਿਆਣਾ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਵਾਤਾਵਰਨ ਸੰਭਾਲ ਸਬੰਧੀ 100 ਤੋਂ ਵਧੇਰੇ ਸਟਾਲਾਂ ਲਗਾਈਆਂ ਜਾਣਗੀਆਂ, ਜਿਨਾਂ ਵਿੱਚ ਦੇਸੀ ਪ੍ਰਜਾਤੀ ਵਾਲੇ ਵੱਧ ਤੋਂ ਵੱਧ ਦਰੱਖਤਾਂ ਸਬੰਧੀ, ਪਾਣੀ ਦੀ ਸੰਭਾਲ ਸਬੰਧੀ, ਮਿੱਟੀ ਦੀ ਸੰਭਾਲ ਸਬੰਧੀ, ਜੈਵਿਕ ਰਸੋਈ ਬਾਗਬਾਨੀ ਸਬੰਧੀ, ਪਾਣੀ ਪ੍ਰਬੰਧਨ ਤੇ ਕੰਪੋਸਟਿੰਗ ਸਬੰਧੀ, ਹਵਾ ਪ੍ਰਦੂਸ਼ਣ ਵਿੱਚ ਕਮੀ, ਆਵਾਜ ਪ੍ਰਦੂਸ਼ਣ, ਊਰਜਾ ਦੀ ਬੱਚਤ, ਸੋਲਰ ਐਨਰਜੀ, ਬਾਜਰੇ ਤੇ ਵਿਸ਼ੇਸ਼ ਜ਼ੋਰ ਨਾਲ ਸਿਹਤਮੰਦ ਭੋਜਨ ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਕਾਰਜਕਾਰੀ ਇੰਜੀਨੀਅਰ ਪ੍ਰਦੂਸ਼ਣ ਕੰਟਰੋਲ ਵਿਭਾਗ ਸ. ਹਰਪਾਲ ਸਿੰਘ ਨੇ ਇਹ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਵਾਤਾਵਰਨ ਸੰਭਾਲ ਮੇਲੇ ਵਿੱਚ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰਨ ਵਾਲੀਆਂ ਗ੍ਰਾਮ ਪੰਚਾਇਤਾਂ, ਐਨ.ਜੀ.ਓ.ਜ਼, ਵਿਅਕਤੀਗਤ ਲੋਕਾਂ, ਵਿਦਿਆਰਥੀਆਂ ਆਦਿ ਨੂੰ 10 ਐਵਾਰਡਾਂ ਨਾਲ ਸਨਮਾਨਿਆ ਜਾਵੇਗਾ।

## ਸਰਬੱਤ ਖਾਲਸਾ ਪਠਾਨਕੋਟ ਵੱਲੋਂ ਮਨਾਇਆ ਜਾਵੇਗਾ ਸਪਤਾਹਿਕ ਪ੍ਰੋਗਰਾਮ



**ਪਠਾਨਕੋਟ (ਦਵਿੰਦਰ ਸਿੰਘ)**-ਸਰਬੱਤ ਖਾਲਸਾ ਪਠਾਨਕੋਟ ਦੇ ਸਪਤਾਹਿਕ ਪ੍ਰੋਗਰਾਮ ਅਨੁਸਾਰ ਐਤਵਾਰ 7 ਜਨਵਰੀ ਨੂੰ ਗੁਰਦੁਆਰਾ ਸਿੰਘ ਸਭਾ ਕਲਗੀਧਰ ਭਦਰੋਆ ਵਿਖੇ ਸਪਤਾਹਿਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਗੁਰਬਾਣੀ ਦੀ ਵਿਆਖਿਆ ਸਾਬਕਾ ਹੈੱਡ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਾਲੇ ਭਾਈ ਜਸਵਿੰਦਰ ਸਿੰਘ ਕਰਨਗੇ।ਇਹ ਜਾਣਕਾਰੀ ਸਰਬੱਤ ਖਾਲਸਾ ਪਠਾਨਕੋਟ ਦੇ ਮੁੱਖ ਪ੍ਰਬੰਧਕ ਜਥੇਦਾਰ ਗੁਰਦੀਪ ਸਿੰਘ ਗੁਲਾਟੀ ਨੇ ਸਾਂਝੀ ਕਰਦਿਆਂ ਕਿਹਾ ਕਿ ਇਸ ਸਮੇਂ ਗੁਰੂ ਜੀ ਦਾ ਲੰਗਰ ਵੀ ਅਟੁੱਟ ਵਰਤਾਇਆ ਜਾਵੇਗਾ ਅਤੇ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਪ੍ਰੋਗਰਾਮ ਵਿੱਚ ਪਹੁੰਚ ਕੇ ਆਪਣਾ ਜੀਵਨ ਸਫਲਾ ਕਰੋ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਸੋਹਣ ਸਿੰਘ, ਸਰਦਾਰ ਗੁਰਸ਼ਰਨ ਸਿੰਘ ਅਤੇ ਚਰਨ ਸਿੰਘ ਆਦਿ ਹਾਜ਼ਰ ਸਨ।

## ਨਗਰ ਨਿਗਮ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਤੇ ਦੁਰਗਿਆਣਾ ਮੰਦਰ ਨੂੰ ਸੌਂਪੇਗਾ ਦੋ ਆਰਗੈਨਿਕ ਵੇਸਟ ਕਨਵਰਟਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਨਰਿੰਦਰਜੀਤ ਸਿੰਘ)**-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਕਮ ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਘਨਸ਼ਿਆਮ ਥੋਰੀ ਨੇ ਇੱਕ ਪ੍ਰੈੱਸ ਬਿਆਨ ਵਿੱਚ ਦੱਸਿਆ ਕਿ ਨਗਰ ਨਿਗਮ, ਅੰਮ੍ਰਿਤਸਰ 50 ਲੱਖ ਰੁਪਏ ਦੀ ਲਾਗਤ ਨਾਲ ਦੋ ਆਰਗੈਨਿਕ ਵੇਸਟ ਕਨਵਰਟਰ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਰ ਨੂੰ ਫੁੱਲਾਂ ਅਤੇ ਗਿੱਲੇ ਕੂੜੇ ਦੇ ਕੰਪੋਜ਼ਿਟ ਲਈ ਸੌਂਪਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਧਾਰਮਿਕ ਸਥਾਨਾਂ (ਸੁਨਹਿਰੀ ਮੰਦਰ ਅਤੇ ਦੁਰਗਿਆਣਾ ਮੰਦਿਰ) ਵਿੱਚ ਪੈਦਾ ਹੋਣ ਵਾਲੇ ਫੁੱਲਾਂ ਅਤੇ ਗਿੱਲੇ ਰਹਿੰਦ-ਖੂੰਹਦ ਦੀ ਪ੍ਰੋਸੈਸਿੰਗ ਲਈ ਪੀ. ਐੱਮ. ਆਈ. ਡੀ. ਸੀ. ਨੇ 2 ਆਰਗੈਨਿਕ ਵੇਸਟ ਕਨਵਰਟਰ ਮਸ਼ੀਨਾਂ ਖਰੀਦਣ ਦੇ ਮੰਤਵ ਲਈ 50 ਲੱਖ ਰੁਪਏ ਦੇ ਫੰਡ ਮਨਜ਼ੂਰ ਕੀਤੇ ਹਨ। ਇਹ ਆਰਗੈਨਿਕ ਵੇਸਟ ਕਨਵਰਟਰ ਸਟੈਂਡਰਡ ਵਿਧੀ ਅਪਣਾ ਕੇ ਖਰੀਦੇ ਗਏ ਹਨ ਅਤੇ ਜੈਵਿਕ ਵੇਸਟ ਕਨਵਰਟਰ ਮਸ਼ੀਨਾਂ ਨੂੰ ਹੁਣ ਧਾਰਮਿਕ ਸਥਾਨਾਂ ਭਾਵ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ। ਉਕਤ ਮਸ਼ੀਨਾਂ ਦੀ ਸਪਲਾਈ/ਲੈਂਡਮਾਰਕ ਸਾਈਨੋਬੋਰਡਸ ਪ੍ਰਾਈਵੇਟ ਲਿ. ਲਿਮਿਟਡ ਨੇਕਰ ਦਿੱਤੀ ਹੈ ਇਨ੍ਹਾਂ ਕਨਵਰਟਰ ਮਸ਼ੀਨਾਂ ਦੀ ਸਮਰੱਥਾ ਰੋਜ਼ਾਨਾ ਅਧਾਰ 'ਤੇ 900 ਕਿਲੋ ਤੋਂ 1200 ਕਿਲੋਗ੍ਰਾਮ ਗਿੱਲੇ ਕੂੜੇ ਨੂੰ ਪ੍ਰੋਸੈਸ ਕਰਨ ਦੀ ਹੈ ਅਤੇ 900 ਕਿਲੋ ਤੋਂ 1200 ਕਿਲੋਗ੍ਰਾਮ ਗਿੱਲੇ ਕੂੜੇ ਨੂੰ ਕੱਟਣ ਦੇ ਸਮਰੱਥ ਹੈ। ਹੋਰ ਇਲਾਜਯੋਗ ਚੀਜ਼ਾਂ ਭੋਜਨ ਦੀ ਰਹਿੰਦ-ਖੂੰਹਦ, ਫਲ, ਫਲਾਂ ਦੇ ਛਿਲਕੇ, ਸਬਜ਼ੀਆਂ ਅਤੇ ਸਬਜ਼ੀਆਂ ਦੇ ਛਿਲਕੇ, ਗਿੱਲੇ ਪੱਤੇ ਅਤੇ ਛੋਟੀਆਂ ਟਹਿਣੀਆਂ ਅਤੇ ਹੋਰ ਸੜਨਯੋਗ ਸਮੱਗਰੀ ਹਨ।

# ਤਰਸਿੱਕਾ ਪੁਲਸ ਵੱਲੋਂ 3 ਅਦਾਲਤੀ ਭਗੌੜੇ ਕਾਬੂ




**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਸਤਿੰਦਰ ਸਿੰਘ ਆਈਪੀਐੱਸ ਸੀਨੀਅਰ ਪੁਲਸ ਕਪਤਾਨ ਅੰਮ੍ਰਿਤਸਰ ਦਿਹਾਤੀ ਵੱਲੋਂ ਸਮੁੱਚੀ ਜਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੂੰ ਸਖਤ ਹਦਾਇਤਾ ਜਾਰੀ ਸਨ ਗਿ ਭਗੌੜੇ ਵਿਅਕਤੀਆਂ ਦੇ ਖਿਲਾਫ ਸਖਤ ਤੋਂ ਕਨੂੰਨੀ ਕਾਰਵਾਈ ਕੀਤੀ ਜਾਵੇ। ਥਾਣਾ ਤਰਸਿੱਕਾ ਦੇ ਐੱਸਐੱਚਓ ਐੱਸਆਈ ਅਵਤਾਰ ਸਿੰਘ ਕਾਹਲੋਂ ਨੇ ਦੱਸਿਆ ਕਿ ਸੀਨੀਅਰ ਅਫਸਰਾਨ ਵੱਲੋਂ ਜਾਰੀ ਉਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਥਾਣਾ ਤਰਸਿੱਕਾ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਨੂੰ ਉਸ ਵੇਲੇ ਸਫਲਤਾ ਹਾਸਲ ਹੋਈ ਜਦ ਥਾਣਾ ਤਰਸਿੱਕਾ ਦੀ ਪੁਲਸ ਪਾਰਟੀ ਵੱਲੋਂ ਵੱਖ-ਵੱਖ ਮੁੱਕਦਮਿਆ ਵਿਚ ਮਾਨਯੋਗ ਅਦਾਲਤਾਂ ਵੱਲੋ ਪੀਓ ਕਰਾਰ ਦਿਤੇ ਗਏ ਹਰਜੀਤ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਪੱਤੀ ਜੱਗਪੁਰ ਪਿੰਡ ਤੇ ਡਾਕਖਾਨਾ ਨੌਸ਼ਹਿਰਾ ਪੰਨੂਆ ਥਾਣਾ ਸਰਹਾਲੀ ਕਲਾਂ ਜ਼ਿਲਾ ਤਰਨਤਾਰਨ, ਪੀਓ ਗੁਰਜੰਟ ਸਿੰਘ ਉਰਫ ਜਗਰੂਪ ਸਿੰਘ ਉਰਫ ਗੰਟੂ ਪੁੱਤਰ ਪ੍ਰਗਟ ਵਾਸੀ ਪੱਤੀ ਜੱਗਪੁਰ ਪਿੰਡ ਤੇ ਡਾਕਖਾਨਾ ਨੌਸ਼ਹਿਰਾ ਪੰਨੂਆਂ ਥਾਣਾ ਸਰਹਾਲੀ ਕਲਾਂ ਜ਼ਿਲਾ ਤਰਨਤਾਰਨ ਅਤੇ ਪੀਓ ਜੋਬਨਪ੍ਰੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਲੋਹਗੜ ਥਾਣਾ ਖਲਚੀਆਂ ਜਿਲਾ ਅੰਮ੍ਰਿਤਸਰ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਥਾਣਾ ਤਰਸਿਕਾ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਸਮੇਂ ਅਵਤਾਰ ਸਿੰਘ ਥਾਣਾ ਕਾਹਲੋਂ ਤੋਂ ਇਲਾਵਾ ਐੱਸਆਈ ਬਘੇਲ ਸਿੰਘ, ਏਐੱਸਆਈ ਰਣਜੀਤ ਸਿੰਘ, ਹੌਲਦਾਰ ਜਤਿੰਦਰ ਸਿੰਘ, ਹਰਵਿੰਦਰ ਸਿੰਘ ਮੌਕਾ 'ਤੇ ਮੌਜੂਦ ਸਨ।

# ਪੀਲੀ ਕੁੰਗੀ ਤੋਂ ਡਰਨ ਦੀ ਲੋੜ ਨਹੀਂ, ਇਲਾਜ ਜ਼ਰੂਰੀ : ਡਾ. ਅਮਰੀਕ ਸਿੰਘ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** -ਡਾ: ਅਮਰੀਕ ਸਿੰਘ ਜ਼ਿਲਾ ਸਿਖਲਾਈ ਅਫਸਰ ਗੁਰਦਾਸਪੁਰ ਨੇ ਕਿਹਾ ਕਣਕ ਪੰਜਾਬ ਵਿੱਚ ਅਨਾਜ ਦੀ ਮੁੱਖ ਫਸਲ ਹੈ। ਉਨ੍ਹਾਂ ਦੱਸਿਆ ਹਾੜੀ 2020-21 ਦੌਰਾਨ ਪੰਜਾਬ ਵਿੱਚ ਕੁੱਲ 35.30 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਕਾਸ਼ਤ ਕੀਤੀ ਗਈ ਜਿਸ ਤੋਂ ਕੁੱਲ 171.85 ਮੀਟਰਿਕ ਟਨ ਪੈਦਾਵਾਰ ਹੋਈ ਅਤੇ ਪ੍ਰਤੀ ਹੈਕਟੇਅਰ ਝਾੜ 48.68 ਕੁਇੰਟਲ ਰਿਹਾ। ਪਿਛਲੇ ਕੁਝ ਸਮੇਂ ਤੋਂ ਮੌਸਮੀ ਤਬਦੀਲੀਆਂ ਅਤੇ ਗੈਰ ਸਿਫਾਰਸ਼ਸ਼ੁਦਾ ਕਿਸਮਾਂ ਹੇਠ ਰਕਬਾ ਵਧਣ ਕਾਰਨ ਕਣਕ ਦੀ ਫਸਲ ਉਪਰ ਕੁਝ ਅਜਿਹੀਆਂ ਬਿਮਾਰੀਆਂ ਦਾ ਹਮਲਾ ਵੇਖਣ ਨੂੰ ਮਿਲਿਆ, ਜਿਨ੍ਹਾਂ ਦਾ ਕੋਈ ਬਹੁਤਾ ਮਹੱਤਵ ਨਹੀਂ ਸੀ ਸਮਝਿਆ ਜਾਂਦਾ। ਇਨਾਂ ਵਿਚੋਂ ਪੀਲੀ ਕੁੰਗੀ ਅਜਿਹੀ ਬਿਮਾਰੀ ਹੈ ,ਜੋ ਕਣਕ ਦੀ ਖੇਤੀ ਲਈ ਖਤਰਾ ਸਾਬਤ ਹੋ ਰਹੀ ਹੈ। ਜੇਕਰ ਪੀਲੀ ਕੁੰਗੀ ਦਾ ਵਕਤ ਸਿਰ ਸਹੀ ਇਲਾਜ ਨਾਂ ਕੀਤਾ ਜਾਵੇ ਤਾਂ ਕਣਕ ਦੀ ਫਸਲ ਦਾ 70 ਫੀਸਦੀ ਤੱਕ ਝਾੜ ਘਟ ਸਕਦਾ ਹੈ। ਸਾਲ 2010-11 ਦੌਰਾਨ ਉੱਤਰੀ ਭਾਰਤ ਵਿੱਚ ਮੌਸਮ ਜ਼ਿਆਦਾ ਠੰਡਾ ਰਹਿਣ ਪੰਜਾਬ ਵਿੱਚ ਪੀਲੀ ਕੁੰਗੀ ਨੇ ਕਣਕ ਦੀ ਪੀ.ਬੀ.ਡਬਲਿਯੂ. 343 ਕਿਸਮ ਦਾ ਬਹੁਤ ਨੁਕਸਾਨ ਕੀਤਾ ਸੀ। ਕਣਕ ਦੀ ਇਹ ਕਿਸਮ ,ਪੀਲੀ ਕੁੰਗੀ ਦੀ ਨਵੀਂ ਕਿਸਮ 78 ਐਸ 84 ਦਾ ਟਾਕਰਾ ਨਹੀਂ ਸੀ ਕਰ ਸਕੀ ਪਰ ਸਮੇਂ ਸਿਰ ਖੇਤੀਬਾੜੀ ਵਿਭਾਗ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਲਈ ਸਿਫਾਰਸ਼ਸ਼ੁਦਾ ਦਵਾਈ ਪ੍ਰੋਪੀਕੋਨਾਜ਼ੋਲ ਕਿਸਾਨਾਂ ਤੱਕ ਪਹੁੰਚਾ ਕੇ ਹੋਣ ਵਾਲੇ ਨੁਕਸਾਨ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ।

## ਸਵੈ-ਰੱਖਿਆ ਲਈ ਸਕੂਲਾਂ 'ਚ ਲੜਕੀਆਂ ਦੀਆਂ ਕਲਾਸਾਂ ਸ਼ੁਰੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਸਮੇਂ ਦੀਆਂ ਚੁਣੌਤੀਆਂ ਨੂੰ ਟੱਕਰ ਦੇਣ ਲਈ ਲੜਕੀਆਂ ਨੂੰ ਸਿੱਖਿਆ ਦੇ ਖੇਤਰ ਵਿਚ ਹਰ ਮੌਕੇ ਦਾ ਲਾਹਾ ਲੈਣ ਦਾ ਸੱਦਾ ਦਿੰਦੇ ਕਿਹਾ ਕਿ ਮੌਜੂਦਾ ਯੁੱਗ ਵਿਚ ਕਿਸੇ ਵੀ ਖੇਤਰ ਵਿਚ ਲੜਕੀਆਂ ਲੜਕਿਆਂ ਨਾਲੋਂ ਪਿੱਛੇ ਨਹੀਂ ਰਹੀਆਂ, ਚਾਹੇ ਇਹ ਸਿੱਖਿਆ ਦਾ ਖੇਤਰ ਹੈ, ਖੇਡਾਂ ਦਾ, ਨੌਕਰੀ ਲੈਣ ਦੇ ਮੌਕਿਆਂ ਦਾ ਜਾਂ ਉਦਮੀ ਬਣ ਕੇ ਰੋਜ਼ਗਾਰ ਦਾਤਾ ਬਣਨ ਦਾ ਹਰ ਥਾਂ, ਜਿੱਥੇ ਵੀ ਔਰਤ ਨੂੰ ਮੌਕਾ ਦਿੱਤਾ ਗਿਆ ਹੈ, ਉਸਨੇ ਆਪਣੀ ਸਮਰੱਥਾ, ਤਾਕਤ ਤੇ ਨਿਪੁੰਨਤਾ ਦਾ ਲੋਹਾ ਮਨਵਾਇਆ ਹੈ। ਸਵੈ ਰੱਖਿਆ ਲਈ ਲੜਕੀਆਂ ਨੂੰ ਮਾਰਸ਼ਲ ਆਰਟ ਦੀ ਸਿੱਖਿਆ ਦੇਣ ਦੀ ਸ਼ੁਰੂਆਤ ਕਰਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਫਲਤਾ ਲਈ ਜ਼ਰੂਰੀ ਹੈ ਕਿ ਸਾਡੀ ਬੱਚੀਆਂ ਚੰਗੇ ਭਵਿੱਖ ਲਈ ਸਰਕਾਰ, ਸਮਾਜ ਜਾਂ ਪਰਿਵਾਰ ਵੱਲੋਂ ਦਿੱਤੇ ਕਿਸੇ ਵੀ ਮੌਕੇ ਨੂੰ ਖੁੰਝਣ ਨਾ, ਸਗੋਂ ਇਕ ਨਿਸ਼ਾਨਾ ਸਾਧ ਕੇ ਭਵਿੱਖ ਵਿਚ ਅੱਗੇ ਵਧਣ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਆਪਣੇ ਮਿੱਥੇ ਨਿਸ਼ਾਨੇ ਦੀ ਪ੍ਰਾਪਤੀ ਉਤੇ ਕੇਂਦਰਿਤ ਰਹਿੰਦੇ ਹੋਏ ਤਾਂ ਦੁਨੀਆਂ ਦੀ ਕੋਈ ਤਾਕਤ ਤਹਾਡੀ ਸਫਲਤਾ ਵਿਚ ਰੋੜਾ ਨਹੀਂ ਬਣ ਸਕਦੀ। ਬੇਟੀ ਬਚਾਓ ਬੇਟੀ ਪੜਾਓ ਮੁਹਿੰਮ ਤਹਿਤ ਸਵੈ ਰੱਖਿਆ ਦੀਆਂ ਸ਼ੁਰੂ ਕੀਤੀਆਂ ਕਲਾਸਾਂ ਲਈ ਸਥਾਨਕ ਮਾਲ ਰੋਡ ਸਕੂਲ ਵਿਚ ਕਰਵਾਏ ਸਮਾਗਮ ਨੂੰ ਸੰਬੋਧਨ ਕਰਦੇ ਸ੍ਰੀ ਥੋਰੀ ਨੇ ਐਲਾਨ ਕੀਤਾ ਕਿ ਭਵਿੱਖ ਵਿਚ ਛੇਤੀ ਹੀ ਬੱਚੀਆਂ ਨੂੰ ਡਰਾਈਵਿੰਗ ਸਿੱਖਿਆ ਦੇਣ ਦੀ ਸ਼ੁਰੂਆਤ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਕੂਲ ਆਫ ਐਮੀਨੈਂਸ ਮਾਲ ਰੋਡ, ਸਰਕਾਰੀ ਕੰਨਿਆ ਸਕੂਲ ਮਹਾਂ ਸਿੰਘ ਗੇਟ ਅਤੇ ਸਰਕਾਰੀ ਕੰਨਿਆ ਸਕੂਲ ਮਾਹਣਾ ਸਿੰਘ ਰੋਡ ਵਿਖੇ ਬੱਚੀਆਂ ਨੂੰ ਸਵੈ-ਰੱਖਿਆ ਲਈ ਸਿਖਲਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਪਹਿਲੇ ਬੈਚ ਵਿਚ 350 ਬੱਚੀਆਂ ਇਹ ਸਿੱਖਿਆ ਲੈਣਗੀਆਂ। ਉਨਾਂ ਦੱਸਿਆ ਕਿ ਇਸ ਕੰਮ ਲਈ 7 ਕੋਚ 50-50 ਬੱਚੀਆਂ ਦੇ ਬੈਚ ਨੂੰ ਰੋਜ਼ਾਨਾ ਇਕ ਘੰਟਾ ਇਕ ਮਹੀਨਾ ਇਹ ਸਿਖਲਾਈ ਦੇਣਗੇ। ਉਨ੍ਹਾਂ ਇਸ ਕੰਮ ਲਈ ਬਾਲ ਵਿਕਾਸ ਤੇ ਇਸਤਰੀ ਭਲਾਈ ਵਿਭਾਗ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਮਿਹਨਤ ਦੀ ਸਰਾਹਨਾ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਹਾਇਕ ਕਮਿਸ਼ਨਰ ਸ਼ਿਕਾਇਤਾਂ ਵਿਵੇਕ ਮੋਦੀ, ਪ੍ਰਿੰ. ਮਨਦੀਪ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਕੁਲਦੀਪ ਕੌਰ, ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀ ਗਗਨਦੀਪ ਸਿੰਘ, ਮੀਨਾ ਦੇਵੀ, ਗਾਇਡੈਂਸ ਕੌਂਸਲਰ ਜਸਬੀਰ ਸਿੰਘ ਅਤੇ ਜ਼ਿਲ੍ਹੇ ਦੇ ਸਾਰੇ ਸੀਡੀਪੀਓ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਜੇਲ੍ਹ 'ਚ ਬੰਦ ਗਰੀਬ ਕੈਦੀਆਂ ਦੀ ਜ਼ਮਾਨਤ ਰਾਸ਼ੀ ਤੇ ਜੁਰਮਾਨੇ ਸਰਕਾਰ ਭਰੇਗੀ : ਡੀ ਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਕੇਂਦਰੀ ਜ਼ੇਲ੍ਹ ਵਿਚ ਬੰਦ ਅਜਿਹੇ ਕੈਦੀ ਜੋ ਕਿ ਆਰਥਿਕ ਤੌਰ ਉਤੇ ਕਮਜ਼ੋਰ ਹੋਣ ਕਾਰਨ ਆਪਣੀ ਜ਼ਮਾਨਤ ਰਾਸ਼ੀ ਜਾਂ ਜੁਰਮਾਨਾ ਨਹੀਂ ਭਰ ਸਕੇ, ਦੀ ਇਹ ਰਾਸ਼ੀ ਭਰਨ ਲਈ ਸਹਾਇਤਾ ਸਰਕਾਰ ਕਰਨ ਜਾ ਰਹੀ ਹੈ। ਇਹ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਦੱਸਿਆ ਕਿ ਜਿਲ੍ਹੇ ਵਿਚ ਕਹਿੜੇ ਕੈਦੀਆਂ ਨੂੰ ਇਸ ਤਰਾਂ ਦੀ ਸਹਾਇਤਾ ਦੇਣੀ ਬਾਰੇ, ਬਾਰੇ ਫੈਸਲਾ ਕਰਨ ਲਈ ਕਮੇਟੀ ਗਠਿਤ ਕਰ ਦਿੱਤੀ ਗਈ ਹੈ, ਜੋ ਕਿ ਕੈਦੀ ਦੇ ਪਰਿਵਾਰ ਦੀ ਰਿਪੋਰਟ ਲੈ ਕੇ ਅੰਤਿਮ ਫੈਸਲਾ ਲਵੇਗੀ ਅਤੇ ਇਸ ਬਾਬਤ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜੇਗੀ, ਜਿਥੋਂ ਇਹ ਸਹਾਇਤਾ ਰਾਸ਼ੀ ਜਾਰੀ ਕੀਤੀ ਜਾ ਸਕੇਗੀ। ਸ੍ਰੀ ਥੋਰੀ ਨੇ ਦੱਸਿਆ ਕਿ ਸਰਕਾਰ ਚਾਹੁੰਦੀ ਹੈ ਕਿ ਕੋਈ ਵੀ ਕੈਦੀ ਕੇਵਲ ਤੇ ਕੇਵਲ ਜਮਾਨਤੀ ਰਾਸ਼ੀ ਜਾਂ ਜੁਰਮਾਨਾ ਨਾ ਭਰ ਸਕਣ ਕਾਰਨ ਵੱਧ ਸਮਾਂ ਜੇਲ੍ਹ ਵਿਚ ਨਾ ਰਹੇ, ਇਸ ਲਈ ਉਨਾਂ ਦੀ ਸਹਾਇਤਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਅੱਜ ਇਸ ਬਾਬਤ ਬਣੀ ਕਮੇਟੀ ਦੀ ਪਹਿਲੀ ਮੀਟਿੰਗ ਡਿਪਟੀ ਕਮਿਸ਼ਨਰ ਥੋਰੀ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿਚ ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਰਸ਼ਪਾਲ ਸਿੰਘ, ਸੁਪਰਡੈਂਟ ਕੇਂਦਰੀ ਜੇਲ, ਏਸੀਪੀ ਅਤੇ ਐਸਪੀ ਅੰਮ੍ਰਿਤਸਰ ਦਿਹਾਤੀ ਪੁਲਸ ਬਤੌਰ ਮੈਂਬਰ ਸ਼ਾਮਿਲ ਹੋਏ। ਸ੍ਰੀ ਥੋਰੀ ਨੇ ਦੱਸਿਆ ਕਿ ਜੇਲ੍ਹ ਸੁਪਰਡੈਂਟ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਤੱਕ ਕੇਂਦਰੀ ਜੇਲ੍ਹ ਵਿਚ 17 ਅਜਿਹੇ ਕੈਦੀ ਹਨ, ਜਿਨ੍ਹਾਂ ਨੂੰ ਤੁਰੰਤ ਸਹਾਇਤਾ ਦੀ ਲੋੜ ਹੈ। ਉਨ੍ਹਾਂ ਇਨ੍ਹਾਂ ਕੈਦੀਆਂ ਦੇ ਪਰਿਵਾਰਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਲੈਣ ਦੀ ਹਦਾਇਤ ਕੀਤੀ ਹੈ, ਤਾਂ ਜੋ ਇਸ ਬਾਬਤ ਅੰਤਿਮ ਫੈਸਲਾ ਲੈ ਕੇ ਕੇਸ ਸਰਕਾਰ ਨੂੰ ਸਹਾਇਤਾ ਰਾਸ਼ੀ ਲਈ ਭੇਜਿਆ ਜਾ ਸਕੇ।

## 'ਸਾਂਸ ਪ੍ਰੋਗਰਾਮ' ਤਹਿਤ ਬਲਾਕ ਐਕਸਟੈਨਸ਼ਨ ਐਜੂਕੇਟਰਾਂ ਦੀ ਮੀਟਿੰਗ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਅਰਵਿੰਦ ਮਨਚੰਦਾ ਅਤੇ ਸਕੂਲ ਹੈਲਥ ਨੋਡਲ ਅਫਸਰ ਡਾਕਟਰ ਭਾਵਨਾ ਸ਼ਰਮਾ ਦੀ ਅਗੁਵਾਈ ਹੇਠ ਵੱਖ-ਵੱਖ ਬਲਾਕਾਂ ਤੋਂ ਆਏ ਸਮੂਹ ਬਲਾਕ ਐਕਸਟੈਨਸ਼ਨ ਐਜੂਕੇਟਰਾਂ ਦੀ ਮੀਟਿੰਗ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਅਰਵਿੰਦ ਮਨਚੰਦਾ ਨੇ ਦੱਸਿਆ ਕਿ 12 ਨਵੰਬਰ ਤੋਂ 28 ਫਰਵਰੀ ਤੱਕ ਚੱਲ ਰਹੇ ਸਾਂਸ ਪ੍ਰੋਗਰਾਮ ਅਧੀਨ ਬਲਾਕ ਵਿਖੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣ।ਨਿਮੂਨੀਆ ਪ੍ਰਤੀ ਲੋਕਾਂ ਨੂੰ ਜਾਗਰੁਕ ਕੀਤਾ ਜਾਵੇ।ਮੀਜਲ ਰੋਕਥਾਮ ਲਈ 0 ਤੋਂ 5 ਸਾਲ ਦੇ ਬੱਚਿਆਂ ਦਾ ਸਰਵੇ ਕਰਨ ਨੂੰ ਕਿਹਾ ਗਿਆ ਹੈ ਤਾਂ ਜੋ ਜੇਕਰ ਕੋਈ ਬੱਚਾ ਜਿਸਨੂੰ ਤੇਜ ਬੁਖਾਰ, ਖਾਂਸੀ ਜਾਂ ਜ਼ੁਕਾਮ, ਸਾਹ ਤੇਜ਼ ਤੇਜ਼ ਲੈਣਾ ਆਦਿ ਲੱਛਣਾਂ ਵਾਲਾ ਬੱਚਾ ਮਿਲਦਾ ਹੈ ਤਾਂ ਉਸਨੂੰ ਨੇੜਲੇ ਸਰਕਾਰੀ ਹਸਪਤਾਲ ਵਿਚ ਡਾਕਟਰੀ ਜਾਂਚ ਲਈ ਭੇਜਿਆ ਜਾਵੇ।ਸਕੂਲ ਹੈਲਥ ਕਲੀਨਿਕ ਨੋਡਲ ਅਫਸਰ ਡਾਕਟਰ ਭਾਵਨਾ ਸ਼ਰਮਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਮਾਰਗਦਰਸ਼ਨ ਹੇਠ ਜਨਵਰੀ ਮਹੀਨੇ ਵਿਚ ਅਨੀਮੀਆ ਦੀ ਰੋਕਥਾਮ ਲਈ ਅਧਿਆਪਕਾਂ ਅਤੇ ਆਂਗਣਵਾੜੀ ਵਰਕਰਾਂ ਨੂੰ ਬਲਾਕਾਂ ਵਿਖੇ ਟ੍ਰੇਂਡ ਕੀਤਾ ਜਾਵੇਗਾ ਬਲਕਿ ਨਾਲ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਹੇਠ ਕਿਸ਼ੋਰੀਆਂ ਦੇ ਖੂਨ ਦੀ ਜਾਂਚ ਦੇ ਕੈਂਪ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਮੌਕੇ ਤੇ ਆਇਰਨ ਫੌਲਿਕ ਐਸਿਡ ਦੀਆਂ ਗੋਲੀਆਂ ਵੰਡੀਆਂ ਜਾਣਗੀਆਂ।ਇਨ੍ਹਾਂ ਪ੍ਰੋਗਰਾਮਾਂ ਦੀ ਸਫਲਤਾ ਲੋਕਾਂ ਵਿਚ ਜਾਗਰੂਕਤਾ ਨਾਲ ਹੀ ਸੰਭਵ ਹੈ।ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਮੈਡਮ ਗੁਰਿੰਦਰ ਕੌਰ ਅਤੇ ਸਮੂਹ ਬੀਈਈ ਮੌਜੂਦ ਸਨ।

## ਪੈਂਡਿੰਗ ਪਏ ਇੰਤਕਾਲ ਦਰਜ ਤੇ ਤਸਦੀਕ ਕਰਨ ਲਈ ਵਿਸ਼ੇਸ਼ ਕੈਂਪ ਅੱਜ: ਡੀਸੀ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਬੀਤੇ ਲੰਮੇ ਸਮੇਂ ਤੋਂ ਲੰਬਿਤ ਪਏ ਇੰਤਕਾਲ ਨੂੰ ਲੈ ਕੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਉਤੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਵਿੱਚ ਮਾਲ ਵਿਭਾਗ ਵੱਲੋਂ 06 ਜਨਵਰੀ (ਸ਼ਨਿੱਚਰਵਾਰ) ਨੂੰ ਛੁੱਟੀ ਵਾਲੇ ਦਿਨ ਪੈਂਡਿੰਗ ਪਏ ਇੰਤਕਾਲ ਦਰਜ ਕਰਨ ਲਈ ਜ਼ਿਲ੍ਹਾ ਤਰਨ ਤਾਰਨ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ 06 ਜਨਵਰੀ ਨੂੰ ਜ਼ਿਲ੍ਹੇ ਦੇ ਮਾਲ ਦਫ਼ਤਰਾਂ ਵਿੱਚ ਅਧਿਕਾਰੀ ਤੇ ਮੁਲਾਜ਼ਮ ਹਾਜ਼ਰ ਰਹਿਣਗੇ ਤੇ ਪੈਂਡਿੰਗ ਪਏ ਇੰਤਕਾਲ ਦਰਜ ਅਤੇ ਤਸਦੀਕ ਕਰਨਗੇ।ਉਨ੍ਹਾਂ ਲੋਕਾਂ ਨੂੰ ਇਸ ਵਿਸ਼ੇਸ਼ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਜਿੰਨ੍ਹਾਂ ਦਾ ਕੋਈ ਇੰਤਕਾਲ ਦਾ ਮਾਮਲਾ ਲੰਬਿਤ ਪਿਆ ਹੈ, ਉਹ ਆਪਣੇ ਸਬੰਧਤ ਤਹਿਸੀਲ ਦਫ਼ਤਰ ਵਿਖੇ 06 ਜਨਵਰੀ ਨੂੰ ਜਾ ਕੇ ਇਸ ਦਾ ਨਿਪਟਾਰਾ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਕੈਂਪ ਦੌਰਾਨ ਸਾਰੇ ਪੈਂਡਿੰਗ ਇੰਤਕਾਲ ਮੌਕੇ ਉਤੇ ਹੀ ਦਰਜ ਕਰਨ ਲਈ ਅਧਿਕਾਰੀਆਂ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ, ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਹ ਲੰਬਿਤ ਇੰਤਕਾਲਾਂ ਦੇ ਨਿਬੇੜੇ ਦੇ ਕੰਮ ਉਤੇ ਲਗਾਤਾਰ ਨਿਗਰਾਨੀ ਰੱਖ ਰਹੇ ਹਨ ਤਾਂ ਜੋ ਇਹ ਕੰਮ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹ ਸਕੇ।ਉਨ੍ਹਾਂ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤਣ ਦੀ ਹਦਾਇਤ ਕਰਦਿਆਂ ਕਿਹਾ ਕਿ ਲੋਕਾਂ ਦੇ ਕੰਮਕਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਡਾ. ਸੁਰਿੰਦਰਪਾਲ ਸਿੰਘ ਨੇ ਬਤੌਰ ਮੁੱਖ ਖੇਤੀਬਾੜੀ ਅਫਸਰ ਅਹੁਦਾ ਸੰਭਾਲਿਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਸਰਕਾਰ ਵੱਲੋਂ ਕੀਤੀਆਂ ਗਈਆਂ ਨਿਯੁਕਤੀਆਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਅੰਦਰ ਨਿਯੁਕਤ ਕੀਤੇ ਗਏ ਮੁੱਖ ਖੇਤੀਬਾੜੀ ਅਫਸਰ ਡਾ. ਸੁਰਿੰਦਰਪਾਲ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਜ਼ਿਲ੍ਹੇ ਅੰਦਰ ਡਾ. ਕਿਰਪਾਲ ਸਿੰਘ ਢਿੱਲੋਂ ਮੁੱਖ ਖੇਤੀਬਾੜੀ ਅਫਸਰ ਵਜੋਂ ਤੈਨਾਤ ਸਨ ਜਿਨ੍ਹਾਂ ਦੀ ਸੇਵਾ ਮੁਕਤੀ ਦੇ ਬਾਅਦ ਸਰਕਾਰ ਨੇ ਡਾ. ਸੁਰਿੰਦਰਪਾਲ ਸਿੰਘ ਨੂੰ ਜ਼ਿਲ੍ਹੇ ਦੀ ਜ਼ਿੰਮੇਵਾਰੀ ਸੌਂਪੀ ਹੈ। ਡਾ. ਸੁਰਿੰਦਰਪਾਲ ਸਿੰਘ ਇਸ ਤੋਂ ਪਹਿਲਾਂ ਫਿਰੋਜ਼ਪੁਰ ਵਿਚ ਜ਼ਿਲ੍ਹਾ ਸਿਖਲਾਈ ਅਫਸਰ ਵਜੋਂ ਤੈਨਾਤ ਸਨ ਅਤੇ ਉਹ ਤਰਨਤਾਰਨ ਦੇ ਮੁੱਖ ਖੇਤੀਬਾੜੀ ਅਫਸਰ ਵੀ ਰਹਿ ਚੁੱਕੇ ਹਨ।ਉਨਾਂ ਦੇ ਅਹੁਦਾ ਸੰਭਾਲਣ ਮੌਕੇ ਵਿਭਾਗ ਦੀਆਂ ਵੱਖ ਵੱਖ ਮੁਲਾਜਮ ਜਥੇਬੰਦੀਆਂ ਨੇ ਉਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਨਾਲ ਮੁੱਖ ਦਫਤਰ ਦੇ ਸਮੂਹ ਸਟਾਫ ਨੇ ਵੀ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਨ੍ਹਾਂ ਨੂੰ ਜ਼ਿਲ੍ਹੇ ਅੰਦਰ ਆਉਣ ਤੇ ਜੀ ਆਇਆਂ ਕਿਹਾ। ਅਹੁੱਦਾ ਸੰਭਾਲਣ ਉਪਰੰਤ ਗੱਲਬਾਤ ਦੌਰਾਨ ਡਾ. ਸੁਰਿੰਦਰਪਾਲ ਸਿੰਘ ਨੇ ਕਿਹਾ ਕਿ ਉਹ ਕਿਸਾਨਾਂ ਦੀ ਸੇਵਾ ਲਈ ਹਰ ਵੇਲੇ ਮੌਜੂਦ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਿਭਾਗ ਦੇ ਬਲਾਕ ਦਫਤਰਾਂ ਵਿਚ ਸਮੂਹ ਸਟਾਫ ਸਵੇਰੇ 9 ਵਜੇ ਤੋਂ ਪੰਜ ਵਜੇ ਤੱਕ ਮੌਜੂਦ ਰਹਿੰਦਾ ਹੈ ਅਤੇ ਕਿਸਾਨ ਫਸਲਾਂ ਦੀ ਕਾਸ਼ਤ ਲਈ ਖੇਤੀ ਅਧਿਕਾਰੀਆਂ ਦੀ ਸਲਾਹ ਜ਼ਰੂਰ ਲੈਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤਾਂ ਲਈ ਅਨੇਕਾਂ ਭਲਾਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਕਿਸਾਨਾਂ ਇਨਾਂ ਯੋਜਨਾਵਾਂ ਦਾ ਫਾਇਦਾ ਜ਼ਰੂਰ ਉਠਾਉਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਵਿਭਾਗ ਦੇ ਕੰਮਾਂ ਨਾਲ ਸਬੰਧਿਤ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਬਲਾਕ ਦਫਤਰ ਜਾਂ ਮੁੱਖ ਦਫਤਰ ਵਿਖੇ ਉਨਾਂ ਨਾਲ ਸੰਪਰਕ ਕਰ ਸਕਦੇ ਹਨ।

## ਸਿੱਖਿਆਰਥੀਆਂ ਨੂੰ ਸਵੈ-ਰੋਜ਼ਗਾਰ ਲਈ ਕੀਤਾ ਪ੍ਰੇਰਿਤ



**ਬਟਾਲਾ (ਡਾ. ਮਲਵਿੰਦਰ ਸਿੰਘ)**-ਅੱਜ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਕਾਦੀਆਂ ਵਿਖੇ ਡਾਇਰੈਕਟਰ ਤਕਨੀਕੀ ਸਿੱਖਿਆ ਉਦੋਗਿਕ ਸਿਖਲਾਈ ਵਿਭਾਗ ,ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੀਐੱਮਈ ਜੀ. ਪੀ. ਸਕੀਮ ਤਹਿਤ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਸਿਖਲਾਈ ਲੈ ਰਹੇ ਅਤੇ ਸੰਸਥਾ ਦੇ ਪੁਰਾਣੇ ਸਿੱਖਿਆਰਥੀਆਂ ਨੂੰ ਸਵੈ-ਰੋਜ਼ਗਾਰ ਲਈ ਪ੍ਰੇਰਿਤ ਕੀਤਾ ਗਿਆ ਅਤੇ ਸਿੱਖਿਆਰਥੀਆਂ ਦੇ ਕੇਸ ਪੀਐੱਮਈ ਜੀ. ਪੀ. ਸਕੀਮ ਰਾਹੀਂ ਆਨਲਾਈਨ ਭਰਵਾਉਣ ਲਈ ਇਸ ਸੰਸਥਾ ਵਿੱਚ ਨਵਨੀਤ ਕੌਰ ਭੰਗੂ ਸੀਨੀਅਰ ਇੰਡਸਟਰੀਅਲ ਪ੍ਰਮੋਸ਼ਨ ਆਫਿਸਰ, ਜ਼ਿਲਾ ਉਦਯੋਗ ਕੇਂਦਰ, ਬਟਾਲਾ ਵੱਲੋਂ ਉਪਰੋਕਤ ਸਕੀਮਾਂ ਸਬੰਧੀ ਜਾਣਕਾਰੀ ਭਰਪੂਰ ਲੈਕਚਰ ਕੀਤਾ ਗਿਆ।ਇਸ ਮੌਕੇ ਡਾਕਟਰ ਨਰੇਸ਼ ਕੁਮਾਰ ਸਹਾਇਕ ਪ੍ਰੋਫੈਸਰ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਨੇ ਵੀ ਵਿਕਸਿਤ ਭਾਰਤ 02047 ਰਾਸ਼ਟਰੀ ਯੋਜਨਾ ਸੰਬੰਧੀ ਆਪਣੇ ਵਿਚਾਰ ਸਿੱਖਿਆਰਥੀਆਂ ਨਾਲ ਸਾਂਝੇ ਕੀਤੇ।ਇਸ ਮੌਕੇ ਪ੍ਰੋਗਰਾਮ ਵਿੱਚ ਪ੍ਰਿੰ. ਤਜਿੰਦਰ ਸਿੰਘ ਵੋਹਰਾ, ਸੁਪਰਡੈਂਟ ਯੁਵਰਾਜ ਪੁਰੀ, ਟ੍ਰੇਨਿੰਗ ਅਫਸਰ ਜਗਜੀਤ ਸਿੰਘ, ਸਾਵਰੀ ਸਾਨਨ, ਕੁਲਵੰਤ ਕੌਰ, ਸੁਖਬੀਰ ਪਾਲ ਸਿੰਘ, ਨਵਜੋਤ ਸਿੰਘ, ਦਮਨਬੀਰ ਸਿੰਘ, ਮਦਨ ਲਾਲ, ਭੁਪਿੰਦਰ ਸਿੰਘ, ਜਸਪਾਲ ਸਿੰਘ , ਦਲਜੀਤ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਰੈੱਡ ਕਰਾਸ ਨੇ ਬੇਸਹਾਰਾ ਲੋਕਾਂ ਨੂੰ ਕੰਬਲ ਵੰਡੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਘਨਸ਼ਾਮ ਥੋਰੀ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜਿਲ੍ਹਾ ਰੈਡ ਕਰਾਸ ਸੁਸਾਇਟੀ, ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਤੀ ਰਾਤ ਸੜ੍ਹਕ ਦੇ ਕਿਨਾਰੇ ਅਤੇ ਫੁਟਪਾਥਾਂ 'ਤੇ ਬੇਸਹਾਰਾ ਗਰੀਬ, ਲੇਬਰ, ਔਰਤਾਂ ਅਤੇ ਬੱਚਿਆਂ ਨੂੰ ਕੰਬਲਾਂ ਦੀ ਵੰਡ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰੈਡ ਕਰਾਸ ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਕਰਨ ਲਈ ਅੱਗੇ ਰਿਹਾ ਹੈ। ਉਨਾਂ ਦੱਸਿਆ ਕਿ ਇਸ ਹੱਡ ਚੀਰਵੀਂ ਠੰਢ ਵਿੱਚ ਬੇਸਹਾਰਾ ਲੋਕ ਸੜਕਾਂ ਦੇ ਫੁੱਟਪਾਥਾਂ 'ਤੇ ਬੈਠੇ ਰਹਿੰਦੇ ਹਨ। ਇਸ ਲਈ ਠੰਢ ਤੋਂ ਬਚਾਅ ਲਈ ਉਕਤ ਲੋੜਵੰਦਾਂ ਨੂੰ ਗਰਮ ਕੱਪੜਿਆਂ ਦੀ ਸਖ਼ਤ ਲੋੜ ਹੈ। ਉਨਾਂ ਸੈਕਟਰੀ ਰੈਡ ਕਰਾਸ ਨੂੰ ਹਦਾਇਤ ਕੀਤੀ ਕਿ ਉਹ ਇਨਾਂ ਲੋੜਵੰਦਾਂ ਦਾ ਧਿਆਨ ਰੱਖਣ ਅਤੇ ਜਿੱਥੇ ਵਿੱਚ ਲੋੜ ਮਹਿਸੂਸ ਹੋਵੇ ਉਥੇ ਕੰਬਲ ਅਤੇ ਹੋਰ ਗਰਮ ਕੱਪੜੇ ਵੰਡੇ ਜਾਣ। ਉਨ੍ਹਾਂ ਕਿਹਾ ਕਿ ਰੈਡ ਕਰਾਸ ਸ਼ਹਿਰ ਵਾਸੀਆਂ ਦੀ ਸਹਾਇਤਾ ਲਈ ਹਰ ਵੇਲੇ ਲੋੜਵੰਦਾਂ ਦੀ ਮੱਦਦ ਕਰਦਾ ਹੈ ਅਤੇ ਇਹ ਰਵਾਇਤ ਇਸੇ ਤਰ੍ਹਾਂ ਚਲਦੀ ਰਹਿਣੀ ਚਾਹੀਦੀ ਹੈ। ਉਨਾਂ ਦੱਸਿਆ ਕਿ ਰੈਡ ਕਰਾਸ ਵਲੋਂ ਇਸ ਤੋਂ ਪਹਿਲਾਂ ਅੰਗਹੀਣ ਵਿਅਕਤੀਆਂ ਨੂੰ ਮੁਫ਼ਤ ਟਰਾਈਸਾਇਕਲ, ਵਹੀਲ ਚੇਅਰ, ਕੰਨਾਂ ਦੀਆਂ ਮਸ਼ੀਨਾਂ, ਭੋੜੀਆ, ਨਕਲੀ ਅੰਗ, ਵਿਧਵਾ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ।

ਇਸ ਮੌਕੇ ਸਕੱਤਰ, ਰੈਡ ਕਰਾਸ ਸੁਸਾਇਟੀ ਅੰਮ੍ਰਿਤਸਰ ਵਲੋਂ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਲੋਕ ਭਲਾਈ ਦੇ ਕੰਮਾਂ ਨੂੰ ਜਾਰੀ ਰਖਣ ਲਈ ਰੈਡ ਕਰਾਸ ਦੇ ਵੱਧ ਤੋਂ ਵੱਧ ਮੈਂਬਰ ਬਣਕੇ ਇਸ ਭਲਾਈ ਦੇ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ।

# ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਡੀਸੀ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ



**ਡੇਰਾ ਬਾਬਾ ਨਾਨਕ, ਗੁਰਦਾਸਪੁਰ (ਰਮੇਸ਼ ਸ਼ਰਮਾ/ਦਿਨੇਸ਼ ਕੁਮਾਰ)**-26 ਜਨਵਰੀ ਨੂੰ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ, ਗੁਰਦਾਸਪੁਰ ਵਿਖੇ 75ਵਾਂ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਦਿਆਂ ਕਿਹਾ ਕਿ ਸਾਰੇ ਵਿਭਾਗ ਹੁਣ ਤੋਂ ਗਣਤੰਤਰ ਦਿਵਸ ਮਨਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦੇਣ।ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਹੋਣਗੇ।ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਦੌਰਾਨ ਮੁੱਖ ਮਹਿਮਾਨ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ।ਇਸ ਤੋਂ ਬਾਅਦ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬ ਦੇ ਸੱਭਿਆਚਾਰ ਨਾਲ ਲਬਰੇਜ਼ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।ਸਮਾਗਮ ਦੌਰਾਨ ਵੀਰ ਨਾਰੀਆਂ, ਸੁਤੰਤਰਤਾ ਸੈਨਾਨੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸਨਮਾਨਿਤ ਹੋਣ ਵਾਲੇ ਵਿਅਕਤੀਆਂ ਦੀਆਂ ਨਾਮਜ਼ਦਗੀਆਂ 19 ਜਨਵਰੀ ਤੱਕ ਡਿਪਟੀ ਕਮਿਸ਼ਨਰ ਦਫ਼ਤਰ ਭੇਜ ਦਿੱਤੀਆਂ ਜਾਣ, ਇਸ ਤੋਂ ਬਾਅਦ ਆਈਆਂ ਨਾਮਜ਼ਦਗੀਆਂ ਉਪਰ ਵਿਚਾਰ ਨਹੀਂ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਸਮੂਹ ਨਗਰ ਕੌਂਸਲ ਦੇ ਕਾਰਜਸਾਧਕ ਅਫਸਰਾਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਸ਼ਹਿਰਾਂ ਵਿਚਲੇ ਚੌਂਕਾਂ ਅਤੇ ਸਰਕਾਰੀ ਇਮਾਰਤਾਂ ਨੂੰ ਸਜਾਇਆ ਜਾਵੇ ਅਤੇ 25 ਤੇ 26 ਜਨਵਰੀ ਦੀ ਰਾਤ ਨੂੰ ਉਨ੍ਹਾਂ ਦੀ ਲਾਈਟਿੰਗ ਕੀਤੀ ਜਾਵੇ।ਇਸ ਤੋਂ ਇਲਾਵਾ ਸ਼ਹਿਰਾਂ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਸਮਾਗਮ ਵਾਲੀ ਥਾਂ 'ਤੇ ਹੁਣ ਤੋਂ ਹੀ ਤਿਆਰੀਆਂ ਵਿੱਚ ਜੁਟ ਜਾਣ ਲਈ ਕਿਹਾ।ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਹੋਣ ਵਾਲੇ ਕਲਚਰਲ ਪ੍ਰੋਗਰਾਮ ਅਤੇ ਪਰੇਡ ਦੀ ਰਿਹਰਸਲ 19, 22 ਅਤੇ 23 ਜਨਵਰੀ ਨੂੰ ਹੋਵੇਗੀ ਜਦਕਿ ਫੁੱਲ ਡਰੈੱਸ ਰਿਹਰਸਲ 24 ਜਨਵਰੀ ਨੂੰ ਹੋਵੇਗੀ।ਉਨਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 26 ਜਨਵਰੀ ਨੂੰ ਆਪਣੇ ਵਿਭਾਗ ਨਾਲ ਸਬੰਧਿਤ ਸਮੂਹ ਮੁਲਾਜ਼ਮਾਂ ਦੀ ਹਾਜ਼ਰੀ ਨੂੰ ਵੀ ਯਕੀਨੀ ਬਣਾਉਣ।ਇਸ ਮੌਕੇ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜ) ਮੈਡਮ ਇਰਵਨ ਕੌਰ, ਐੱਸਪੀ ਨਵਜੋਤ ਸਿੰਘ, ਡੀਡੀਪੀਓ ਸਤੀਸ਼ ਕੁਮਾਰ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਸ਼ਾਮ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਸੁਰਿੰਦਰਪਾਲ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ, ਤਹਿਸੀਲਦਾਰ ਰਾਜਵਿੰਦਰ ਕੌਰ, ਜਿੰਦਰਪਾਲ ਸਿੰਘ ਸੈਕਰਟਰੀ ਜ਼ਿਲ੍ਹਾ ਪਰੀਸ਼ਦ, ਰਾਜੀਵ ਸਿੰਘ ਸੈਕਟਰੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹਰਚਰਨ ਸਿੰਘ ਕੰਗ ਜ਼ਿਲ੍ਹਾ ਭੂਮੀ ਰੱਖਿਆ ਅਫਸਰ, ਪਰਸ਼ੋਤਮ ਸਿੰਘ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨਸ਼ਿਆਂ 'ਚ ਗਲਤਾਨ ਜਵਾਨੀ ਲਈ ਮੁੜ ਵਸੇਬੇ ਤੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰੇ ਸਰਕਾਰ : ਢੇਸੀ



ਫਿਲੌਰ (ਹਰਜਿੰਦਰ ਕੌਰ ਚਾਹਲ, ਨਿਰਮਲ, ਬੀ ਐੱਸ ਕੈਨੇਡੀ)

ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵਲੋਂ ਸਮੁੱਚੇ ਪੰਜਾਬ ਦੇ ਬੇਰੁਜਗਾਰ ਨੌਜਵਾਨਾਂ ਨੂੰ ਸਨਮਾਨ ਯੋਗ ਤੇ ਸਥਾਈ ਰੁਜਗਾਰ ਦੇਣ ਅਤੇ ਨਸ਼ਿਆਂ 'ਤੇ ਮੁਕੰਮਲ ਰੋਕ ਲਾਉਣ ਲਈ ਤਹਿਸੀਲ ਪ੍ਰਧਾਨ ਗੁਰਦੀਪ ਬੇਗਮਪੁਰ ਦੀ ਪ੍ਰਧਾਨਗੀ ਹੇਠ ਪੰਜਾਬ ਸਰਕਾਰ ਨੂੰ ਪੰਜਾਬ ਸਰਕਾਰ ਨੂੰ ਐਸ.ਡੀ.ਐਮ ਫਿਲੌਰ ਰਾਹੀਂ ਮੰਗ ਪੱਤਰ ਭੇਜਿਆ। ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਢੇਸੀ ਅਤੇ ਅਜੇ ਫਿਲੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮੁੱਚੇ ਬੇਰੁਜਗਾਰ ਨੌਜਵਾਨਾਂ ਨੂੰ ਉਨ੍ਹਾਂ ਦੀ ਬਣਦੀ ਯੋਗਤਾ ਅਨੁਸਾਰ ਰੁਜਗਾਰ ਦਿੱਤਾ ਜਾਵੇ,ਕੱਚੇ ਕਾਮਿਆਂ ਨੂੰ ਬਿਨਾਂ ਸ਼ਰਤ ਤੁਰੰਤ ਪੱਕਾ ਕੀਤਾ ਜਾਵੇ ਅਤੇ ਠੇਕਾ ਭਰਤੀ 'ਤੇ ਮੁਕੰਮਲ ਰੋਕ ਲਗਵਾਈ ਜਾਵੇ। ਰੁਜਗਾਰ ਨਾ ਮਿਲਣ ਤੱਕ ਹਰ ਬੇਰੁਜਗਾਰ ਨੌਜਵਾਨ ਨੂੰ ਵਰਤਮਾਨ ਦੌਰ ਦੀਆਂ ਘੱਟੋ ਘੱਟ ਲੋੜਾਂ ਅਨੁਸਾਰ ਬੇਰੁਜਗਾਰੀ ਭੱਤਾ ਪੰਜ ਹਜਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ। ਤਹਿਸੀਲ ਸਕੱਤਰ ਮੱਖਣ ਸੰਗਰਾਮੀ ਨੇ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਨਾਲ ਹਰ ਰੋਜ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ, ਪੰਜਾਬ ਸਰਕਾਰ ਨਸ਼ੇ ਰੋਕਣ ਵਿਚ ਫੇਲ੍ਹ ਸਾਬਤ ਹੋ ਰਹੀ ਹੈ। ਪਿੰਡਾਂ ਵਿੱਚ ਨਸ਼ਾ ਰੋਕਣ ਵਾਲੇ ਨੌਜਵਾਨਾਂ ਦਾ ਆਏ ਦਿਨ ਕਤਲ ਹੋ ਰਿਹਾ ਹੈ। ਪੰਜਾਬ ਦੀ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ, ਹਰ ਰੋਜ ਮਾਰ-ਧਾੜ ਦੀਆਂ ਘਟਨਾਵਾਂ 'ਚ ਅਥਾਹ ਵਾਧਾ ਹੋ ਰਿਹਾ ਹੈ। ਨਸ਼ਿਆਂ ਦੇ ਸ਼ਿਕਾਰ ਨੌਜਵਾਨਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਵਜਾਏ ਜੇਲ੍ਹ ਭੇਜ ਕੇ ਪੰਜਾਬ ਸਰਕਾਰ ਨਸ਼ੇ ਰੋਕਣ ਦਾ ਦਾਅਵਾ ਕਰ ਰਹੀ ਹੈ। ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਨੱਥ ਪਾਈ ਜਾਵੇ, ਨਸ਼ਿਆਂ 'ਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਕਰਕੇ ਉਹਨਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ। ਅਗਰ ਇਹਨਾਂ ਮੰਗਾਂ ਵੱਲ ਧਿਆਨ ਨਾਲ ਦਿੱਤਾ ਗਿਆ ਤਾਂ ਨੌਜਵਾਨਾਂ ਨੂੰ ਲਾਮਬੰਦ ਕਰ ਕੇ ਪੰਜਾਬ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਕੇਂਦਰ ਸਰਕਾਰ ਵਲੋਂ ਨਵੇਂ ਬਣਾਏ ਹਿੱਟ ਐਂਡ ਰਨ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਪ੍ਰਭਾਤ ਕਵੀ, ਪਵਿੱਤਰ ਛੋਕਰਾਂ, ਅਵਤਾਰ, ਲਖਵੀਰ, ਰਿੰਪੀ, ਸੁਨੀਲ ਭੈਣੀ, ਬਲਦੇਵ ਸਾਹਨੀ,ਸੰਦੀਪ, ਅਮਰੀਕ ਰੁੜਕਾਂ, ਮਿੰਟੂ ਸਮਰਾੜੀ, ਪੰਮਾ, ਗੌਰੀ, ਓਂਕਾਰ ਬਿਰਦੀ, ਸੋਨੂੰ ਬਿਰਦੀ, ਹਮਰਾਜ, ਗਗਨਦੀਪ, ਗੁਰਵਿੰਦਰ ਆਦਿ ਵੱਡੀ ਗਿਣਤੀ ਨੌਜਵਾਨ ਸ਼ਾਮਲ ਸਨ।

# ਸਰਪੰਚ ਸੰਦੀਪ ਕੁਮਾਰ ਕਤਲ ਮਾਮਲਾ ਇਕ ਮੁਲਜ਼ਮ ਗ੍ਰਿਫਤਾਰ

ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)- ਸੁਰੇਂਦਰ ਲਾਂਬਾ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਹੁਸ਼ਿਆਰਪੁਰ ਨੇ ਦੱਸਿਆ ਕਿ ਕੱਲ੍ਹ ਚਾਰ ਜਨਵਰੀ ਨੂੰ ਸੰਦੀਪ ਕੁਮਾਰ ਸਰਪੰਚ ਉਰਫ ਚੀਨਾ ਜੋ ਕਿ ਅੱਡਾ ਦੁਸੜਕਾ ਵਿਖੇ ਆਪਣੀ ਟਾਇਲਾਂ ਦੀ ਦੁਕਾਨ ਕਰਦਾ ਸੀ ਦੇ ਕਤਲ ਦੇ ਮਾਮਲੇ 'ਚ ਧਾਰਾ 302/34 ਭ.ਦ ਅਤੇ 25-27/54/59 ਅਸਲਾ ਐਕਟ, ਥਾਣਾ ਬੁੱਲੋਵਾਲ ਵਿਖੇ ਮੁਕੱਦਮਾ ਕੀਤਾ ਗਿਆ। ਉਕਤ ਮੁਕੱਦਮਾ ਦਰਜ ਰਜਿਸਟਰ ਹੋਣ ਉਪਰੰਤ ਤੁਰੰਤ ਕਪਤਾਨ ਪੁਲਸ ਤਫਤੀਸ਼ ਹੁਸ਼ਿ: ਦੀ ਅਗਵਾਈ ਵਿੱਚ ਮੁਕੱਦਮੇ ਦੇ ਦੋਸ਼ੀਆਨ ਨੂੰ ਗ੍ਰਿਫਤਾਰ ਕਰਨ ਲਈ ਸੀ.ਆਈ.ਏ ਅਤੇ ਲੋਕਲ ਪੁਲਸ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ, ਕਿਉਂਕਿ ਮੁਕੱਦਮਾ ਵਿੱਚ ਮੁੱਦਈ ਮੁਕੱਦਮਾ ਨੇ ਕੇਵਲ ਇੱਕ ਦੋਸ਼ੀ ਅਨੂਪ ਕੁਮਾਰ ਉਰਫ ਵਿੱਕੀ ਪੁੱਤਰ ਅਸ਼ਵਨੀ ਕੁਮਾਰ ਵਾਸੀ ਅਸਲਪੁਰ, ਦਾ ਨਾਂਅ ਹੀ ਲਿਖਿਵਾਇਆ ਸੀ, ਪਰੰਤੂ ਲੋਕਲ ਪੁਲਸ ਵੱਲੋਂ ਬਣਾਈਆ ਗਈਆਂ ਟੀਮਾਂ ਦੀ ਮੁਸ਼ੱਕਤ ਤੋਂ ਬਾਅਦ 02 ਹੋਰ ਬਾਈਨੇਮ ਦੋਸ਼ੀ ਰੋਹਿਤ ਕੁਮਾਰ ਉਰਫ ਸੂਰਜ ਪੁੱਤਰ ਗੁਰਦੀਪ ਸਿੰਘ ਵਾਸੀ ਸ਼ੇਰਪੁਰ ਗਲਿੰਡ ਅਤੇ ਮਨਪ੍ਰੀਤ ਸਿੰਘ ਉਰਫ ਮਨੀਸ਼ ਪੁੱਤਰ ਜਗਜੀਤ ਵਾਸੀ ਕਮਾਲਪੁਰ ਮੋਠਾਂਵਾਲਾ ਜ਼ਿਲ੍ਹਾ ਕਪੂਰਥਲਾ ਨੂੰ ਨਾਮਜਦ ਕੀਤਾ ਗਿਆ ਉਹਨਾਂ ਦੱਸਿਆ ਕਿ ਰੋਹਿਤ ਕੁਮਾਰ ਉਰਫ ਸੂਰਜ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬਾਕੀਆਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਦੀਆਂ ਵੱਖ-ਵੱਖ ਟੀਮਾਂ ਭੇਜੀਆਂ ਗਈਆਂ ਹਨ।ਉਨ੍ਹਾਂ ਨੂੰ ਵੀ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ।

# ਗ਼ਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਡਾ. ਜਸਵਿੰਦਰ ਤੇ ਡਾ. ਧਨਵੰਤ ਕੌਰ ਨੂੰ

ਜਲੰਧਰ (ਕੇਸਰ)

ਆਸਟ੍ਰੇਲੀਆ ਦੀ ਸਿਰਮੌਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆਫ ਆਸਟਰੇਲੀਆ (ਇਪਸਾ) ਵੱਲੋਂ ਸਾਹਿਤ ਕਲਾ ਕੇਂਦਰ ਜਲੰਧਰ ਦੇ ਸਹਿਯੋਗ ਨਾਲ ਹਰ ਸਾਲ ਦਿੱਤਾ ਜਾਣ ਵਾਲਾ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰ ਇਸ ਵਰ੍ਹੇ ਪੰਜਾਬੀ ਦੇ ਬਹੁਪੱਖੀ ਲੇਖਕ, ਆਲੋਚਕ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲ੍ਹਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਜਸਵਿੰਦਰ ਅਤੇ ਨਾਮਵਰ ਲੇਖਿਕਾ, ਆਲੋਚਕ ਅਤੇ ਕੋਸ਼ਾਕਾਰ ਡਾ. ਧਨਵੰਤ ਕੌਰ ਦੀ ਜੋੜੀ ਨੂੰ ਦਿੱਤਾ ਜਾਵੇਗਾ। ਡਾਕਟਰ ਜਸਵਿੰਦਰ ਅਤੇ ਧਨਵੰਤ ਦੀ ਜ਼ਹੀਨ, ਗੁਣਵੰਤੀ, ਅਤੇ ਦਾਨਿਸ਼ਮੰਦ ਜੋੜੀ ਨੇ ਵਿਦਿਆਰਥੀ ਜੀਵਨ ਤੋਂ ਹੀ ਲੋਕ ਹਿਤੈਸ਼ੀ ਧਿਰਾਂ ਨਾਲ ਖੜਦਿਆਂ ਮਾਨਵੀ ਸਰੋਕਾਰਾਂ ਨੂੰ ਆਪਣੇ ਚਿੰਤਨ ਅਤੇ ਅਧਿਐਨ ਦਾ ਕੇਂਦਰ ਬਣਾਇਆ ਹੋਇਆ ਹੈ। ਇੱਕ ਅਧਿਆਪਕ ਵਜੋਂ ਉਨ੍ਹਾਂ ਨੇ ਆਪਣੀ ਨੌਕਰੀ ਨੂੰ ਆਪਣੇ ਜੀਵਨ ਨਿਰਬਾਹ ਤੀਕ ਸੀਮਿਤ ਨਾ ਕਰਦਿਆਂ, ਸੇਵਾ ਮੁਕਤੀ ਤਕ ਇਸ ਕਿੱਤੇ ਨੂੰ ਇਕ ਮਿਸ਼ਨ ਵਜੋਂ ਅਪਣਾਈ ਰੱਖਿਆ। ਉਨ੍ਹਾਂ ਨੇ ਸ਼ਬਦ ਅਤੇ ਵਿਚਾਰ ਦੀ ਸੁੱਚਤਾ ਅਤੇ ਸਦੀਵਤਾ ਨੂੰ ਕਾਇਮ ਰੱਖਦਿਆਂ ਆਪਣੇ ਵਿਦਿਆਰਥੀਆਂ ਨੂੰ ਲੋਕ ਸਿਰਜਣਾ ਅਤੇ ਵਿਚਾਰਸ਼ੀਲਤਾ ਨਾਲ ਜੋੜਿਆ ਹੈ। ਡਾ. ਜਸਵਿੰਦਰ ਅਤੇ ਡਾ. ਧਨਵੰਤ ਦੀ ਜੋੜੀ ਨੇ ਆਪਣੇ ਗੁਰੂ ਡਾ. ਰਵਿੰਦਰ ਰਵੀ ਦੀ ਸ਼ਹਾਦਤ ਤੋਂ ਬਾਅਦ ਉਸਦੀ ਵਿਚਾਰਧਾਰਿਕ ਵਿਰਾਸਤ ਨੂੰ ਸਾਂਭਣ ਲਈ ਸੰਜੀਦਾ ਯਤਨ ਕੀਤੇ ਹਨ। ਉਨ੍ਹਾਂ ਵੱਲੋਂ ਅਦਾਰੇ ਅੰਦਰ ਅਤੇ ਸਮਾਜਿਕ ਮਸਲਿਆਂ ਵਿਚ ਜਾਗਦਿਆਂ ਸਿਰਾਂ ਅਤੇ ਜੂਝਦੀਆਂ ਧਿਰਾਂ ਨਾਲ ਖੜਦਿਆਂ ਸਮਾਜਿਕ ਸਰੋਕਾਰਾਂ ਪ੍ਰਤੀ ਆਪਣੀ ਭਰੋਸੇਯੋਗਤਾ ਸਦਾ ਹੀ ਕਾਇਮ ਰੱਖੀ ਹੈ। ਦੋਵਾਂ ਵੱਲੋਂ ਕੀਤੀਆਂ ਗਈਆਂ ਅਧਿਆਪਨ ਸੇਵਾਵਾਂ, ਖੋਜ ਅਤੇ ਸਿਰਜਣਾ ਕਾਰਜ, ਇਕ ਨਿਗਰਾਨ ਵਜੋਂ ਨਿਭਾਈ ਗਈ ਭੂਮਿਕਾ ਅਤੇ ਆਲੋਚਨਾ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਨੂੰ ਪਾਏਦਾਰ ਅਤੇ ਜ਼ਿਕਰਯੋਗ ਕਿਹਾ ਜਾ ਸਕਦਾ ਹੈ। ਇਪਸਾ ਡਾਕਟਰ ਜਸਵਿੰਦਰ ਅਤੇ ਡਾ. ਧਨਵੰਤ ਕੌਰ ਦਾ ਨਾਮ ਸਾਲ 2024 ਦੇ ਗਦਰੀ ਭਾਈ ਸੰਤੋਖ ਸਿੰਘ ਧਰਦਿਓ ਪੁਰਸਕਾਰਾਂ ਲਈ ਨਾਮਜ਼ਦ ਕਰਦੀ ਹੋਈ ਬਹੁਤ ਮਾਣ ਮਹਿਸੂਸ ਕਰਦੀ ਹੈ।ਸਾਹਿਤ ਕਲਾ ਕੇਂਦਰ ਜਲੰਧਰ ਦੀ ਦੇਖ ਰੇਖ ਤਹਿਤ ਦਿੱਤਾ ਜਾਣ ਵਾਲਾ ਇਹ ਵੱਕਾਰੀ ਪੁਰਸਕਾਰ ਗ਼ਦਰੀ ਬਾਬਿਆਂ ਦੀ ਇਨਕਲਾਬੀ ਸੋਚ ਅਤੇ ਦੇਸ਼ ਪ੍ਰਤੀ ਕੁਰਬਾਨੀ ਦੀ ਅਡੋਲ ਭਾਵਨਾ ਨੂੰ ਸਮਰਪਿਤ ਹੈ। ਇਸ ਪੁਰਸਕਾਰ ਲਈ ਰੱਖੀ ਗਈ ਚੋਣ ਕਸੌਟੀ ਹੀ ਨਹੀਂ, ਇਸ ਦਾ ਨਾਂਅ ਵੀ ਇਸ ਦੀ ਹੋਰਨਾਂ ਪੁਰਸਕਾਰਾਂ ਦੀ ਕਤਾਰ ਵਿੱਚੋਂ ਅਲੱਗ ਹੋਂਦ ਨੂੰ ਤਸਦੀਕ ਕਰਦਾ ਹੈ। ਇਸ ਐਵਾਰਡ ਵਿਚ ਦੋਵਾਂ ਹਸਤੀਆਂ ਨੂੰ ਦੋ ਦੁਸ਼ਾਲੇ, ਦੋ ਸੋਵੀਨਾਰ ਅਤੇ ਦੋਵਾਂ ਨੂੰ 21-21 ਹਜ਼ਾਰ ਰੁਪੈ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਪੁਰਸਕਾਰ ਸਮਰੱਥ ਗ਼ਜ਼ਲਗੋ ਪ੍ਰੋ. ਜਸਪਾਲ ਘਈ, ਦੂਰਦਰਸ਼ਨ ਦੀ ਸਾਬਕਾ ਡਾਇਰੈਕਟਰ ਕੁਲਵਿੰਦਰ ਬੁੱਟਰ, ਨਾਮਵਰ ਆਲੋਚਕ ਅਤੇ ਚਿੰਤਕ ਡਾ. ਭੀਮਇੰਦਰ ਸਿੰਘ, ਗੁਰਮਤਿ ਸੰਗੀਤ ਮਾਹਰ ਡਾ. ਨਿਵੇਦਿਤਾ ਸਿੰਘ ਜੀ, ਪੱਤਰਕਾਰ ਅਤੇ ਵਾਰਤਾਕਾਰ ਕਮਲ ਦੁਸਾਂਝ, ਪੱਤਰਕਾਰ/ਗ਼ਜ਼ਲਕਾਰ ਅਤੇ ਮੈਗਜ਼ੀਨ ਹੁਣ ਦੇ ਸੰਪਾਦਕ ਸ਼ੁਸ਼ੀਲ ਦੁਸਾਂਝ ਨੂੰ ਦਿੱਤਾ ਜਾ ਚੁੱਕਾ ਹੈ। ਇਹ ਸਨਮਾਨ ਸਮਾਰੋਹ ਮਿਤੀ 21 ਜਨਵਰੀ, ਦਿਨ ਐਤਵਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਯੋਜਿਤ ਹੋਵੇਗਾ। ਇਸ ਵਿਚ ਪੁਰਸਕ੍ਰਿਤ ਸ਼ਖ਼ਸੀਅਤਾਂ ਦੇ ਯੋਗਦਾਨ ਅਤੇ ਜੀਵਨ ਸਫ਼ਰ ਬਾਰੇ ਬੋਲਣ ਵਾਲੇ ਬੁਲਾਰਿਆਂ ਤੋਂ ਇਲਾਵਾ ਬਹੁਤ ਸਾਰੀਆਂ ਹੋਰ ਨਾਮਵਰ ਹਸਤੀਆਂ ਆਪਣੇ ਵਿਚਾਰ ਰੱਖਣਗੀਆਂ ਅਤੇ ਹਾਜ਼ਰੀਨ ਕਵੀਆਂ ਵੱਲੋਂ ਕਵਿਤਾ ਪਾਠ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।





# ਦਿਆਲਪੁਰ ਵਿਖੇ ਨਗਰ ਕੀਰਤਨ ਸਜਾਇਆ



ਕਰਤਾਰਪੁਰ (ਹਰਮੇਸ਼ ਦੱਤ)-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਕਰਤਾਰਪੁਰ ਦੇ ਨਜਦੀਕੀ ਪਿੰਡ ਦਿਆਲਪੁਰ ਗੁਰੂਦੁਆਰਾ ਸਾਹਿਬ ਸਿੰਘ ਸਭਾ ਪ੍ਰਬੰਧਕ ਕਮੇਟੀ, ਪਿੰਡ ਵਾਸੀਆਂ ਦੇ ਸਹਿਯੋਗ ਅਤੇ ਪੰਜ ਪਿਆਰਿਆਂ ਜੀ ਦੀ ਅਗਵਾਈ ਹੇਠ ਸਜਾਇਆ ਗਿਆ। ਪਿੰਡ ਵਾਸੀਆਂ ਵੱਲੋਂ ਬੈਂਡ ਵਾਜਿਆਂ ਤੇ ਫੁੱਲਾਂ ਦੀ ਵਰਖਾ ਨਾਲ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ ਅਤੇ ਗੱਤਕਾ ਪਾਰਟੀ ਦੇ ਜਵਾਨਾਂ ਨੇ ਜੌਹਰ ਦਿਖਾਏ। ਨਗਰ ਕੀਰਤਨ ਪੂਰੇ ਪਿੰਡ ਦੀ ਪਰਿਕ੍ਰਮਾ ਕਰਦੇ ਹੋਏ ਵਾਪਿਸ ਗੁਰਦੁਆਰਾ ਸਾਹਿਬ ਸਿੰਘ ਸਭਾ ਪਹੁੰਚਿਆ। ਅਤੁੱਟ ਲੰਗਰ ਵਰਤਾਇਆ ਗਿਆ।

# ਵਿਜੇ ਰੂਪਾਨੀ ਦਾ ਭਾਜਪਾ ਆਗੂਆਂ ਵੱਲੋਂ ਨਿੱਘਾ ਸਵਾਗਤ

ਜਲੰਧਰ, (ਸ਼ੈਲੀ ਐਲਬਰਟ)- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਾਰੇ ਮੋਰਚਿਆਂ ਦੀ ਸੰਯੁਕਤ ਮੀਟਿੰਗ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ। ਜਿਸ ਵਿੱਚ ਭਾਜਪਾ ਪੰਜਾਬ ਦੇ ਸਮੂਹ ਮੋਰਚਿਆਂ ਦੇ ਪ੍ਰਭਾਰੀਆਂ, ਸਹਿ-ਪ੍ਰਭਾਰੀਆਂ, ਮੋਰਚਿਆਂ ਦੇ ਪ੍ਰਧਾਨਾਂ ਅਤੇ ਉਨ੍ਹਾਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਪੰਜਾਬ ਦੇ ਸੂਬਾ ਪ੍ਰਭਾਰੀ ਵਿਜੇ ਰੂਪਾਨੀ ਅਤੇ ਭਾਜਪਾ ਦੇ ਕੌਮੀ ਸਕੱਤਰ ਤੇ ਭਾਜਪਾ ਪੰਜਾਬ ਦੇ ਸਹਿ-ਪ੍ਰਭਾਰੀ ਡਾ: ਨਰਿੰਦਰ ਸਿੰਘ ਰੈਨਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ ਨੇ ਆਪਣੇ ਅਹੁਦੇਦਾਰਾਂ ਨਾਲ ਸਾਰੇ ਆਗੂਆਂ ਦਾ ਦੁਸ਼ਾਲਾ ਦੇ ਕੇ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮਨੋਰੰਜਨ ਕਾਲੀਆ, ਸੰਜੀਵ ਖੰਨਾ, ਅਮਰ ਸਿੰਘ ਅਮਰੀ ਆਦਿ ਵੀ ਹਾਜ਼ਰ ਸਨ।



# ਲੰਬਿਤ ਇੰਤਕਾਲਾਂ ਦੇ ਨਿਪਟਾਰੇ ਲਈ ਵਿਸ਼ੇਸ਼ ਕੈਂਪ ਅੱਜ



ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਲੰਬਿਤ ਇੰਤਕਾਲਾਂ ਦੇ ਨਿਪਟਾਰੇ ਲਈ ਪ੍ਰਸ਼ਾਸਨ ਵੱਲੋਂ ਕੱਲ 6 ਜਨਵਰੀ ਦਿਨ ਸ਼ਨੀਵਾਰ ਨੂੰ ਜ਼ਿਲ੍ਹੇ ਦੀਆਂ ਤਹਿਸੀਲਾਂ ਅਤੇ ਸਬ ਤਹਿਸੀਲਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਅਤੇ ਲੋਕਹਿੱਤ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਤਹਿਸੀਲ ਦਫਤਰ ਸ਼ਾਹਕੋਟ, ਜਲੰਧਰ-1, ਜਲੰਧਰ-2, ਨਕੋਦਰ, ਫਿਲੌਰ ਅਤੇ ਆਦਮਪੁਰ ਤੋਂ ਇਲਾਵਾ ਸਬ ਤਹਿਸੀਲ ਦਫਤਰ ਲੋਹੀਆਂ, ਮਹਿਤਪੁਰ, ਨੂਰਮਹਿਲ, ਕਰਤਾਰਪੁਰ ਅਤੇ ਭੋਗਪੁਰ ਵਿਖੇ ਇਹ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਸਾਰੰਗਲ ਨੇ ਅੱਗੇ ਦੱਸਿਆ ਕਿ ਮਾਲ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਇਨ੍ਹਾਂ ਕੈਂਪਾਂ ਵਿੱਚ ਮੌਜੂਦ ਰਹਿਣਗੇ ਅਤੇ ਲੋਕਾਂ ਦੇ ਜਾਇਦਾਦਾਂ ਸਬੰਧੀ ਲੰਬਿਤ ਪਏ ਇੰਤਕਾਲ ਦਰਜ ਕਰਨਗੇ। ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੂੰ ਕੈਂਪਾਂ ਵਿੱਚ ਆਉਣ ਵਾਲੇ ਲੋਕਾਂ ਦੀ ਸੁਵਿਧਾ ਨੂੰ ਯਕੀਨੀ ਬਣਾਉਣ ਸਬੰਧੀ ਪਹਿਲਾਂ ਹੀ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲੱਗਣ ਵਾਲੇ ਇਨ੍ਹਾਂ ਕੈਂਪਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਜਾਇਦਾਦਾਂ ਦੀ ਰਜਿਸਟਰੀ ਉਪਰੰਤ ਇੰਤਕਾਲ ਪੈਂਡਿੰਗ ਹਨ, ਉਹ ਇਨ੍ਹਾਂ ਕੈਂਪਾਂ ਵਿੱਚ ਸਮੇਂ ਸਿਰ ਪੁੱਜ ਕੇ ਸੁਵਿਧਾ ਦਾ ਲਾਭ ਲੈ ਸਕਦੇ ਹਨ।

# ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਲਈ 29.14 ਕਰੋੜ ਰੁਪਏ ਦੀ ਰਾਸ਼ੀ ਜਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿਥੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵੀ ਲਗਾਤਾਰ ਕਾਰਜਸ਼ੀਲ ਹੈ। ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਲਈ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਵਰ੍ਹੇ ਦੇ ਬਜਟ ਵਿਚੋਂ 29.14 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਰਾਸ਼ੀ ਦੇ ਰਲੀਜ਼ ਹੋਣ ਨਾਲ ਅਨੁਸੂਚਿਤ ਜਾਤੀਆਂ ਦੇ ਮਾਰਚ 2023 ਦੇ 5715 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ 5715 ਲਾਭਪਾਤਰੀਆਂ ਨੂੰ ਜਿਲਾ ਪੱਧਰੀ ਕਮੇਟੀ ਤੋਂ ਪ੍ਰਵਾਨ, ਸਮੂਹ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਫਸਰ ਤੋਂ ਪ੍ਰਾਪਤ ਸ਼ਿਫਾਰਸ਼ਾਂ ਅਨੁਸਾਰ ਸਾਲ 2023-24 ਦੇ ਬਜਟ ਵਿੱਚੋਂ ਰਾਸ਼ੀ ਜਾਰੀ ਕੀਤੀ ਗਈ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਵਾਰ ਦੀ ਸਾਰੇ ਸਾਧਨਾਂ ਤੋਂ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ, ਅਜਿਹੇ ਪਰਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਦੇਣ ਦੇ ਯੋਗ ਹਨ।ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਰਾਮਦਾਸਪੁਰਾ 'ਚ ਕਾਪੀਆਂ ਤੇ ਕਿਤਾਬਾਂ ਵੰਡੀਆਂ

ਫਿਲੌਰ (ਨਿਰਮਲ)-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਯੂਨਿਟ ਰਵਿਦਾਸਪੁਰਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਨੂੰ ਕਾਪੀਆਂ ਤੇ ਕਿਤਾਬਾਂ ਵੰਡੀਆਂ ਗਈਆਂ। ਇਸ ਮੌਕੇ ਸਭਾ ਦੇ ਪ੍ਰਧਾਨ ਮਨਜਿੰਦਰ ਸਿੰਘ ਢੇਸੀ, ਸ਼ਮਸ਼ੇਰ ਸਿੰਘ ਬਟਾਲਾ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸੰਬੋਧਨ ਕਰਦੇ ਹੋਏ ਸਭਾ ਦੇ ਜ਼ਿਲ੍ਹਾ ਸਕੱਤਰ ਅਜੈ ਫਿਲੌਰ, ਤਹਿਸੀਲ ਪ੍ਰਧਾਨ ਗੁਰਦੀਪ ਗੋਗੀ ਨੇ ਕਿਹਾ ਕਿ ਸਰਕਾਰੀ ਸਕੂਲਾਂ 'ਚ ਪੜ੍ਹਦੇ ਬੱਚਿਆਂ ਨੂੰ ਕਾਪੀਆਂ, ਕਿਤਾਬਾਂ, ਸਟੇਸ਼ਨਰੀ, ਵਰਦੀਆਂ ਜਾਂ ਹੋਰ ਲੋੜ ਵਾਲਾ ਸਾਮਾਨ ਮੁਹੱਈਆ ਕਰਾਉਣਾ ਸਮੇਂ ਦੀ ਜਰੂਰਤ ਹੈ ਕਿਉਂਕਿ ਇਸ ਨਾਲ ਸਰਕਾਰੀ ਸਕੂਲਾਂ 'ਚ ਪੜ੍ਹਦੇ ਬੱਚਿਆਂ ਦੇ ਮਨਾਂ 'ਚ ਹੀਣਭਾਵਨਾ ਪੈਦਾ ਨਹੀਂ ਹੁੰਦੀ। ਇਸ ਮੌਕੇ ਸਭਾ ਦੇ ਤਹਿਸੀਲ ਸਕੱਤਰ ਮੱਖਣ ਸੰਗਰਾਮੀ, ਸਨੀ ਜੱਸਲ, ਮਨਜੀਤ ਸੂਰਜਾ, ਪਰਭਾਤ ਕਵੀ, ਸੰਦੀਪ ਸਿੰਘ, ਬਲਦੇਵ ਸਿੰਘ ਪ੍ਰਿੰਸੀਪਲ ਸੰਜੀਵ ਕੁਮਾਰ, ਜਗਦੀਪ ਸਿੰਘ, ਸੰਤੋਸ਼ ਕੁਮਾਰੀ, ਪੂਨਮ,ਭਗਵਾਨ ਦਾਸ, ਕਾਜੋਲ,ਮੋਨਿਕਾ, ਹਾਜ਼ਰ ਸਨ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਨੇ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਦਾ ਬੱਚਿਆਂ ਦੀ ਸਹਾਇਤਾ ਕਰਨ ਲਈ ਧੰਨਵਾਦ ਕੀਤਾ।



# ਚੋਰਾਂ ਤੋਂ ਪ੍ਰੇਸ਼ਾਨ ਨੇ ਕਿਸਾਨ

ਨੂਰਮਹਿਲ (ਬਾਲੀ)- ਨਿਰਮਲ ਸਿੰਘ ਪੁੱਤਰ ਮਹਿੰਗਾ ਸਿੰਘ ਵਾਸੀ ਪਿੰਡ ਭੰਡਾਲ ਹਿੰਮਤ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਨੇ ਥਾਣਾ ਨੂਰਮਹਿਲ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ ਕਿ ਪਿੰਡ ਭੰਡਾਲ ਹਿੰਮਤ ਤੇ ਭੰਗਾਲਾ ਰੋਡ ਦੇ ਨੇੜੇ ਮੋਟਰ ਖੇਤਾਂ ਵਿੱਚ ਲੱਗੀ ਹੈ, ਜਿਸ ਦੀਆਂ ਤਾਰਾਂ 'ਤੇ ਸਟਾਟਰ ਚੋਰੀ ਕਰ ਲਿਆ ਹੈ।ਨਾਲ ਲੱਗਦੇ ਖੇਤਾਂ ਵਿੱਚੋਂ ਮੋਟਰਾਂ, ਤਾਰਾਂ ਤੇ ਸਟਾਟਰ ਚੋਰੀ ਕੀਤੇ ਗਏ ਹਨ। ਇਲਾਕੇ ਵਿੱਚ ਕਿਸਾਨਾਂ ਨੂੰ ਚੋਰਾਂ ਨੇ ਬਹੁਤ ਤੰਗ ਪ੍ਰੇਸ਼ਾਨ ਕੀਤਾ ਹੋਇਆ ਹੈ। ਫਸਲ ਨੂੰ ਵੀ ਪਾਣੀ ਲਗਾਉਣ ਦੀ ਬਹੁਤ ਦਿਕਤ ਆ ਰਹੀ ਹੈ।ਪੁਲਸ ਪ੍ਰਸ਼ਾਸਨ ਵੱਲੋਂ ਚੋਰਾਂ ਦੀ ਭਾਲ ਕੀਤੀ ਜਾਵੇ ਅਤੇ ਬਣਦੀ ਕਾਰਵਾਈ ਕੀਤੀ ਜਾਵੇ।

# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਉਤਸਵ ਸੰਬੰਧੀ ਤਿਆਰੀਆਂ ਸ਼ੁਰੂ



ਫਿਲੌਰ (ਨਿਰਮਲ)- ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਫਿਲੌਰ ਦੀਆਂ ਸਮੂਹ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਸ਼ਹਿਰ ਵਿੱਚ ਪੁੱਜ ਕੇ ਪ੍ਰਕਾਸ਼ ਦਿਹਾੜੇ ਅਤੇ ਨਗਰ ਕੀਰਤਨ ਸਬੰਧੀ ਸਮੂਹ ਨਗਰ ਨਿਵਾਸੀਆਂ ਨੂੰ ਇਸ ਸੰਬੰਧ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਨਗਰ ਕੀਰਤਨ 23 ਫਰਵਰੀ ਨੂੰ ਕੱਢਿਆ ਜਾਵੇਗਾ ਅਤੇ ਗੁਰਪੁਰਬ 24 ਫਰਵਰੀ ਨੂੰ ਮਨਾਇਆ ਜਾਵੇਗਾ। ਇਸ ਮੌਕੇ 'ਤੇ ਸਰਬਸ੍ਰੀ ਤਾਰਾ ਚੰਦ ਜਖੂ, ਰਾਜ ਕੁਮਾਰ, ਚਮਨ ਲਾਲ, ਮਨੋਜ ਕੁਮਾਰ, ਦਵਿੰਦਰ ਕੁਮਾਰ, ਹਰੀ ਸਿੰਘ, ਜਤਿੰਦਰ ਕੁਮਾਰ, ਹਰਬੰਸ ਲਾਲ, ਕੁਲਦੀਪ ਕੁਮਾਰ, ਬਲਜੀਤ ਸਿੰਘ, ਰਾਜ ਕੁਮਾਰ ਅਤੇ ਹੋਰ ਹਾਜਰ ਸਨ।

# ਔਰਤ ਦੀਆਂ ਵਾਲੀਆਂ ਲਾਹ ਕੇ ਮੋਟਰਸਾਈਕਲ ਸਵਾਰ ਫਰਾਰ



ਬਹਿਰਾਮ (ਅਵਤਾਰ ਕਲੇਰ) ਬੰਗਾ ਹਲਕੇ ਦੇ ਪਿੰਡ ਕੁਲਥਮ ਵਿਖੇ ਦੋ ਮੋਟਰ-ਸਾਈਕਲ ਸਵਾਰਾਂ ਵੱਲੋਂ ਇੱਕ ਔਰਤ ਦੀਆਂ ਵਾਲੀਆਂ ਲਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਕੁਲਵਿੰਦਰ ਕੌਰ ਪਤਨੀ ਕਸ਼ਮੀਰ ਸਿੰਘ ਵਾਸੀ ਪਿੰਡ ਕੁਲਥਮ ਨੇ ਦੱਸਿਆ ਕਿ ਜਦ ਉਹ ਆਪਣੇ ਘਰ ਤੋਂ ਹਵੇਲੀ ਨੂੰ ਜਾ ਰਹੀ ਸੀ ਤਾਂ ਤਾਂ ਦੋ ਨੌਜਵਾਨ ਮੋਟਰਸਾਈਕਲ ਸਵਾਰ ਉਸ ਕੋਲ ਆ ਕੇ ਰਸਤਾ ਪੁੱਛਣ ਲੱਗੇ, ਜਿਨ੍ਹਾਂ ਵਿੱਚ ਇੱਕ ਦੇ ਨੀਲੀ ਜਰਸੀ ਤੇ ਦੂਜੇ ਨੇ ਲਾਲ ਜਰਸੀ ਪਾਈ ਹੋਈ ਸੀ ਤੇ ਮੈਂ ਜਦ ਉਹਨਾਂ ਨੂੰ ਰਸਤਾ ਦੱਸਣ ਲੱਗੀ ਤਾਂ ਉਹਨਾਂ ਮੇਰੀਆਂ ਵਾਲੀਆਂ ਝਪਟ ਲਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ।ਪੁਲਸ ਚੌਂਕੀ ਮੇਹਲੀ ਵਿਖੇ ਇਸ ਵਾਰਦਾਤ ਸੰਬੰਧੀ ਜਾਣਕਾਰੀ ਦੇ ਦਿੱਤੀ ਗਈ ਹੈ।

# ਹਿਟ ਐਂਡ ਰਨ ਕਾਨੂੰਨ ਰੱਦ ਕਰਵਾਉਣ ਲਈ ਡਰਾਈਵਰਾਂ ਦੀ ਲਾਮਬੰਦੀ ਸ਼ੁਰੂ : ਢੇਰ

ਸ੍ਰੀ ਆਨੰਦਪੁਰ ਸਾਹਿਬ(ਅਰਵਿੰਦਰ ਬਿੰਦੀ)

ਮੋਦੀ ਸਰਕਾਰ ਵੱਲੋਂ ਪਾਸ ਕੀਤੇ ਨਵੇਂ ਅਪਰਾਧਕ ਕਾਨੂੰਨ ਹਿਟ ਐਂਡ ਰਨ ਖਿਲਾਫ ਹੁਣ ਲਾਮਬੰਦੀ ਸ਼ੁਰੂ ਕਰ ਦਿੱਤੀ ਗਈ ਹੈ। ਆਲ ਇੰਡੀਆ ਰੋਡ ਟ੍ਰਾਂਸਪੋਰਟ ਵਰਕਰਜ਼ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਵੱਖ-ਵੱਖ ਸਕੂਲੀ ਬੱਸਾਂ ਦੇ ਡਰਾਈਵਰਾਂ ਨਾਲ ਰਾਬਤਾ ਕਾਇਮ ਕਰਕੇ 11 ਜਨਵਰੀ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਡਰਾਈਵਰਾਂ ਦਾ ਭਾਰੀ ਇਕੱਠ ਕਰਕੇ ਮੋਦੀ ਸਰਕਾਰ ਦੀ ਅਰਥੀ ਫੂਕਣ ਦਾ ਐਲਾਨ ਕੀਤਾ ਹੈ। ਉਹਨਾਂ ਨੇ ਦੱਸਿਆ ਕਿ ਇਸ ਨਵੇਂ ਪਾਸ ਕਾਨੂੰਨ ਕਾਨੂੰਨ ਦੇ ਖਿਲਾਫ ਡਰਾਈਵਰ ਲੋਕਾਂ ਵਿੱਚ ਹਾਹਾਕਾਰ ਮੱਚ ਗਈ ਹੈ ਬੱਚਾ ਬੱਚਾ ਇਸ ਦਾ ਵਿਰੋਧ ਕਰ ਰਿਹਾ ਹੈ।ਉਹਨਾਂ ਨੇ ਕਿਹਾ ਕਿ ਬੇਸ਼ੱਕ ਦੀ ਮੋਦੀ ਸਰਕਾਰ ਨੇ ਅਜੇ ਲਾਗੂ ਨਾ ਕਰਨ ਦਾ ਵਾਇਦਾ ਕੀਤਾ ਪਰ ਆਲ ਇੰਡੀਆ ਰੋਡ ਟਰਾਂਸਪੋਰਟ ਵਰਕਰਜ ਫੈਡਰੇਸ਼ਨ ਨੇ ਇਹ ਫੈਸਲਾ ਕੀਤਾ ਹੈ ਕਿ ਇਸ ਕਾਨੂੰਨ ਨੂੰ ਰੱਦ ਕਰਕੇ ਹੀ ਪਿੱਛੇ ਹੱਟਿਆ ਜਾਵੇਗਾ। ਕਾਮਰੇਡ ਢੇਰ ਨੇ ਮਾਊਂਟ ਕਾਰਮਲ ਸਕੂਲ ,ਸੈਂਟ ਮੈਰੀ ਸਕੂਲ, ਰੈਨਸੰਨ ਸਕੂਲ ਵਿੱਚ ਡਰਾਈਵਰਾਂ ਦੀਆਂ ਮੀਟਿੰਗਾਂ ਕਰਵਾਈਆਂ ਇਸ ਕਾਨੂੰਨ ਬਾਰੇ ਵਿਸਤਾਰ ਨਾਲ ਦੱਸਿਆ। ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਇਹ ਕਾਨੂੰਨ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਲੋਕ ਸਭਾ ਵਿੱਚ ਉਦੋਂ ਪਾਸ ਕੀਤਾ ਜਦੋਂ 150 ਦੇ ਕਰੀਬ ਲੋਕ ਸਭਾ ਮੈਂਬਰਾਂ ਨੂੰ ਲੋਕ ਸਭਾ ਵਿੱਚੋਂ ਬਾਹਰ ਕੱਢ ਦਿੱਤਾ ਸੀ। ਇਸ ਲਈ ਇਹ ਕਾਨੂੰਨ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਹੈ ਕਿਉਂਕਿ ਭਾਰਤ ਦੀਆਂ ਸੜਕਾਂ ਸਹੀ ਨਹੀਂ ਹਨ ਡਰਾਈਵਰਾਂ 'ਤੇ ਕੰਮ ਦਾ ਬੋਝ ਹੁੰਦਾ ਹੈ। ਸੜਕਾਂ 'ਤੇ ਅਵਾਰਾ ਪਸ਼ੂ ਹਾਦਸਿਆਂ ਦਾ ਮੁੱਖ ਕਾਰਨ ਬਣਦੇ ਹਨ। ਪਰ ਸਰਕਾਰ ਕੇਂਦਰ ਸਰਕਾਰ ਵੱਲੋਂ ਸਾਵਧਾਨੀਆਂ ਵੱਲ ਧਿਆਨ ਨਾ ਦਿੰਦੇ ਹੋਏ ਡਰਾਈਵਰਾਂ ਨੂੰ ਹੀ ਮੁੱਖ ਤੌਰ 'ਤੇ ਦੋਸ਼ੀ ਮੰਨਿਆ ਜਾ ਰਿਹਾ ਹੈ ਜੋ ਕਿ ਸਰਾਸਰ ਗਲਤ ਹੈ। ਇਸ ਲਈ ਇਸ ਕਾਨੂੰਨ ਨੂੰ ਜਦੋਂ ਤੱਕ ਰੱਦ ਨਹੀਂ ਕੀਤਾ ਜਾਂਦਾ ਉਦੋਂ ਤੱਕ ਡੱਟ ਕੇ ਵਿਰੋਧ ਕੀਤਾ ਜਾਵੇਗਾ।ਇਸ ਕਾਨੂੰਨ ਦੇ ਖਿਲਾਫ ਇਲਾਕੇ ਦੇ ਅੰਦਰ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ।ਇਸ ਮੌਕੇ 'ਤੇ ਦਾਰਾ, ਰਾਮ ਕਰਨ, ਜਸਵੀਰ ਸਿੰਘ ,ਸ਼ਿਵ ਕੁਮਾਰ, ਕੁਲਦੀਪ ਸਿੰਘ, ਅਵਤਾਰ ਸਿੰਘ, ਜਸਪਾਲ ਸਿੰਘ, ਰਾਮ ਮੂਰਤੀ, ਬਲਕਾਰ ਸਿੰਘ,ਸੁਨੀਲ, ਮੋਨੂ, ਸੰਤ ਕਾਬਲ ਸਿੰਘ ਨਿਰੋਤੀ,ਭਜਨ ਸਿੰਘ, ਲਖਵੀਰ ਸਿੰਘ ਲੱਖਾ, ਦਾਨੂ, ਸੁਖਵਿੰਦਰ ਸਿੰਘ,ਬਲਵੀਰ ਸਿੰਘ ਅਟਵਾਲ, ਜੋਗਿੰਦਰ ਸਿੰਘ ਸਮੇਤ ਹੋਰ ਡਰਾਈਵਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਜਾਗਰੂਕਤਾ ਕੈਂਪ ਦਾ ਆਯੋਜਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸਰਕਾਰੀ ਆਈ ਟੀ ਆਈ ਹੁਸ਼ਿਆਰਪੁਰ ਵਿਖੇ ਕਾਰਜਕਾਰੀ ਪ੍ਰਿੰਸੀਪਲ ਗੁਰਨਾਮ ਸਿੰਘ ਦੀ ਅਗਵਾਈ 'ਚ ਅਸ਼ਵਨੀ ਕੁਮਾਰ ਟ੍ਰੇਨਿੰਗ ਅਫ਼ਸਰ ਕਮ ਪਲੇਸਮੈਂਟ ਇੰਚਾਰਜ ਅਤੇ ਜਗਦੀਪ ਸਿੰਘ ਪਲੇਸਮੈਂਟ ਅਫ਼ਸਰ ਵਲੋਂ ਕਿੱਤਾ ਮੁਖੀ ਸਿਖਲਾਈ ਕੋਰਸ ਪਾਸ ਕਰ ਚੁੱਕੇ ਸ਼ਿਖਿਆਰਥੀਆਂ ਨੂੰ ਸਵੈ-ਰੁਜ਼ਗਾਰ ਸ਼ੁਰੂ ਕਰਨ ਲਈ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਰੁਜ਼ਗਾਰ ਉਤਪਤੀ ਸਕੀਮਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਪ੍ਰਧਾਨ ਮੰਤਰੀ ਰੁਜ਼ਗਾਰ ਉਤਪਤੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾਂ ਉਦਯੋਗ ਕੇਂਦਰ ਹੁਸ਼ਿਆਰਪੁਰ ਤੋਂ ਪਹੁੰਚੇ ਸ਼੍ਰੀਮਤੀ ਪੂਜਾ, ਅਭਿਸ਼ੇਕ ਅਤੇ ਪਵਨ ਕੁਮਾਰ ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਆਪਣਾ ਰੁਜ਼ਗਾਰ ਸ਼ੁਰੂ ਕਰਨ ਲਈ ਦਿੱਤੇ ਜਾ ਕਰਜੇ ਪ੍ਰਾਪਤ ਕਰਨ ਲਈ ਜਾਣਕਾਰੀ ਦਿੱਤੀ। ਟ੍ਰੇਨਿੰਗ ਅਫਸਰ ਗੁਰਦੇਵ ਸਿੰਘ, ਸਤਪਾਲ ਸਿੰਘ, ਬਲਰਾਜ ਸਿੰਘ, ਹੰਸ ਰਾਜ ਤੋਂ ਇਲਾਵਾ ਸੰਸਥਾ ਦੇ ਸਟਾਫ ਮੈਂਬਰ ਅਤੇ ਸ਼ਿਖਿਆਰਥੀ ਹਾਜ਼ਰ ਸਨ।

# ਜਿੰਦਰਪਾਲ ਸਿੰਘ ਨੂੰ ਸਦਮਾ-ਪਿਤਾ ਦਾ ਦੇਹਾਂਤ



ਸ਼ਾਹਕੋਟ (ਗਿਆਨ ਸੈਦਪੁਰੀ) ਪਾਲ ਫਿਲਿੰਗ ਸਟੇਸ਼ਨ ਸ਼ਾਹਕੋਟ ਦੇ ਮਾਲਕ ਜਿੰਦਰਪਾਲ ਸਿੰਘ ਟਾਈਪਿਸਟ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦ ਉਹਨਾਂ ਦੇ ਪਿਤਾ ਜੀਤ ਸਿੰਘ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਪਿੰਡ ਨਿਮਾਜੀਪੁਰ ਵਿੱਚ ਕਰ ਦਿੱਤਾ ਗਿਆ।ਜੀਤ ਸਿੰਘ ਨਮਿੱਤ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਨਿਮਾਜੀਪੁਰ (ਸ਼ਾਹਕੋਟ) ਵਿਖੇ 10 ਜਨਵਰੀ ਦਿਨ ਬੁੱਧਵਾਰ ਨੂੰ ਪਾਇਆ ਜਾਵੇਗਾ। ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ।

# ਡੀ ਏ ਵੀ ਸਕੂਲ ਦੇ ਸਟਾਫ ਨੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ



ਫਿਲੌਰ (ਬੀ ਐਸ ਕੈਨੈਡੀ)

ਇਥੋਂ ਦੇ ਡੀ ਏ ਵੀ ਸਕੂਲ ਦੇ ਸਥਾਪਨਾ ਅਤੇ ਪ੍ਰਬੰਧਕੀ ਸਟਾਫ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਪਵਿੱਤਰ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਮੱਥਾ ਟੇਕਿਆ। ਕੜਾਕੇ ਦੀ ਠੰਢ ਦੇ ਬਾਵਜੂਦ ਸਟਾਫ 'ਚ ਜੋਸ਼ ਅਤੇ ਸ਼ਰਧਾ ਭਰੀ ਹੋਈ ਸੀ। ਸਟਾਫ ਨੇ ਸਥਾਨ ਦੇ ਸ਼ਾਂਤ ਸਕਾਰਾਤਮਕਤਾ ਅਤੇ ਅਧਿਆਤਮਿਕ ਮਾਹੌਲ ਦਾ ਅਨੁਭਵ ਕੀਤਾ ਅਤੇ ਕੀਰਤਨ ਦਾ ਅਨੰਦ ਮਾਣਿਆ। ਉਨ੍ਹਾਂ ਸਾਰਿਆਂ ਦੀ ਤੰਦਰੁਸਤੀ ਅਤੇ ਆਉਣ ਵਾਲੇ ਸਾਲਾਂ ਵਿੱਚ ਸਕੂਲ ਦੇ ਸੁਚਾਰੂ ਕੰਮਕਾਜ ਲਈ ਅਰਦਾਸ ਕੀਤੀ। ਉਪਰੰਤ ਉਨ੍ਹਾਂ ਨੇ ਲੰਗਰ ਛਕਿਆ ਅਤੇ ਖੁਸ਼ੀ ਅਨੁਭਵ ਕੀਤੀ। ਇਹ ਸੱਚਮੁੱਚ ਸਾਰਿਆਂ ਲਈ ਇੱਕ ਅਭੁੱਲ ਅਤੇ ਅਨੰਦਦਾਇਕ ਯਾਤਰਾ ਸੀ। ਪ੍ਰਿੰਸੀਪਲ ਡਾ. ਯੋਗੇਸ ਗੰਭੀਰ ਨੇ ਕਿਹਾ ਕਿ ਅਜਿਹੀਆਂ ਯਾਤਰਾਵਾਂ ਦੀ ਹਮੇਸ਼ਾ ਲੋੜ ਹੁੰਦੀ ਹੈ ਤਾਂ ਜੋ ਪੂਰੇ ਜੋਸ਼ ਅਤੇ ਸ਼ਕਤੀ ਨਾਲ ਪਰਮਾਤਮਾ ਨਾਲ ਜੁੜ ਕੇ ਨਵੀਂ ਸ਼ੁਰੂਆਤ ਕੀਤੀ ਜਾ ਸਕੇ।

# ਕਸਬਾ ਬਹਿਰਾਮ ਵਿਖੇ ਬਣ ਰਹੇ ਮਿੱਟੀ ਦੇ ਪੁਲ ਸੰਬੰਧੀ ਧਰਨਾ ਜਾਰੀ

ਬਹਿਰਾਮ (ਅਵਤਾਰ ਕਲੇਰ)

ਨੈਸ਼ਨਲ ਹਾਈਵੇ 344 - ਏ ਨਵਾਂਸ਼ਹਿਰ - ਫਗਵਾੜਾ 'ਤੇ ਕਸਬਾ ਬਹਿਰਾਮ ਵਿਖੇ ਬਣ ਰਿਹਾ ਮਿੱਟੀ ਦੇ ਪੁੱਲ ਦੀ ਬਜਾਏ ਪਿੱਲਰਾਂ ਵਾਲਾ ਪੁੱਲ ਬਣਾਇਆ ਜਾਵੇ, ਕਿਉਂਕਿ ਇਹ ਪੁੱਲ ਬਨਣ ਨਾਲ ਕਸਬਾ ਬਹਿਰਾਮ ਦੋ ਹਿੱਸਿਆਂ ਵਿਚ ਵੰਡਿਆ ਜਾਵੇਗਾ ਅਤੇ ਬਹਿਰਾਮ ਨੂੰ ਰਸਤਾ ਦਿੱਤਾ ਜਾਵੇ। ਇਸ ਸਬੰਧੀ ਸਮੂਹ ਨਗਰ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਵਲੋਂ ਅਣਮਿੱਥੇ ਸਮੇਂ ਲਈ ਲਗਾਤਾਰ ਧਰਨਾ ਜਾਰੀ ਹੈ। ਨਗਰ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਦੀ ਮੁੱਖ ਮੁਸ਼ਕਿਲ ਨੂੰ ਦੇਖਦੇ ਹੋਏ ਸਾਬਕਾ ਮੈਂਬਰ ਰਾਜ ਸਭਾ ਅਵਿਨਾਸ਼ ਰਾਏ ਖੰਨਾ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨ੍ਹਾਂ ਧਰਨਾਕਾਰੀਆਂ ਦੀ ਮੁਸ਼ਕਿਲ ਸੁਣੀ ਤੇ ਵਿਸ਼ਵਾਸ ਦਿਵਾਇਆ ਕਿ ਇਸ ਸੰਬੰਧੀ ਉਹ ਹਾਈਵੇ ਦੇ ਉੱਚ ਅਧਿਕਾਰੀਆਂ ਨਾਲ ਇਸ ਸੰਬੰਧੀ ਵਿਚਾਰ ਵਟਾਂਦਰਾ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਇਸ ਮਸਲੇ ਨੂੰ ਹੱਲ ਕਰਨ ਲਈ ਜੇ ਮੈਨੂੰ ਦਿੱਲੀ ਵੀ ਜਾਣਾ ਪਿਆ ਤਾਂ ਮੈਂ ਜਾਵਾਂਗਾ, ਇਲਾਕੇ ਦੀ ਇਹ ਸਮੱਸਿਆ ਮੈਂ ਜਰੂਰ ਹੱਲ ਕਰਾਵਾਂਗਾ। ਉਪਰੰਤ ਧਰਨਾਕਾਰੀਆਂ ਵਲੋਂ ਉਨ੍ਹਾਂ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਪੂਨਮ ਮਨਿਕ ਸਪੋਕਸ ਪਰ,ਨ ਬੀ ਜੇ ਪੀ ਪੰਜਾਬ, ਹਲਕਾ ਇੰਚਾਰਜ ਪ੍ਰਿਤਪਾਲ ਬਜਾਜ ਜ਼ਿਲ੍ਹਾ ਸੱਕਤਰ ਬੀ ਜੇ ਪੀ, ਹਿੰਮਤ ਕੁਮਾਰ ਐੱਮ ਸੀ ਬੰਗਾ, ਰਾਜੀਵ ਸ਼ਰਮਾ ਸ੍ਰੀਧਰ ਕੁਲਥਮ ਮੰਡਲ ਪ੍ਰਧਾਨ ਬਹਿਰਾਮ, ਲਾਲੀ ਬਹਿਰਾਮ , ਬੀਬੀ ਅਕਵਿੰਦਰ ਕੌਰ ਸਰਪੰਚ ਬਹਿਰਾਮ, ਅਮਰਜੀਤ ਸਿੰਘ ਲੇਹਲ, ਕਾਮਰੇਡ ਅਵਤਾਰ ਸਿੰਘ ਕੱਟ, ਹਰਬੰਸ ਲਾਲ ਜਿਲੇਦਾਰ, ਜਸਵੀਰ ਸਿੰਘ ਨਾਗਰਾ, ਸੁਖਵਿੰਦਰ ਸਿੰਘ ਰੰਧਾਵਾ, ਪਰਮਜੀਤ ਕੌਰ ਸਾਬਕਾ ਸਰਪੰਚ, ਅਮਰਜੀਤ ਸਿੰਘ ਪੂੰਨੀ, ਰਾਜਿੰਦਰ ਸਿੰਘ ਅਟਵਾਲ, ਚਰਨਜੀਤ ਸਿੰਘ ਰੰਧਾਵਾ, ਹਰਜੀਤਪਾਲ ਸਿੰਘ ਕਾਹਲੋਂ, ਗੁਰਮਿੰਦਰ ਸਿੰਘ ਡਿੰਪਲ ਮੱਲਾ ਸੋਢੀਆਂ, ਸੁਖਦੇਵ ਸਿੰਘ ਮੱਲਾ ਸੋਢੀਆਂ ਮੈਂਬਰ ਬਲਾਕ ਸੰਮਤੀ ਬੰਗਾ, ਨਿਰਮਲ ਸਿੰਘ ਨਿੰਮਾ, ਬਲਦੇਵ ਸਿੰਘ ਅਟਵਾਲ, ਪਾਸਟਰ ਸੁਰਿੰਦਰ ਰਾਮ ਦਵਿੰਦਰ ਬਤਰਾ, ਮੋਹਣ ਲਾਲ ਭੁੱਟਾ, ਤਰਸੇਮ ਲਾਲ ਪੰਚ ਬਲਜਿੰਦਰ ਕੁਮਾਰ ਪੰਚ, ਜਸਵਿੰਦਰ ਸਿੰਘ, ਮਲਕੀਤ ਸਿੰਘ ਅਟਵਾਲ, ਧਰਮ ਪਾਲ ਤਲਵੰਡੀ ਜੱਟਾਂ, ਰਣਵੀਰ ਸਿੰਘ, ਕੁਲਦੀਪ ਚੁੰਬਰ , ਡਾ. ਭੁਪਿੰਦਰ ਕੁਮਾਰ, ਬੀਬੀ ਸੁਰਜੀਤ ਕੌਰ, ਸ਼ੀਲਾ ਦੇਵੀ, ਜਗੀਰ ਕੌਰ, ਹਰਭਜਨ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ, ਹਰਭਜਨ ਕੌਰ ਬਲਦੀਸ਼ ਕੌਰ, ਸੁਖਵਿੰਦਰ ਕੌਰ, ਪਰਵਿੰਦਰ ਕੌਰ, ਮਨਪ੍ਰੀਤ ਕੌਰ, ਸਰਬਜੀਤ ਕੌਰ, ਰਣਜੀਤ ਕੌਰ, ਸਿਮਰਜੀਤ ਕੌਰ, ਹਰਿਮੰਦਰ ਕੌਰ, ਸੀਮਾ ਰਾਣੀ, ਰਜਨੀ ਬਾਲਾ, ਰਾਜ ਰਾਣੀ, ਪਰਮਜੀਤ ਕੌਰ ਸਮੂਹ ਇਲਾਕਾ ਨਿਵਾਸੀ, ਨਗਰ ਨਿਵਾਸੀ ਆਦਿ ਹਾਜ਼ਰ ਸਨ।




# ਮਾਈਨਿੰਗ ਲਈ ਪਿੰਡਾਂ ਦੇ ਲੋਕਾਂ ਦੀ ਸਹਿਮਤੀ ਨੂੰ ਜਨਤਕ ਕੀਤਾ ਜਾਵੇ : ਭਲਾਣ

ਨੰਗਲ (ਸੁਰਜੀਤ ਸਿੰਘ ਢੇਰ)

ਇਲਾਕਾ ਸੰਘਰਸ਼ ਕਮੇਟੀ ਦੀ ਇੱਕ ਅਹਿਮ ਮੀਟਿੰਗ ਪਿੰਡ ਅਜੌਲੀ ਵਿਖੇ ਸਾਥੀ ਤਰਸੇਮ ਲਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਟਿੱਕਾ ਯਸਵੀਰ ਚੰਦ ਭਲਾਣ, ਕਾਮਰੇਡ ਸੁਰਜੀਤ ਸਿੰਘ ਢੇਰ ਹਾਜ਼ਰ ਹੋਏ। ਉਹਨਾਂ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦੇ ਦਬਾਅ ਸਦਕਾ ਹੁਣ ਮਾਈਨਿੰਗ ਕਰਨ ਲਈ ਪਿੰਡਾਂ ਦੇ ਲੋਕਾਂ ਦੀ ਸਹਿਮਤੀ ਲੈਣੀ ਜਰੂਰੀ ਬਣ ਗਈ ਹੈ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਪ੍ਰਸ਼ਾਸਨ ਸਹਿਮਤੀ ਲੈਣ ਦੀ ਪ੍ਰਕਿਰਿਆ ਨੂੰ ਲੋਕਾਂ ਕੋਲੋਂ ਲੁਕੋ ਰਿਹਾ ਹੈ। ਜਿਸ ਦੀ ਮਿਸਾਲ ਦਿੰਦਿਆਂ ਦੱਸਿਆ ਗਿਆ ਹੈ ਕਿ ਪਿੰਡ ਖੇੜਾ ਵਿਖੇ ਜਨਤਕ ਸੁਣਵਾਈ ਇੱਕ ਕਰੈਸ਼ਰ 'ਤੇ ਕੀਤੀ ਗਈ ਹੈ ਜੋ ਕਿ ਸਰਾਸਰ ਪਿੰਡ ਵਾਸੀਆਂ ਨਾਲ ਧੱਕਾ ਹੈ। ਇਸ ਲਈ ਮਾਈਨਿੰਗ ਲਈ ਜਨਤਕ ਸੁਣਵਾਈ ਨੂੰ ਲੋਕਾਂ ਵਿੱਚ ਪ੍ਰਚਾਰਿਆ ਜਾਵੇ ਪਿੰਡਾਂ ਦੀ ਸਾਂਝੀਆਂ ਜਗ੍ਹਾ 'ਤੇ ਲੋਕਾਂ ਦੀ ਸਹਿਮਤੀ ਲਈ ਜਾਵੇ।ਟਿੱਕਾ ਯਸਵੀਰ ਚੰਦ ਨੇ ਦੱਸਿਆ ਕਿ ਮਾਈਨਿੰਗ ਦਾ ਇੱਕ ਅਸੂਲ ਹੈ ਜੇ ਭਰਭਾਈ ਨਹੀਂ ਤੇ ਖੁਦਾਈ ਵੀ ਨਹੀਂ। ਨੰਗਲ ਤੋਂ ਹਰਸਾ ਵੇਲਾ ਸਤਲੁਜ ਦਰਿਆ 20 ਕਿਲੋਮੀਟਰ ਦੇ ਵਿੱਚ ਸਰਕਾਰ ਨੇ 33 ਮਾਈਨਿੰਗ ਸਾਈਟਾਂ ਵਿੱਚ 395 ਕਿੱਲੇ ਵਾਹੀਯੋਗ ਜਮੀਨ ਦੇ ਪਾਏ ਹਨ ਇਸੇ ਤਰ੍ਹਾਂ ਪਿੰਡ ਖੇੜਾ ਤੋਂ ਭਲਾਣ ਤੱਕ 22 ਸਾਈਟਾਂ ਤੇ 674 ਕਿੱਲੇ ਜਮੀਨ ਮਾਈਨਿੰਗ ਲਈ ਮਿਥੀ ਗਈ ਹੈ ਜੋ ਕਿ ਖੇਤੀ ਵਾਲੀ ਹੀ ਜਮੀਨ ਹੈ।ਇਸ ਲਈ ਇਲਾਕੇ ਵਿੱਚ ਕੁਦਰਤੀ ਵਾਤਾਵਰਨ ਨੂੰ ਦੇਖਦੇ ਹੋਏ ਮਾਈਨਿੰਗ ਨਾ ਕੀਤੀ ਜਾਵੇ। ਉਹਨਾਂ ਨੇ ਦੱਸਿਆ ਕਿ ਪਹਿਲਾਂ ਹੀ ਸਵਾਂ ਨਦੀ ਦੇ ਵਿੱਚ 50-50 ਫੁੱਟ ਡੂੰਘੇ ਖੱਡੇ ਪਏ ਪੈ ਗਏ ਹਨ। ਕਾਨੂੰਨ ਦੀਆਂ ਧੱਜੀਆਂ ਉਡਾ ਕੇ ਗੈਰ ਕਾਨੂੰਨੀ ਮਾਈਨਿੰਗ ਸਰਕਾਰ ਤੇ ਪ੍ਰਸ਼ਾਸਨ ਦੇ ਇਸ਼ਾਰੇ ਨਾਲ ਹੋ ਚੁੱਕੀ ਹੈ ਤੇ ਹੁਣ ਉਹ ਵੀ ਰਹੀ ਹੈ। ਉਹਨਾਂ ਨੇ ਕਿਹਾ ਕਿ ਮਾਈਨਿੰਗ ਨਾਲ ਇਲਾਕਾ ਤਬਾਹ ਹੋ ਹੁੰਦਾ ਜਾ ਰਿਹਾ ਹੈ ਇਸ ਲਈ ਲੋਕਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਗੈਰ ਕਾਨੂੰਨੀ ਮਾਈਨਿੰਗ ਦਾ ਵਿਰੋਧ ਕਰਨਾ ਚਾਹੀਦਾ ਹੈ ਜੋ ਸਰਕਾਰ ਪ੍ਰਸ਼ਾਸਨ ਨੇ ਜਨਤਕ ਸੁਣਵਾਈ ਕਰਨੀ ਹੈ ਉਸ ਨੂੰ ਵੱਡੇ ਪੱਧਰ ਤੇ ਜਨਤਕ ਕੀਤਾ ਜਾਵੇ ਅਤੇ ਪਿੰਡਾਂ ਦੇ ਲੋਕਾਂ ਦੀ ਰਾਏ ਲਈ ਜਾਵੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਜਿੰਦਬੜੀ, ਜੈ ਕਿਸ਼ਨ ਭਾਰਦਵਾਜ,ਸ਼ਾਮ ਸਿੰਘ, ਦਰਸ਼ਨ ਸਿੰਘ, ਰਾਮਪਾਲ, ਰਾਜਕੁਮਾਰ,ਨਰਿੰਦਰ ਕੁਮਾਰ ਨਿੰਦੀ ਵੀ ਹਾਜ਼ਰ ਸਨ।



# ਅੱਠ ਕੈਡਿਟ ਐਨ ਡੀ ਏ ਸਮੇਤ ਹੋਰ ਸਰਵਿਸਿਜ਼ ਟਰੇਨਿੰਗ ਅਕੈਡਮੀਆਂ 'ਚ ਹੋਏ ਸ਼ਾਮਲ

ਚੰਡੀਗੜ੍ਹ, (ਗੁਰਜੀਤ ਬਿੱਲਾ)

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.), ਐਸ.ਏ.ਐਸ. ਨਗਰ (ਮੁਹਾਲੀ) ਦੇ ਅੱਠ ਕੈਡਿਟ ਪਿਛਲੇ ਦੋ ਹਫਤਿਆਂ ਦੌਰਾਨ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.), ਟੈਕਨੀਕਲ ਐਂਟਰੀ ਸਕੀਮ (ਟੀ.ਈ.ਐਸ.) ਤਹਿਤ ਕੈਡਿਟ ਟ੍ਰੇਨਿੰਗ ਵਿੰਗਜ (ਸੀ.ਟੀ.ਡਬਲਿਊ.) ਅਤੇ ਏਅਰ ਫੋਰਸ ਅਕੈਡਮੀ (ਏ.ਐਫ.ਏ.) ਵਿੱਚ ਸ਼ਾਮਲ ਹੋਏ ਹਨ। ਇਨ੍ਹਾਂ ਅੱਠ ਕੈਡਿਟਾਂ ਦੇਸ਼ ਸ਼ਾਮਲ ਹੋਣ ਨਾਲ ਇਸ ਇੰਸਟੀਚਿਊਟ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੁੱਲ 226 ਕੈਡਿਟ ਵੱਖ-ਵੱਖ ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿੱਚ ਸ਼ਾਮਲ ਹੋ ਚੁੱਕੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਸੰਸਥਾ ਦੇ 147 ਸਾਬਕਾ ਕੈਡਿਟ ਰੱਖਿਆ ਸੇਵਾਵਾਂ ਵਿੱਚ ਅਫਸਰ ਵਜੋਂ ਭਰਤੀ ਹੋਏ ਹਨ। 54.89% ਦੀ ਚੋਣ ਦਰ ਨਾਲ, ਐਮ.ਆਰ.ਐਸ.ਏ.ਐਫ.ਪੀ.ਆਈ. ਦੇਸ ਦੀ ਸਭ ਤੋਂ ਸਫ਼ਲ ਸੰਸਥਾ ਵਜੋਂ ਉਭਰੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਵਿੱਚ ਚੁਣੇ ਜਾਣ ਵਾਲੇ ਪੰਜ ਕੈਡਿਟਾਂ ਵਿੱਚ ਤੇਜਿੰਦਰਪਾਲ ਸਿੰਘ, ਅਸਮਿਤ, ਲਕਸਯ ਕੁਮਾਰ ਸਰਮਾ, ਵਿਸਵਾਸ ਮਿੱਤਲ ਅਤੇ ਮੋਕਸ ਸੈਣੀ ਸਾਮਲ ਹਨ। ਦੋ ਕੈਡਿਟਾਂ ਸਕਸਮ ਮਲਿਕ ਅਤੇ ਮਹਿਤਾਬ ਸਿੰਘ ਸਿੱਧੂ ਨੇ ਟੈਕਨੀਕਲ ਐਂਟਰੀ ਸਕੀਮ (ਟੀ.ਈ.ਐਸ.) ਤਹਿਤ ਕੈਡਿਟ ਟ੍ਰੇਨਿੰਗ ਵਿੰਗਜ ਵਿੱਚ ਸੀਟਾਂ ਹਾਸਲ ਕੀਤੀਆਂ ਹਨ ਜਦੋਂ ਕਿ ਗੁਰਸ਼ੇਰ ਸਿੰਘ ਚੀਮਾ ਏਅਰ ਫੋਰਸ ਅਕੈਡਮੀ (ਏ.ਐਫ.ਏ.) ਵਿੱਚ ਸ਼ਾਮਲ ਹੋਏ। ਵੱਖ-ਵੱਖ ਅਕੈਡਮੀਆਂ ਵਿੱਚ ਸ਼ਾਮਲ ਹੋਣ ਉੱਤੇ ਵਧਾਈ ਦਿੰਦਿਆਂ ਅਮਨ ਅਰੋੜਾ ਨੇ ਇਨ੍ਹਾਂ ਸਾਰੇ ਕੈਡਿਟਾਂ ਨੂੰ ਉਹਨਾਂ ਦੀ ਸਿਖਲਾਈ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਨਵੇਂ ਮੌਕੇ ਦੇ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ.ਚੌਹਾਨ, ਵੀ.ਐਸ.ਐਮ (ਸੇਵਾਮੁਕਤ) ਨੇ ਕੈਡਿਟਾਂ ਨੂੰ ਆਪਣੇ ਫਰਜ 'ਤੇ ਖਰਾ ਉਤਰਨ, ਪੰਜਾਬ ਦੇ ਯੋਗ ਸਪੂਤ ਅਤੇ ਰਾਸ਼ਟਰ ਦੇ ਸੱਚੇ ਸਿਪਾਹੀ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਇੰਸਟੀਚਿਊਟ ਦੇ ਨਵੇਂ ਕੋਰਸ (14ਵੇਂ ਕੋਰਸ) ਲਈ ਦਾਖ਼ਲਾ ਪ੍ਰੀਖਿਆ 14 ਜਨਵਰੀ, 2024 ਨੂੰ ਹੋਣੀ ਹੈ, ਜਿਸ ਲਈ 4100 ਤੋਂ ਵੱਧ ਉਮੀਦਵਾਰਾਂ ਨੇ ਅਪਲਾਈ ਕੀਤਾ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ।



# ਵਿਸ਼ਵਾਸ ਫਾਊਂਡੇਸ਼ਨ ਨੇ ਸੂਰਜਪੁਰ 'ਚ ਲੋੜਵੰਦਾਂ ਨੂੰ 100 ਗਰਮ ਕੰਬਲ ਵੰਡੇ



ਪੰਚਕੂਲਾ (ਕ੍ਰਿਸ਼ਨ ਗਰਗ)

ਕੜਾਕੇ ਦੀ ਠੰਡ ਦੇ ਮੱਦੇਨਜ਼ਰ ਅਤੇ ਹਮੇਸ਼ਾ ਮਨੁੱਖਤਾ ਦੀ ਸੇਵਾ ਕਰਨ ਦੇ ਉਦੇਸ਼ ਅਤੇ ਸਮਰਪਣ ਅਤੇ ਸਹਿਯੋਗ ਦੇ ਉਦੇਸ਼ ਨਾਲ ਵਿਸ਼ਵਾਸ ਫਾਊਂਡੇਸ਼ਨ ਵੱਲੋਂ ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਦੇ ਆਸ਼ੀਰਵਾਦ ਨਾਲ ਸੂਰਜਪੁਰ ਵਿਖੇ ਠੰਡ ਤੋਂ ਬਚਾਅ ਲਈ 100 ਗਰਮ ਕੰਬਲ ਵੰਡੇ ਗਏ। ਪੰਚਕੂਲਾ ਕਾਲਕਾ ਰੋਡ 'ਤੇ ਸਥਿਤ ਸੂਰਜਪੁਰ ਵਿੱਚ ਤਰਪਾਲਾਂ ਨਾਲ ਬਣੀਆਂ ਝੁੱਗੀਆਂ ਵਿੱਚ ਰਹਿੰਦੇ ਲੋੜਵੰਦ ਪਰਵਾਰਾਂ ਨੂੰ ਇਹ ਕੰਬਲ ਵੰਡੇ ਗਏ। ਕੰਬਲ ਮਿਲਦੇ ਹੀ ਸਾਰਿਆਂ ਦੇ ਚਿਹਰਿਆਂ 'ਤੇ ਰਾਹਤ ਅਤੇ ਖੁਸ਼ੀ ਨਜ਼ਰ ਆ ਰਹੀ ਸੀ।ਹਰ ਕੋਈ ਇਨ੍ਹਾਂ ਬੇਸਹਾਰਾ ਅਤੇ ਵਾਂਝੇ ਲੋਕਾਂ ਵੱਲ ਧਿਆਨ ਦੇਣ ਤੋਂ ਅਸਮਰੱਥ ਹੈ।ਇਹ ਨੇਕ ਕਾਰਜ ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਦੇ ਨਿਰਦੇਸ਼ਨ ਹੇਠ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਲੋੜਵੰਦਾਂ ਨੂੰ 1300 ਕੰਬਲ ਵੰਡੇ ਜਾਂਦੇ ਹਨ ਅਤੇ ਇਸ ਸਾਲ ਵੀ 1100 ਕੰਬਲ ਲੋੜਵੰਦਾਂ ਨੂੰ ਵੰਡੇ ਗਏ ਹਨ। ਲੋੜਵੰਦਾਂ ਦੀ ਮੱਦਦ ਕਰਕੇ ਹੀ ਆਪਣੀ ਖੁਸ਼ੀ ਪ੍ਰਾਪਤ ਕਰਨਾ ਸਾਡਾ ਪਰਮ ਧਰਮ ਹੋਣਾ ਚਾਹੀਦਾ ਹੈ। ਵਿਸ਼ਵਾਸ ਫਾਊਂਡੇਸ਼ਨ ਹਮੇਸ਼ਾ ਨਿਰਸਵਾਰਥ ਭਾਵਨਾ ਨਾਲ ਕੰਮ ਕਰਦੀ ਹੈ। ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਦੇ ਬਹੁਤ ਸਾਰੇ ਪੈਰੋਕਾਰ ਮੌਜੂਦ ਸਨ।

# ਹਰਮੇਸ਼ ਸਿੰਘ ਬਾਗਲਾ ਤੇ ਉਨ੍ਹਾਂ ਦੀ ਪਤਨੀ ਦੀਪਕਾਸ਼ੀ ਸਿੰਘ ਸਨਮਾਨਤ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )

ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਰਜਿ. ਰੇਲ ਕੋਚ ਫੈਕਟਰੀ, ਕਪੂਰਥਲਾ ਵਲੋਂ ਲੰਬੇ ਸਮੇਂ ਤੋਂ ਸਮਾਜ ਪ੍ਰਤੀ ਨਿਭਾਈਆਂ ਗਈਆਂ ਸੇਵਾਵਾਂ ਨੂੰ ਦੇਖਦੇ ਹੋਏ ਹਰਮੇਸ਼ ਸਿੰਘ ਬਾਗਲਾ ਅਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਦੀਪਕਾਸ਼ੀ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਅਤੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਦੱਸਿਆ ਕਿ ਹਰਮੇਸ਼ ਸਿੰਘ ਨੇ ਆਫਿਸ ਸੁਪਰਡੈਂਟ ਦੇ ਤੌਰ 'ਤੇ ਜਿੱਥੇ 37 ਸਾਲ ਰੇਲਵੇ ਵਿੱਚ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਦਿੱਤੀਆਂ ਉੱਥੇ ਸਮਾਜ ਦੀਆਂ ਜਾਇਜ ਅਤੇ ਹੱਕੀ ਮੰਗਾਂ ਲਈ ਹਮੇਸ਼ਾ ਡੱਟ ਕੇ ਪਹਿਰਾ ਦਿੱਤਾ।ਸਪੋਰਟਸ ਅਧਿਕਾਰੀ ਅਤੇ ਪੀ ਐਫ ਏ ਜੀ. ਐਸ. ਹੀਰਾ ਨੇ ਹਰਮੇਸ਼ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਲੋਕ ਖੁਸ਼ ਕਿਸਮਤ ਹਨ ਜੋ ਆਪਣੀ 60 ਸਾਲ ਦੀ ਉਮਰ ਪੂਰੀ ਕਰਕੇ ਖੁਸ਼ੀ-ਖੁਸ਼ੀ ਆਪਣੇ ਪਰਵਾਰ ਨਾਲ ਅਗਲਾ ਜੀਵਨ ਬਤੀਤ ਕਰਨਗੇ।ਹਰਮੇਸ਼ ਸਿੰਘ ਨੇ ਸੋਸਾਇਟੀ ਵੱਲੋਂ ਕੀਤੇ ਗਏ ਮਾਣ ਸਨਮਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਭਵਿੱਖ ਵਿੱਚ ਸਮਾਜ ਦੇ ਹੋਣਹਾਰ ਤੇ ਜ਼ਰੂਰਤਮੰਦ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਯਤਨ ਜਾਰੀ ਰੱਖਾਂਗਾ। ਉਨ੍ਹਾਂ ਨੇ ਸੋਸਾਇਟੀ ਵੱਲੋਂ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਆਰਥਿਕ ਸਹਿਯੋਗ ਵੀ ਕੀਤਾ। ਸੁਸਾਇਟੀ ਵਲੋਂ ਯਾਦਗਾਰੀ ਚਿੰਨ੍ਹ ਅਤੇ ਮਿਸ਼ਨਰੀ ਪੁਸਤਕਾਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ 'ਤੇ ਸੋਸਾਇਟੀ ਦੇ ਸਕੱਤਰ ਪੂਰਨ ਚੰਦ ਬੋਧ, ਅਸ਼ੋਕ ਭਾਰਤੀ, ਵੇਦ ਕੁਮਾਰ, ਕਲਾਕਾਰ ਬਲਦੇਵ ਸੀਕਰੀ, ਸ਼੍ਰੀਮਤੀ ਪਰਨੀਤਾ ਸਿੰਘ ਅਤੇ ਅਭਿਸ਼ੇਕ ਜੈਨ ਆਦਿ ਹਾਜ਼ਰ ਸਨ।

